PAIGAM-E-JAGAT

ਪੈ.ਗਾਮ-ਏ-ਜਗਤ

"ਜਿਹੜੇ ਲੋਕ ਗਲਤੀਆਂ ਕਰਨ ਤੋਂ ਨਹੀਂ ਡਰਦੇ, ਉਹ ਲੋਕ ਹੀ ਸਹੀ ਕੰਮ ਕਰਨ ਦੀ ਹਿੰਮਤ ਰੱਖਦੇ ਹਨ।"

Title code : CHAMUL00914 | E-mail : Info@paigamejagat.com | 24 ਤੋਂ 30 ਸਤੰਬਰ, 2026, ਸਾਲ-4, ਅੰਕ-8, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ ਵਿਰੁੱਧ ਦਰਜ ਐਫ.ਆਈ.ਆਰ. ਦੀ ਜਾਂਚ ਕਰੇਗੀ ਐਸ.ਆਈ.ਟੀ. : ਮਾਨ

ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਵਫ਼ਦ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਕੀਤੀ ਮੁਲਾਕਾਤ



ਚੰਡੀਗੜ੍ਹ, 23 ਸਤੰਬਰ (ਪੈ.ਗਾਮ-ਏ-ਜਗਤ)

ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਵਫ਼ਦ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕੀਤੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ 'ਤੇ ਲੱਗੇ ਦੋਸ਼ਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਗਠਿਤ ਕਰਨ ਲਈ ਉਨ੍ਹਾਂ ਦੇ ਦਖ਼ਲ ਦੀ ਮੰਗ ਕੀਤੀ। ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ, ਜਨਰਲ ਸਕੱਤਰ ਦਵਿੰਦਰ ਸਿੰਘ ਸੋਢੀ ਤੇ ਭੁਪਿੰਦਰ ਸਿੰਘ ਸ਼ੇਖੂਪੁਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਮੈਂਬਰ ਮਾਸਟਰ ਮਿੱਠੂ ਸਿੰਘ ਕਾਹਨੇਕੇ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਜਸਵੰਤ ਸਿੰਘ 'ਤੇ ਆਧਾਰਤ ਵਫ਼ਦ ਨੇ ਮੁੱਖ ਮੰਤਰੀ ਨਾਲ ਮੁਲਾਕਾਤ ਕਰਕੇ ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ ਵਿਰੁੱਧ ਦਰਜ ਐਫ.ਆਈ.ਆਰ. ਅਤੇ ਇਸ ਤੋਂ ਬਾਅਦ ਦੇ ਘਟਨਾਕ੍ਰਮ ਦੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵੱਲੋਂ ਉੱਚ-ਪੱਧਰੀ ਅਤੇ ਨਿਰਪੱਖ ਜਾਂਚ ਦੀ ਮੰਗ ਕਰਦਾ ਮੰਗ ਪੱਤਰ ਸੌਂਪਿਆ।

ਵਫ਼ਦ ਨੇ ਕਿਹਾ, "ਪਿਛਲੇ ਕਈ ਦਿਨਾਂ ਤੋਂ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਵਿਦੇਸ਼ ਤੋਂ ਆਈ ਔਰਤ ਨਾਲ ਕਥਿਤ ਤੌਰ 'ਤੇ ਜਬਰ-ਜਨਾਹ ਦੇ ਅਮਰਜੀਤ ਸਿੰਘ ਚਾਵਲਾ 'ਤੇ ਲੱਗੇ ਦੋਸ਼ਾਂ ਸਬੰਧੀ ਗੰਭੀਰ ਚਰਚਾ ਚੱਲ ਰਹੀ ਹੈ। ਇਹ ਪੂਰਾ ਘਟਨਾਕ੍ਰਮ ਅਤੇ ਇਸ ਸਬੰਧੀ ਮੀਡੀਆ ਰਿਪੋਰਟਾਂ ਕਈ ਗੰਭੀਰ ਸਵਾਲ ਖੜ੍ਹੇ ਕਰਦੀਆਂ ਹਨ, ਜਿਨ੍ਹਾਂ ਦੀ ਉੱਚ-ਪੱਧਰੀ ਜਾਂਚ ਜ਼ਰੂਰੀ ਹੈ। ਉਨ੍ਹਾਂ ਅੱਗੇ ਕਿਹਾ, "ਪੂਰੇ ਮਾਮਲੇ ਦੀ ਸੱਚਾਈ ਜਨਤਾ ਦੇ ਸਾਹਮਣੇ ਲਿਆਉਣ ਲਈ ਇੱਕ ਸੀਨੀਅਰ, ਇਮਾਨਦਾਰ ਅਤੇ ਨਿਰਪੱਖ ਅਧਿਕਾਰੀ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਗਠਿਤ ਕੀਤੀ ਜਾਣੀ ਚਾਹੀਦੀ ਹੈ। ਜਾਂਚ 15 ਦਿਨਾਂ ਦੇ ਅੰਦਰ ਤੇਜ਼ੀ ਨਾਲ ਪੂਰੀ ਕੀਤੀ ਜਾਵੇ ਅਤੇ ਕਾਨੂੰਨ ਅਨੁਸਾਰ ਦੋਸ਼ੀ ਪਾਏ ਜਾਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

ਜਲੰਧਰ ਵਿੱਚ ਆਮ ਆਦਮੀ ਪਾਰਟੀ ਹੋਈ ਹੋਰ ਮਜ਼ਬੂਤ

ਜਲੰਧਰ, 23 ਸਤੰਬਰ (ਪੈ.ਗਾਮ-ਏ-ਜਗਤ)

ਜਲੰਧਰ ਵਿੱਚ ਅਕਾਲੀ ਦਲ ਨੂੰ ਉਸ ਸਮੇਂ ਵੱਡਾ ਸਿਆਸੀ ਝੱਟਕਾ ਲੱਗਿਆ ਜਦੋਂ ਇਲਾਕੇ ਦੇ ਪ੍ਰਮੁੱਖ ਅਤੇ ਟਕਸਾਲੀ ਅਕਾਲੀ ਪਰਿਵਾਰ ਨਾਲ ਸੰਬੰਧਤ ਰਣਤੇਜ ਸਿੰਘ ਪੋਵਾਰ ਆਪਣੇ ਸਾਥੀਆਂ ਨਾਲ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।ਉਹ ਗਿਆਨੀ ਸ਼ੰਕਰ ਸਿੰਘ ਜੀ ਦੇ ਪੜਪੋਤੇ ਅਤੇ ਸਰਦਾਰ ਬੀਰ ਸਿੰਘ ਜੀ ਦੇ ਪੋਤੇ ਹਨ।ਮੁੱਖ ਮੰਤਰੀ ਭਗਵੰਤ ਮਾਨ ਨੇ ਰਣਤੇਜ ਸਿੰਘ ਪੋਵਾਰ ਦਾ ਪਾਰਟੀ ਵਿੱਚ ਰਸਮੀ ਤੌਰ 'ਤੇ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਸਿਰੋਪਾਓ ਪਾ ਕੇ 'ਆਪ' ਵਿੱਚ ਸ਼ਾਮਲ ਕਰਵਾਇਆ। ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਆਮ ਆਦਮੀ ਪਾਰਟੀ ਪੰਜਾਬ ਦੇ ਵਿਕਾਸ, ਭ੍ਰਿਸ਼ਟਾਚਾਰ ਮੁਕਤ ਸ਼ਾਸਨ ਅਤੇ ਲੋਕਾਂ ਦੀ ਸੇਵਾ ਲਈ ਵਚਨਬੱਧ ਹੈ। ਸਾਡੀ ਸਰਕਾਰ ਦੀਆਂ ਜਨ-ਹਿੱਤੈਸ਼ੀ ਨੀਤੀਆਂ ਅਤੇ ਇਮਾਨਦਾਰ ਰਾਜਨੀਤੀ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਖੇਤਰਾਂ ਦੀਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਇਮਾਨਦਾਰ ਆਗੂ ਲਗਾਤਾਰ ਪਾਰਟੀ ਨਾਲ ਜੁੜ ਰਹੇ ਹਨ। ਰਣਤੇਜ ਸਿੰਘ ਪੋਵਾਰ ਵਰਗੇ ਸੂਝਵਾਨ ਅਤੇ ਪਰੰਪਰਾਗਤ ਪਰਿਵਾਰਕ ਪਿਛੋਕੜ ਵਾਲੇ ਆਗੂ ਦੇ ਆਉਣ ਨਾਲ ਜਲੰਧਰ ਅਤੇ ਆਸ-ਪਾਸ ਦੇ ਖੇਤਰ ਵਿੱਚ ਪਾਰਟੀ ਸੰਗਠਨ ਨੂੰ ਹੋਰ ਬਲ ਮਿਲੇਗਾ। ਅਸੀਂ ਸਭ ਮਿਲ ਕੇ ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਲਈ ਦਿਨ-ਰਾਤ ਕੰਮ ਕਰਦੇ ਰਹਾਂਗੇ।



ਰਾਮ ਮੰਦਰ ਚੜ੍ਹਾਵਾ ਚੋਰੀ ਮਾਮਲਾ, 74 ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਦਾਖਲ

8 ਜਣਿਆਂ ਨੂੰ ਬਣਾਇਆ ਗਿਆ ਮੁਲਜ਼ਮ, ਚਾਰਜਸ਼ੀਟ 'ਤੇ ਵਕੀਲਾਂ ਨੇ ਖੜ੍ਹੇ ਕੀਤੇ ਸਵਾਲ

ਅਯੁੱਧਿਆ, 23 ਸਤੰਬਰ (ਪੈ.ਗਾਮ-ਏ-ਜਗਤ)

ਅਯੁੱਧਿਆ ਦੇ ਰਾਮ ਮੰਦਰ ਚੜ੍ਹਾਵਾ ਚੋਰੀ ਮਾਮਲੇ ਵਿੱਚ ਪੁਲਿਸ ਨੇ ਐਂਟੀ ਕਰੱਪਸ਼ਨ ਕੋਰਟ ਵਿੱਚ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ। ਚਾਰਜਸ਼ੀਟ ਦਾਖਲ ਹੋਣ ਤੋਂ ਬਾਅਦ ਹੁਣ ਇਸ ਨੂੰ ਲੈ ਕੇ ਵਕੀਲਾਂ ਨੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਬਾਰ ਐਸੋਸੀਏਸ਼ਨ ਦੇ ਪ੍ਰਧਾਨ ਕਾਲਿਕਾ ਪ੍ਰਸਾਦ ਤਿਵਾਰੀ ਦੀ ਅਗਵਾਈ ਵਿੱਚ ਵਕੀਲਾਂ ਦੇ ਪੈਨਲ ਨੇ ਚਾਰਜਸ਼ੀਟ 'ਤੇ ਵਿਚਾਰ-ਵਟਾਂਦਰਾ ਕੀਤਾ। ਵਕੀਲਾਂ ਦਾ ਦੋਸ਼ ਹੈ ਕਿ ਜਿਨ੍ਹਾਂ ਲੋਕਾਂ ਖਿਲਾਫ ਜਾਂਚ ਦੀ ਮੰਗ ਕੀਤੀ ਗਈ ਸੀ, ਉਨ੍ਹਾਂ ਨੂੰ ਹੀ ਮਾਮਲੇ ਵਿੱਚ ਗਵਾਹ ਬਣਾ ਦਿੱਤਾ ਗਿਆ ਹੈ। ਇਸ ਨੂੰ ਲੈ ਕੇ ਵਕੀਲਾਂ ਵਿੱਚ ਨਰਾਜ਼ਗੀ ਹੈ। ਬਾਰ ਐਸੋਸੀਏਸ਼ਨ ਦੇ ਪ੍ਰਧਾਨ ਕਾਲਿਕਾ ਪ੍ਰਸਾਦ ਤਿਵਾਰੀ ਦੀ ਅਗਵਾਈ ਵਿੱਚ ਵਕੀਲਾਂ ਦੇ ਇੱਕ ਪੈਨਲ ਨੇ ਚਾਰਜਸ਼ੀਟ 'ਤੇ ਚਰਚਾ ਕੀਤੀ। ਲਗਭਗ 70 ਮਿੰਟ ਤੱਕ ਚੱਲੀ ਬਹਿਸ ਵਿੱਚ ਵਕੀਲਾਂ ਨੇ ਪੜਤਾਲ ਅਤੇ ਚਾਰਜਸ਼ੀਟ ਵਿੱਚ ਕਈ ਕਮੀਆਂ ਹੋਣ ਦਾ ਦਾਅਵਾ ਕੀਤਾ। ਵਕੀਲਾਂ ਦਾ ਕਹਿਣਾ ਹੈ ਕਿ ਤਤਕਾਲੀ ਰਾਮ ਮੰਦਰ ਤੀਰਥ ਖੇਤਰ ਟਰੱਸਟ ਨਾਲ ਜੁੜੇ ਚੰਪਤ ਰਾਏ, ਡਾ. ਅਨਿਲ ਮਿਸ਼ਰਾ, ਗੋਪਾਲ ਰਾਓ ਅਤੇ ਕ੍ਰਿਸ਼ਨ ਮੋਹਨ ਸਮੇਤ ਕੁਝ ਲੋਕਾਂ ਖਿਲਾਫ ਵੀ ਜਾਂਚ ਦੀ ਮੰਗ ਕੀਤੀ ਗਈ ਸੀ। ਦੋਸ਼ ਹੈ ਕਿ ਪਹਿਲਾਂ ਵਕੀਲਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਇਨ੍ਹਾਂ ਲੋਕਾਂ ਨੂੰ ਜਾਂਚ ਦੇ ਘੇਰੇ ਵਿੱਚ ਸ਼ਾਮਲ ਕੀਤਾ ਜਾਵੇਗਾ।

ਈਡੀ ਵੱਲੋਂ 'ਆਪ' ਮੰਤਰੀ ਹਰਦੀਪ ਮੁੰਡੀਆਂ ਦੇ ਭਾਣਜੇ ਦੇ ਘਰ ਛਾਪੇਮਾਰੀ

ਚੰਡੀਗੜ੍ਹ *: ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਦੇ ਭਾਣਜੇ ਗੁਰਪ੍ਰੀਤ ਸਿੰਘ ਪ੍ਰਿੰਸ ਦੇ ਘਰ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਛਾਪੇਮਾਰੀ ਕੀਤੀ ਗਈ ਹੈ। ਟੀਮਾਂ ਲੁਧਿਆਣਾ ਪਹੁੰਚੀਆਂ ਹਨ ਅਤੇ ਮੰਤਰੀ ਦੇ ਭਾਣਜੇ ਪ੍ਰਿੰ ਦੀ ਰਿਹਾਇਸ਼ ਦੀ ਤਲਾਸ਼ੀ ਲੈ ਰਹੀਆਂ ਹਨ। ਇਹ ਛਾਪਾ 'ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ' ਨਾਲ ਸਬੰਧਤ ਉਸ ਚੱਲ ਰਹੀ ਕਾਰਵਾਈ ਦਾ ਹਿੱਸਾ ਹੈ ਜੋ ਮੰਗਲਵਾਰ ਨੂੰ ਸ਼ੁਰੂ ਹੋਈ ਸੀ। ਮੁੰਡੀਆ ਸ਼ਹਿਰੀ ਰਿਹਾਇਸ਼ ਮੰਤਰੀ ਵਜੋਂ ਸੇਵਾ ਨਿਭਾ ਰਹੇ ਹਨ ਅਤੇ ਗਮਾਡਾ ਉਨ੍ਹਾਂ ਦੇ ਮੰਤਰਾਲੇ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਇਸ ਦੇ ਨਾਲ ਹੀ, ਪੰਜਾਬ ਦੇ ਸੀਨੀਅਰ ਆਈਏਐਸ ਅਧਿਕਾਰੀ ਅਤੇ ਗਮਾਡਾ ਦੇ ਸਾਬਕਾ ਮੁੱਖ ਪ੍ਰਸ਼ਾਸਕ ਰਜੀਵ ਗੁਪਤਾ ਦੀ ਚੰਡੀਗੜ੍ਹ ਸਥਿਤ ਰਿਹਾਇਸ਼ 'ਤੇ ਵੀ ਈਡੀ ਵੱਲੋਂ ਛਾਪਾ ਮਾਰਿਆ ਜਾ ਰਿਹਾ ਹੈ।*

12 ਸਾਲਾਂ ਦਾ ਲੰਮਾ ਇੰਤਜ਼ਾਰ ਖਤਮ

ਮੀਰਾਬਾਈ ਨੇ ਏਸ਼ਿਆਈ ਖੇਡਾਂ ਵਿੱਚ ਜਿੱਤਿਆ ਚਾਂਦੀ ਦਾ ਤਗਮਾ



ਨਾਗੋਆ, 23 ਸਤੰਬਰ (ਪੈ.ਗਾਮ-ਏ-ਜਗਤ)

ਭਾਰਤ ਦੀ ਸਟਾਰ ਵੇਟਲਿਫਟਰ ਮੀਰਾਬਾਈ ਚਾਨੂ ਨੇ ਬੁੱਧਵਾਰ ਨੂੰ ਇੱਥੇ ਔਰਤਾਂ ਦੇ 49 ਕਿਲੋਗ੍ਰਾਮ ਵਰਗ ਵਿੱਚ ਚਾਂਦੀ ਦਾ ਤਗਮਾ ਜਿੱਤ ਕੇ ਏਸ਼ਿਆਈ ਖੇਡਾਂ ਵਿੱਚ ਤਗਮੇ ਦਾ 12 ਸਾਲਾਂ ਦਾ ਲੰਮਾ ਇੰਤਜ਼ਾਰ ਖਤਮ ਕੀਤਾ। ਟੋਕੀਓ ਓਲੰਪਿਕ ਦੀ ਚਾਂਦੀ ਦਾ ਤਗਮਾ ਜੇਤੂ ਮੀਰਾਬਾਈ ਨੇ ਸਨੈਚ ਵਿੱਚ 88 ਕਿਲੋਗ੍ਰਾਮ ਅਤੇ ਕਲੀਨ ਐਂਡ ਜਰਕ ਵਿੱਚ 111 ਕਿਲੋਗ੍ਰਾਮ ਭਾਰ ਦੇ ਨਾਲ ਕੁੱਲ 198 ਕਿਲੋਗ੍ਰਾਮ ਭਾਰ ਚੁੱਕਿਆ।

ਇਹ 1998 ਵਿੱਚ ਕਰਨਮ ਮੱਲੇਸ਼ਵਰੀ ਦੇ ਚਾਂਦੀ ਦੇ ਤਗਮੇ ਤੋਂ ਬਾਅਦ ਏਸ਼ਿਆਈ ਖੇਡਾਂ ਵਿੱਚ ਵੇਟਲਿਫਟਿੰਗ 'ਚ ਭਾਰਤ ਦਾ ਪਹਿਲਾ ਤਗਮਾ ਹੈ। ਮੀਰਾਬਾਈ ਨੇ ਤਗਮਾ ਜਿੱਤਣ ਉੱਤੇ ਕਿਹਾ, "ਏਸ਼ਿਆਈ ਖੇਡਾਂ ਵਿੱਚ ਤਗਮਾ ਜਿੱਤਣਾ ਸੁਪਨਾ ਸੱਚ ਹੋਣ ਵਰਗਾ ਹੈ। ਮੈਂ ਪਿਛਲੇ 12 ਸਾਲਾਂ ਤੋਂ, 2014 ਦੀਆਂ ਏਸ਼ਿਆਈ ਖੇਡਾਂ ਤੋਂ ਹੀ ਇਸ ਤਗਮੇ ਲਈ ਕੋਸ਼ਿਸ਼ ਕਰ ਰਹੀ ਸੀ। ਇਸ ਤਗਮੇ ਨਾਲ ਮੇਰਾ ਜੀਵਨ ਪੂਰਾ ਹੋ ਗਿਆ ਹੈ। ਹੁਣ ਮੈਂ ਬਹੁਤ ਹਲਕਾ ਮਹਿਸੂਸ ਕਰ ਰਹੀ ਹਾਂ। ਇਹ ਮੇਰੇ ਸੁਪਨਿਆਂ ਦੀਆਂ ਏਸ਼ਿਆਈ ਖੇਡਾਂ ਹਨ।" ਉੱਥੇ ਹੀ ਉੱਤਰੀ ਕੋਰੀਆ ਦੀ ਦੋ ਵਾਰ ਦੀ ਵਿਸ਼ਵ ਚੈਂਪੀਅਨ ਰੀ ਸੋਂਗ ਗੁਮ ਨੇ ਕੁੱਲ 215 ਕਿਲੋਗ੍ਰਾਮ (94 ਅਤੇ 121 ਕਿਲੋਗ੍ਰਾਮ) ਭਾਰ ਚੁੱਕ ਕੇ ਸੋਨੇ ਦਾ ਤਗਮਾ ਜਿੱਤਿਆ ਅਤੇ ਏਸ਼ਿਆਈ ਖੇਡਾਂ ਵਿੱਚ ਖ਼ਤਾਬੀ ਹੈਟ੍ਰਿਕ ਪੂਰੀ ਕੀਤੀ। ਉਨ੍ਹਾਂ ਨੇ ਕੁੱਲ ਭਾਰ ਵਿੱਚ ਵਿਸ਼ਵ ਰਿਕਾਰਡ ਬਣਾਇਆ। ਜਦਕਿ ਇੰਡੋਨੇਸ਼ੀਆ ਦੀ ਲੁਲੁਕ ਡਾਇਨਾ ਤ੍ਰਿਵਿਜਯਾਨਾ ਨੇ 191 ਕਿਲੋਗ੍ਰਾਮ (88 ਅਤੇ 103 ਕਿਲੋਗ੍ਰਾਮ) ਭਾਰ ਦੇ ਨਾਲ ਕਾਂਸੀ ਦਾ ਤਗਮਾ ਹਾਸਲ ਕੀਤਾ।

ਪਾਰਟੀ ਅੰਦਰਲੇ ਭ੍ਰਿਸ਼ਟਾਚਾਰ ਨੂੰ ਰੋਕਣ ਵਿੱਚ ਵੀ ਨਾਕਾਮ ਸਾਬਤ ਹੋ ਰਹੀ 'ਆਪ' ਸਰਕਾਰ: ਸ਼ੁਵਮ ਸ਼ੁਭੀ

'ਮਿਸ਼ਨ-2027: ਹਰ ਘਰ ਝੰਡਾ, ਹਰ ਘਰ ਪੰਜਾ' ਮੁਹਿੰਮ ਤਹਿਤ ਫਤਿਹਗੜ੍ਹ ਸਾਹਿਬ ਵਿੱਚ ਕੱਢੀ ਮੋਟਰਸਾਈਕਲ ਰੈਲੀ



ਚੰਡੀਗੜ੍ਹ/ਫਤਿਹਗੜ੍ਹ ਸਾਹਿਬ 23 ਸਤੰਬਰ (ਪੈ.ਗਾਮ-ਏ-ਜਗਤ)

ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਸ਼ੁਵਮ ਸ਼ਰਮਾ ਸ਼ੁਭੀ ਨੇ 'ਮਿਸ਼ਨ-2027: ਹਰ ਘਰ ਝੰਡਾ, ਹਰ ਘਰ ਪੰਜਾ' ਮੁਹਿੰਮ ਨੂੰ ਅੱਗੇ ਵਧਾਉਂਦਿਆਂ ਅੱਜ ਫਤਿਹਗੜ੍ਹ ਸਾਹਿਬ ਪਹੁੰਚ ਕੇ ਨੌਜਵਾਨਾਂ ਨਾਲ ਮਿਲ ਕੇ ਮੋਟਰਸਾਈਕਲ ਰੈਲੀ ਕੱਢੀ। ਉਨ੍ਹਾਂ ਨੇ ਹਰ ਘਰ ਤੱਕ ਕਾਂਗਰਸ ਦਾ ਝੰਡਾ ਪਹੁੰਚਾਉਣ ਅਤੇ 2027 ਦੀਆਂ ਚੋਣਾਂ ਲਈ ਸੰਗਠਨ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ।

ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਭੰਗੂ ਦੀ ਅਗਵਾਈ ਹੇਠ ਇਹ ਰੈਲੀ ਕਰਵਾਈ ਗਈ। ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਸ਼ੁਵਮ ਸ਼ੁਭੀ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਮੋਰਚੇ 'ਤੇ ਨਾਕਾਮ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਪੰਜਾਬ ਵਿੱਚ ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਵੱਡੇ ਦਾਅਵੇ ਕੀਤੇ ਸਨ, ਪਰ ਹੁਣ ਪਾਰਟੀ ਦੇ ਅੰਦਰਲੇ ਭ੍ਰਿਸ਼ਟਾਚਾਰ 'ਤੇ ਵੀ ਕਾਬੂ ਪਾਉਣ ਵਿੱਚ ਸਰਕਾਰ ਅਸਫਲ ਦਿਖਾਈ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਆਪਣੇ ਮੰਤਰੀਆਂ ਅਤੇ ਆਗੂਆਂ ਦੇ ਰਿਸ਼ਤੇਦਾਰਾਂ ਨਾਲ ਜੁੜੇ ਮਾਮਲਿਆਂ ਵਿੱਚ ਈਡੀ ਦੀਆਂ ਕਾਰਵਾਈਆਂ ਸਾਹਮਣੇ ਆ ਰਹੀਆਂ ਹਨ।



ਦੂਜੇ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਤੀਰ ਛੱਡਣ ਵਿੱਚ ਰੁੱਝੇ ਹੋਏ ਹਨ। ਉਨ੍ਹਾਂ ਕਿਹਾ ਕਿ ਜੇਕਰ ਮੁੱਖ ਮੰਤਰੀ ਨੂੰ ਤੀਰ ਚਲਾਉਣ ਦਾ ਇੰਨਾ ਹੀ ਸ਼ੌਂਕ ਹੈ ਤਾਂ ਉਹ ਆਪਣੀ ਪਾਰਟੀ ਅੰਦਰ ਬੈਠੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਲੋਕਾਂ ਖ਼ਿਲਾਫ਼ ਕਾਰਵਾਈ ਕਰਨ। ਸ਼ੁਭੀ ਨੇ ਕਿਹਾ ਕਿ ਸਰਕਾਰ ਪਹਿਲਾਂ ਹੀ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਹੱਕ ਦੇਣ ਵਿੱਚ ਨਾਕਾਮ ਰਹੀ ਹੈ ਅਤੇ ਪੰਜਾਬ ਦੇ ਵੱਖ-ਵੱਖ ਵਰਗਾਂ ਦੇ ਮੁਲਾਜ਼ਮ ਆਪਣੀਆਂ ਮੰਗਾਂ ਨੂੰ ਲੈ ਕੇ ਸੜਕਾਂ 'ਤੇ ਉਤਰ ਰਹੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੇ ਵਾਅਦੇ ਕੀਤੇ ਗਏ ਸਨ, ਪਰ ਬੇਰੋਜ਼ਗਾਰੀ, ਨਸ਼ਿਆਂ ਅਤੇ ਕਾਨੂੰਨ-ਵਿਵਸਥਾ ਦੇ ਮੁੱਦੇ ਅਜੇ ਵੀ ਗੰਭੀਰ ਹਨ। ਉਨ੍ਹਾਂ ਕਿਹਾ ਕਿ ਗੈਂਗਸਟਰਵਾਦ 'ਤੇ ਕਾਬੂ ਪਾਉਣ ਵਿੱਚ ਸਰਕਾਰ ਦੀ ਕਾਰਗੁਜ਼ਾਰੀ 'ਤੇ ਲਗਾਤਾਰ ਸਵਾਲ ਉੱਠ ਰਹੇ ਹਨ। ਸ਼ੁਭੀ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਸਰਕਾਰ ਦੇ ਦਾਅਵਿਆਂ ਦੀ ਬਜਾਏ ਜ਼ਮੀਨੀ ਹਕੀਕਤ ਦੇਖ ਰਹੇ ਹਨ ਅਤੇ ਸਰਕਾਰ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਇਸ ਮੌਕੇ ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਅਤੇ ਸਾਬਕਾ ਵਿਧਾਇਕ ਕਾਕਾ ਰਣਦੀਪ ਸਿੰਘ ਨਾਭਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਤੋਂ ਇਲਾਵਾ ਹਲਕਾ ਪ੍ਰਧਾਨ ਭਗਵਾਨ ਗਰੇਵਾਲ, ਹਲਕਾ ਪ੍ਰਧਾਨ ਜਗਦੀਪ ਮਾਨ, ਕੁਲਮਨ ਨਾਗਰਾ, ਮਾਸਟਰ ਰਵਿੰਦਰ, ਪ੍ਰਦੇਸ਼ ਸਕੱਤਰ ਜੱਸੀ ਤਲਵਾੜਾ, ਪ੍ਰਦੇਸ਼ ਸਕੱਤਰ ਡਾ. ਸੁਖਜੋਤ ਅਤੇ ਪ੍ਰਦੇਸ਼ ਸਕੱਤਰ ਲਵਪ੍ਰੀਤ ਸਿੰਘ ਵੀ ਮੌਜੂਦ ਰਹੇ।

ਜਲੰਧਰ 'ਚ HSRP ਨੰਬਰ ਪਲੇਟਾਂ ਤੋਂ ਬਿਨਾਂ ਵਾਹਨਾਂ ਨੂੰ ਪੈਟਰੋਲ ਜਾਂ ਡੀਜ਼ਲ ਨਹੀਂ ਮਿਲੇਗਾ

ਜਲੰਧਰ, 23 ਸਤੰਬਰ (ਪੈ.ਗਾਮ-ਏ-ਜਗਤ)

ਜਲੰਧਰ ਪੁਲਿਸ ਨੇ ਅਪਰਾਧੀਆਂ ਦੀ ਪਛਾਣ ਅਤੇ ਜਨਤਕ ਸੁਰੱਖਿਆ ਸੰਬੰਧੀ ਉਪਾਅ ਤੇਜ਼ ਕਰ ਦਿੱਤੇ ਹਨ। ਪੁਲਿਸ ਕਮਿਸ਼ਨਰ ਸਤਿੰਦਰ ਸਿੰਘ ਨੇ ਸ਼ਹਿਰ ਲਈ ਦੋ ਵੱਡੇ ਆਦੇਸ਼ ਜਾਰੀ ਕੀਤੇ ਹਨ। ਇਨ੍ਹਾਂ ਨਿਰਦੇਸ਼ਾਂ ਦੇ ਤਹਿਤ, ਹਾਈ-ਸੁਰੱਖਿਆ ਰਜਿਸਟਰੇਸ਼ਨ ਪਲੇਟਾਂ ਤੋਂ ਬਿਨਾਂ ਜਾਂ ਛੇੜਛਾੜ ਵਾਲੀਆਂ ਨੰਬਰ ਪਲੇਟਾਂ ਵਾਲੇ ਵਾਹਨਾਂ ਨੂੰ ਪੈਟਰੋਲ, ਡੀਜ਼ਲ ਅਤੇ CNG ਵੇਚਣ 'ਤੇ ਪਾਬੰਦੀ ਲਗਾਈ ਗਈ ਹੈ। ਇਸ ਤੋਂ ਇਲਾਵਾ, ਦੂਜੇ ਆਦੇਸ਼ ਵਿੱਚ ਰੈਸਟੋਰੈਂਟਾਂ, ਢਾਬਿਆਂ, ਮੈਰਿਜ ਹਾਲਾਂ, ਬਾਰਾਂ ਅਤੇ ਕੈਫ਼ਿਆਂ ਵਿੱਚ ਹਥਿਆਰ ਲੈ ਕੇ ਜਾਣ ਅਤੇ ਬ੍ਰਾਂਡਿੰਗ ਕਰਨ 'ਤੇ ਪਾਬੰਦੀ ਲਗਾਈ ਗਈ ਹੈ।



ਤਹਿਰਾਨ ਅਮਰੀਕਾ ਨਾਲ ਜੰਗ 'ਚ ਆਤਮਸਮਰਪਣ ਨਹੀਂ ਕਰੇਗਾ, ਪਰ ਕੂਟਨੀਤੀ 'ਚ ਵਿਸ਼ਵਾਸ ਰੱਖਦੈ : ਇਰਾਨੀ ਰਾਸ਼ਟਰਪਤੀ

ਸੰਯੁਕਤ ਰਾਸ਼ਟਰ - ਇਰਾਨ ਰਾਸ਼ਟਰਪਤੀ ਨੇ ਕਿਹਾ ਹੈ ਕਿ ਸੰਯੁਕਤ ਰਾਜ ਅਮਰੀਕਾ ਨਾਲ ਜੰਗ ਵਿੱਚ ਇਰਾਨ ਆਤਮਸਮਰਪਣ ਨਹੀਂ ਕਰੇਗਾ, ਪਰ ਸੰਘਰਸ਼ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਨ ਲਈ ਕੂਟਨੀਤੀ ਵਿੱਚ ਵਿਸ਼ਵਾਸ ਰੱਖਦਾ ਹੈ। ਇਹ ਗੱਲ ਇਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਬੁੱਧਵਾਰ ਨੂੰ ਸੰਯੁਕਤ ਰਾਸ਼ਟਰ ਵਿੱਚ ਵਿਸ਼ਵ ਨੇਤਾਵਾਂ ਦੇ ਸਾਲਾਨਾ ਇਕੱਠ ਵਿੱਚ ਕਹੀ। ਪੇਜ਼ੇਸ਼ਕੀਅਨ ਦੇ ਭਾਸ਼ਣ ਦੀ ਸ਼ੁਰੂਆਤ ਵਿੱਚ ਅਮਰੀਕੀ ਵਫ਼ਦ ਬਾਹਰ ਚਲਾ ਗਿਆ। ਸੰਯੁਕਤ ਰਾਸ਼ਟਰ ਵਿੱਚ ਅਮਰੀਕੀ ਮਿਸ਼ਨ ਨੇ ਟਿੱਪਣੀ ਦੀ ਬੇਨਤੀ ਦਾ ਤੁਰੰਤ ਜਵਾਬ ਨਹੀਂ ਦਿੱਤਾ। ਹਰਮੁਜ਼ ਜਲਮਾਰਗ, ਜੋ ਜੰਗ ਤੋਂ ਪਹਿਲਾਂ ਵਿਸ਼ਵਵਿਆਪੀ ਤੇਲ ਅਤੇ ਤਰਲ ਕੁਦਰਤੀ ਗੈਸ ਦਾ ਪੰਜਵਾਂ ਹਿੱਸਾ ਸੀ, ਇਰਾਨ ਅਤੇ ਅਮਰੀਕਾ ਵਿਚਕਾਰ ਤਣਾਅ ਦਾ ਕੇਂਦਰ ਬਣ ਗਿਆ ਹੈ। ਪੇਜ਼ੇਸ਼ਕੀਅਨ ਨੇ ਕਿਹਾ, 'ਇਹ ਨਹੀਂ ਹੋ ਸਕਦਾ ਕਿ ਹਰ ਕੋਈ ਹਰਮੁਜ਼ ਦੀ ਜਲਮਾਰਗ ਤੋਂ ਲਾਭ ਉਠਾਵੇ ਜਦੋਂ ਕਿ ਸਾਨੂੰ ਇਸ ਜਲ ਮਾਰਗ ਰਾਹੀਂ ਸ਼ਿਪਿੰਗ ਤੱਕ ਪਹੁੰਚ ਤੋਂ ਵਾਂਝੇ ਰੱਖਿਆ ਜਾਵੇ।



ਰੰਬਨ ਦੇ ਜ਼ਿਆਰਤ ਮੋੜ 'ਤੇ ਕਾਰ ਅੰਦਰ 2 ਪੁਲਿਸ ਮੁਲਾਜ਼ਮ ਮ੍ਰਿਤਕ ਹਾਲਤ ਵਿੱਚ ਮਿਲੇ

ਰੰਬਨ, 23 ਸਤੰਬਰ (ਪੈ.ਗਾਮ-ਏ-ਜਗਤ)

ਅਧਿਕਾਰੀਆਂ ਨੇ ਦੱਸਿਆ ਕਿ ਮੰਗਲਵਾਰ ਸ਼ਾਮ ਨੂੰ ਰੰਬਨ ਜ਼ਿਲ੍ਹੇ ਦੇ ਜ਼ਿਆਰਤ ਮੋੜ 'ਤੇ ਇੱਕ ਗੱਡੀ ਦੇ ਅੰਦਰ ਦੋ ਪੁਲਿਸ ਮੁਲਾਜ਼ਮ ਮ੍ਰਿਤਕ ਹਾਲਤ ਵਿੱਚ ਮਿਲੇ। ਅਧਿਕਾਰੀਆਂ ਮੁਤਾਬਕ, ਰਾਤ ਕਰੀਬ 8:30 ਵਜੇ ਜ਼ਿਆਰਤ ਮੋੜ 'ਤੇ JK-AI/5299 ਰਜਿਸਟਰੇਸ਼ਨ ਨੰਬਰ ਵਾਲੀ ਇੱਕ ਫਿਏਟ ਕਾਰ ਦੇ ਅੰਦਰ ਦੋ ਪੁਲਿਸ ਮੁਲਾਜ਼ਮ ਬੇਹੋਸ਼ੀ ਦੀ ਹਾਲਤ ਵਿੱਚ ਮਿਲੇ ਸਨ ਸਥਾਨਕ ਲੋਕਾਂ ਨੇ ਉਨ੍ਹਾਂ ਨੂੰ ਜ਼ਿਲ੍ਹਾ ਹਸਪਤਾਲ ਰੰਬਨ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।ਮ੍ਰਿਤਕਾਂ ਦੀ ਪਛਾਣ ਹੈੱਡ ਕਾਂਸਟੇਬਲ ਫਰੀਦ ਅਹਿਮਦ, ਵਾਸੀ ਭੱਟੀ, ਰੰਬਨ ਅਤੇ ਸਿਲੈਕਟਿਡ ਕਾਂਸਟੇਬਲ ਮੁਹੰਮਦ ਯਾਕੂਬ, ਵਾਸੀ ਜਟਗਲੀ, ਰੰਬਨ ਵਜੋਂ ਹੋਈ ਹੈ। ਦੋਵੇਂ ਜ਼ਿਲ੍ਹਾ ਪੁਲਿਸ ਲਾਈਨਜ਼, ਰੰਬਨ ਵਿਖੇ ਤਾਇਨਾਤ ਸਨ। ਘਟਨਾ ਤੋਂ ਬਾਅਦ ਰੰਬਨ ਦੇ ਐਸਐਸਪੀ ਅਰੁਣ ਗੁਪਤਾ ਅਤੇ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਹਸਪਤਾਲ ਪਹੁੰਚੇ। ਲਾਸ਼ਾਂ ਨੂੰ ਮੈਡੀਕੋ-ਲੀਗਲ ਕਾਰਵਾਈ ਲਈ ਜ਼ਿਲ੍ਹਾ ਹਸਪਤਾਲ ਰੰਬਨ ਵਿਖੇ ਰੱਖਿਆ ਗਿਆ ਹੈ।ਪੁਲਿਸ ਨੇ ਮੌਤਾਂ ਦੇ ਕਾਰਨਾਂ ਅਤੇ ਹਾਲਾਤਾਂ ਦਾ ਪਤਾ ਲਗਾਉਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮੌਤ ਦੇ ਅਸਲ ਕਾਰਨ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ।

ਈ.ਡੀ. ਦੇ ਸਾਬਕਾ ਅਧਿਕਾਰੀ ਨਿਰੰਜਨ ਸਿੰਘ 'ਵਾਰਿਸ ਪੰਜਾਬ ਦੇ' 'ਚ ਹੋਏ ਸ਼ਾਮਲ



ਚੰਡੀਗੜ੍ਹ, 23 ਸਤੰਬਰ (ਪੈ.ਗਾਮ-ਏ-ਜਗਤ)

ਵਾਰਿਸ ਪੰਜਾਬ ਦੇ ਪਾਰਟੀ ਵਿੱਚ ਈਡੀ ਦੇ ਸਾਬਕਾ ਡਾਇਰੈਕਟਰ ਨਿਰੰਜਨ ਸਿੰਘ ਸ਼ਾਮਲ ਹੋ ਗਏ ਹਨ। ਈ.ਡੀ. ਦੇ ਸਾਬਕਾ ਡਾਇਰੈਕਟਰ ਨਿਰੰਜਨ ਸਿੰਘ ਨੇ ਕਿਹਾ, 'ਮੈਂ ਭਾਰਤ ਸਰਕਾਰ ਦੀ ਸੇਵਾ ਕੀਤੀ ਹੈ; ਮੈਂ ਕੋਈ ਸਿਆਸਤਦਾਨ ਨਹੀਂ ਹਾਂ ਅਤੇ ਪੰਜਾਬ ਦੇ ਮੌਜੂਦਾ ਹਾਲਾਤਾਂ ਨੂੰ ਦੇਖਦਿਆਂ, ਮੇਰੀ ਸਿਆਸੀ ਖੇਤਰ ਵਿੱਚ ਜਾਣ ਦੀ ਕੋਈ ਇੱਛਾ ਨਹੀਂ ਸੀ। ਅਧਿਕਾਰੀਆਂ ਦਾ ਰਵੱਈਆ ਠੀਕ ਨਹੀਂ ਹੈ।' ਨਿਰੰਜਨ ਸਿੰਘ ਨੇ ਟਿੱਪਣੀ ਕੀਤੀ ਕਿ ਭ੍ਰਿਸ਼ਟਾਚਾਰ ਸਿਖਰ 'ਤੇ ਪਹੁੰਚ ਚੁੱਕਾ ਹੈ; 'ਸਿੰਚਾਈ ਘੁਟਾਲੇ' ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਹਾਈ ਕੋਰਟ ਵਿੱਚ ਇਹ ਕਹਿੰਦੇ ਹੋਏ ਜਵਾਬ ਦਾਖਲ ਕੀਤਾ ਗਿਆ ਕਿ ਇਸ ਸਬੰਧੀ ਕੋਈ ਸਬੂਤ ਨਹੀਂ ਹੈ।

ਉਨ੍ਹਾਂ ਦੱਸਿਆ ਕਿ ਇਹ ਸਿਲਸਿਲਾ ਤਿੰਨ ਸਰਕਾਰਾਂ ਦੌਰਾਨ ਜਾਰੀ ਰਿਹਾ ਹੈ ਅਤੇ ਅੱਗੇ ਕਿਹਾ, 'ਜੇਕਰ ਤੁਸੀਂ ਇਹ ਸਭ ਬਰਦਾਸ਼ਤ ਕਰ ਸਕਦੇ ਹੋ, ਤਾਂ ਫਿਰ ਸਭ ਕੁਝ ਰੱਬ ਦੇ ਹੱਥ ਹੈ; ਨਹੀਂ ਤਾਂ, ਬਦਲਾਅ ਬਹੁਤ ਜ਼ਰੂਰੀ ਹੈ।' ਨਿਰੰਜਨ ਸਿੰਘ ਨੇ ਜ਼ਿਕਰ ਕੀਤਾ ਕਿ ਅੰਮ੍ਰਿਤਪਾਲ ਸਿੰਘ ਨੇ ਨਸ਼ਿਆਂ ਵਿਰੁੱਧ ਇੱਕ ਮੁਹਿੰਮ ਸ਼ੁਰੂ ਕੀਤੀ ਸੀ—ਇੱਕ ਅਜਿਹਾ ਉਪਰਾਲਾ ਜੋ ਉਨ੍ਹਾਂ ਨੇ ਖੁਦ ਸਰਕਾਰੀ ਸੇਵਾ ਦੌਰਾਨ ਕੀਤਾ ਸੀ।



ਰਾਜੂ ਬਰਦਰ ਵੈਲਫੇਅਰ ਸੋਸਾਇਟੀ ਯੂਕੇ ਐਂਡ ਪੰਜਾਬ ਵੱਲੋਂ ਵੀਲ ਚੇਅਰ ਭੇਂਟ



ਪੈ.ਗਾਮ-ਏ-ਜਗਤ/ਗੜ੍ਹਸ਼ੰਕਰ 23 ਸਤੰਬਰ (ਹੈਪੀ ਸਾਧੋਵਾਲ)


ਰਾਜੂ ਬਰਦਰ ਵੈਲਫੇਅਰ ਸੋਸਾਇਟੀ ਯੂਕੇ ਐਂਡ ਪੰਜਾਬ ਵੱਲੋਂ ਅੱਜ ਜਿਲਾ ਨਵਾਂ ਸ਼ਹਿਰ ਦੇ ਪਿੰਡ ਮਹਾਲੋਂ ਵਿੱਚ ਛੇਵੀਂ ਕਲਾਸ ਵਿੱਚ ਪੜ੍ਹਦੀ ਬੱਚੀ ਏਕਤਾ ਨੂੰ ਵੀਲ ਚੇਅਰ ਦਿੱਤੀ ਗਈ।

ਇਹ ਬੱਚੇ ਚੱਲਣ ਫਿਰਨ ਤੋਂ ਅਸਮਰਥ ਹੈ। ਹੈਪੀ ਸਾਧੋਵਾਲ ਨੇ ਦੱਸਿਆ ਕਿ ਪਿਛਲੇ ਚਾਰ ਦਿਨਾਂ ਤੋਂ ਮਹਾਲੋਂ ਹਾਈ ਸਕੂਲ ਦੇ ਮੈਡਮ ਨੀਲਮ ਜੀ ਨੇ ਇਸ ਬੱਚੀ ਬਾਰੇ ਸਾਨੂੰ ਦੱਸਿਆ ਸੀ। ਸਮਾਜ ਸੇਵਕ ਦਰਸ਼ਨ ਸਿੰਘ ਮੱਟੂ ਜੀ ਨੇ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਇਹ ਸੁਸਾਇਟੀ ਲਗਾਤਾਰ ਲੋੜਵੰਦ ਅਪਾਹਜ ਇਨਸਾਨਾਂ ਨੂੰ ਟਰਾਈ ਸਾਈਕਲ ਅਤੇ ਵੀਲ ਚੇਅਰ ਦੇ ਰਹੀ ਹੈ ਡਾਕਟਰ ਲਖਵਿੰਦਰ ਬਿਲੜੋ ਜੀ ਨੇ ਦੱਸਿਆ ਕਿ 11 ਅਕਤੂਬਰ ਦਿਨ ਐਤਵਾਰ ਨੂੰ ਵਿਸ਼ਾਲ ਮੈਗਾ ਕੈਂਪ ਪਿੰਡ ਸਾਧੋਵਾਲ ਵਿੱਚ ਲੱਗ ਰਿਹਾ ਹੈ ਜਿਸ ਵਿੱਚ ਲੋੜਵੰਦਾਂ ਨੂੰ ਟਰਾਈ ਸਾਈਕਲ ਤੇ ਵੀਲ ਚੇਅਰ ਦਿੱਤੀਆਂ ਜਾਣਗੀਆਂ, ਜਿਸ ਕਿਸੇ ਨੂੰ ਵੀ ਜਰੂਰਤ ਹੋਵੇ ਉਹ ਸਾਨੂੰ ਸੰਪਰਕ ਕਰ ਸਕਦਾ ਹੈ ਇਸ ਮੌਕੇ ਸਕੂਲ ਦੇ ਹੈਡ ਟੀਚਰ ਮੈਡਮ ਨੀਲਮ ਜੀ ਤੇ ਸਕੂਲ ਸਟਾਫ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਬਣਦਾ ਸਨਮਾਨ ਕੀਤਾ।



ਸੰਪਾਦਕ ਦੀ ਕਲਮ ਤੋਂ

ਵਾਇਰਲ ਹੋਣਾ ਅਤੇ ਸੱਚ ਹੋਣਾ ਇੱਕੋ ਗੱਲ ਨਹੀਂ



ਅੱਜ ਦੇ ਡਿਜੀਟਲ ਦੌਰ ਵਿੱਚ ਕੋਈ ਵੀ ਖ਼ਬਰ, ਤਸਵੀਰ ਜਾਂ ਵੀਡੀਓ ਕੁਝ ਹੀ ਮਿੰਟਾਂ ਵਿੱਚ ਹਜ਼ਾਰਾਂ ਅਤੇ ਲੱਖਾਂ ਲੋਕਾਂ ਤੱਕ ਪਹੁੰਚ ਸਕਦੀ ਹੈ। ਮੋਬਾਈਲ ਫੋਨ ਨੇ ਜਾਣਕਾਰੀ ਤੱਕ ਪਹੁੰਚ ਨੂੰ ਬਹੁਤ ਆਸਾਨ ਬਣਾ ਦਿੱਤਾ ਹੈ। ਕਿਸੇ ਘਟਨਾ ਬਾਰੇ ਜਾਣਕਾਰੀ ਮਿਲਣ ਲਈ ਅਗਲੇ ਦਿਨ ਦੇ ਅਖ਼ਬਾਰ ਜਾਂ ਟੈਲੀਵਿਜ਼ਨ ਬੁਲੇਟਿਨ ਦੀ ਉਡੀਕ ਕਰਨ ਦੀ ਲੋੜ ਨਹੀਂ ਰਹੀ। ਪਰ ਜਾਣਕਾਰੀ ਦੀ ਇਹ ਤੇਜ਼ ਰਫ਼ਤਾਰ ਆਪਣੇ ਨਾਲ ਇੱਕ ਵੱਡੀ ਚੁਣੌਤੀ ਵੀ ਲੈ ਕੇ ਆਈ ਹੈ। ਜੋ ਚੀਜ਼ ਸਭ ਤੋਂ ਵੱਧ ਸਾਂਝੀ ਕੀਤੀ ਜਾ ਰਹੀ ਹੋਵੇ, ਉਹ ਜ਼ਰੂਰੀ ਨਹੀਂ ਕਿ ਸੱਚ ਵੀ ਹੋਵੇ।



ਦਵਿੰਦਰ ਕੁਮਾਰ
ਸੰਪਾਦਕ, ਪੈ.ਗਾਮ-ਏ-ਜਗਤ


ਸੋਸ਼ਲ ਮੀਡੀਆ 'ਤੇ ਕਿਸੇ ਪੋਸਟ ਦੇ ਵਾਇਰਲ ਹੋਣ ਦਾ ਮਤਲਬ ਸਿਰਫ਼ ਇਹ ਹੈ ਕਿ ਉਹ ਵੱਡੀ ਗਿਣਤੀ ਵਿੱਚ ਲੋਕਾਂ ਤੱਕ ਪਹੁੰਚੀ ਹੈ। ਇਸ ਦੀ ਸੱਚਾਈ ਦਾ ਫੈਸਲਾ ਲਾਈਕਾਂ, ਸ਼ੇਅਰਾਂ, ਟਿੱਪਣੀਆਂ ਜਾਂ ਵਿਊਜ਼ ਦੀ ਗਿਣਤੀ ਨਾਲ ਨਹੀਂ ਕੀਤਾ ਜਾ ਸਕਦਾ। ਕਈ ਵਾਰ ਇੱਕ ਭਾਵਨਾਤਮਕ ਤਸਵੀਰ, ਹੈਰਾਨ ਕਰਨ ਵਾਲਾ ਸਿਰਲੇਖ ਜਾਂ ਛੋਟੀ ਵੀਡੀਓ ਲੋਕਾਂ ਦਾ ਧਿਆਨ ਇੰਨਾ ਤੇਜ਼ੀ ਨਾਲ ਖਿੱਚ ਲੈਂਦੀ ਹੈ ਕਿ ਉਸ ਦੀ ਪਿਛੋਕੜ ਅਤੇ ਸੰਦਰਭ ਦੀ ਜਾਂਚ ਕਰਨ ਲਈ ਸਮਾਂ ਹੀ ਨਹੀਂ ਲਿਆ ਜਾਂਦਾ। ਇਸ ਸਮੱਸਿਆ ਦਾ ਇੱਕ ਹੋਰ ਪੱਖ ਇਹ ਹੈ ਕਿ ਸਹੀ ਜਾਣਕਾਰੀ ਅਤੇ ਗਲਤ ਜਾਣਕਾਰੀ ਕਈ ਵਾਰ ਇੱਕੋ ਜਿਹੇ ਰੂਪ ਵਿੱਚ ਸਾਹਮਣੇ ਆਉਂਦੀਆਂ ਹਨ। ਇੱਕ ਪੁਰਾਣੀ ਤਸਵੀਰ ਨੂੰ ਨਵੀਂ ਘਟਨਾ ਨਾਲ ਜੋੜਿਆ ਜਾ ਸਕਦਾ ਹੈ, ਕਿਸੇ ਪੁਰਾਣੇ ਵੀਡੀਓ ਨੂੰ ਨਵੇਂ ਸਥਾਨ ਨਾਲ ਜੋੜ ਕੇ ਪੇਸ਼ ਕੀਤਾ ਜਾ ਸਕਦਾ ਹੈ ਜਾਂ ਕਿਸੇ ਅਧੂਰੇ ਬਿਆਨ ਨੂੰ ਪੂਰੇ ਸੰਦਰਭ ਤੋਂ ਵੱਖ ਕਰਕੇ ਫੈਲਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ, ਕ੍ਰਿਤ੍ਰਿਮ ਬੁੱਧੀ ਨਾਲ ਬਣਾਈਆਂ ਜਾਂ ਬਦਲੀਆਂ ਗਈਆਂ ਤਸਵੀਰਾਂ, ਆਵਾਜ਼ਾਂ ਅਤੇ ਵੀਡੀਓਜ਼ ਨੇ ਇਹ ਪਛਾਣਨਾ ਹੋਰ ਮੁਸ਼ਕਲ ਕੀਤਾ ਹੈ ਕਿ ਸਾਹਮਣੇ ਆ ਰਹੀ ਸਮੱਗਰੀ ਅਸਲ ਹੈ ਜਾਂ ਬਦਲੀ ਹੋਈ।

ਭਾਰਤ ਵਿੱਚ ਵੀ ਗਲਤ ਅਤੇ ਗੁੰਮਰਾਹਕੁੰਨ ਡਿਜੀਟਲ ਸਮੱਗਰੀ ਨਾਲ ਨਜਿੱਠਣ ਲਈ ਵੱਖ-ਵੱਖ ਪ੍ਰਬੰਧ ਕੀਤੇ ਗਏ ਹਨ। ਪ੍ਰੈੱਸ ਇਨਫਰਮੇਸ਼ਨ ਬਿਊਰੋ ਦੀ ਫੈਕਟ ਚੈੱਕ ਯੂਨਿਟ ਨੇ ਅਪ੍ਰੈਲ 2026 ਤੱਕ 2,900 ਤੋਂ ਵੱਧ ਤੱਥ-ਜਾਂਚਾਂ ਜਾਰੀ ਕਰਨ ਦੀ ਜਾਣਕਾਰੀ ਦਿੱਤੀ ਸੀ। ਇਸ ਯੂਨਿਟ ਵੱਲੋਂ ਸਰਕਾਰੀ ਮਾਮਲਿਆਂ ਨਾਲ ਸਬੰਧਤ ਸ਼ੱਕੀ ਜਾਣਕਾਰੀ ਦੀ ਅਧਿਕਾਰਤ ਸਰੋਤਾਂ ਰਾਹੀਂ ਜਾਂਚ ਕੀਤੀ ਜਾਂਦੀ ਹੈ। ਪਰ ਹਰ ਜਾਣਕਾਰੀ ਦੀ ਜਾਂਚ ਕਿਸੇ ਸਰਕਾਰੀ ਜਾਂ ਨਿੱਜੀ ਸੰਸਥਾ ਵੱਲੋਂ ਨਹੀਂ ਕੀਤੀ ਜਾ ਸਕਦੀ। ਇੱਥੇ ਲੋਕਾਂ ਦੀ ਭੂਮਿਕਾ ਮਹੱਤਵਪੂਰਨ ਹੋ ਜਾਂਦੀ ਹੈ। ਕਿਸੇ ਵੀ ਸੁਨੇਹੇ ਨੂੰ ਅੱਗੇ ਭੇਜਣ ਤੋਂ ਪਹਿਲਾਂ ਇਹ ਦੇਖਣਾ ਕਿ ਉਹ ਕਿੱਥੋਂ ਆਇਆ ਹੈ, ਉਸ ਦੀ ਮਿਤੀ ਕੀ ਹੈ, ਕੀ ਕਿਸੇ ਭਰੋਸੇਯੋਗ ਸਰੋਤ ਨੇ ਵੀ ਇਹ ਜਾਣਕਾਰੀ ਦਿੱਤੀ ਹੈ ਅਤੇ ਕੀ ਤਸਵੀਰ ਜਾਂ ਵੀਡੀਓ ਉਸੇ ਘਟਨਾ ਨਾਲ ਸਬੰਧਤ ਹੈ, ਇੱਕ ਛੋਟੀ ਪਰ ਮਹੱਤਵਪੂਰਨ ਸਾਵਧਾਨੀ ਹੋ ਸਕਦੀ ਹੈ। ਇਸ ਮਾਮਲੇ ਵਿੱਚ ਖ਼ਬਰਾਂ ਦੇ ਸਰੋਤ ਦੀ ਭੂਮਿਕਾ ਵੀ ਮਹੱਤਵਪੂਰਨ ਹੈ। ਡਿਜੀਟਲ ਮੁਕਾਬਲੇ ਵਿੱਚ ਤੇਜ਼ੀ ਜ਼ਰੂਰੀ ਹੋ ਸਕਦੀ ਹੈ, ਪਰ ਤੇਜ਼ੀ ਅਤੇ ਭਰੋਸੇਯੋਗਤਾ ਨੂੰ ਇੱਕੋ ਚੀਜ਼ ਨਹੀਂ ਮੰਨਿਆ ਜਾ ਸਕਦਾ। ਇੱਕ ਗਲਤ ਜਾਣਕਾਰੀ ਕੁਝ ਸਕਿੰਟਾਂ ਵਿੱਚ ਫੈਲ ਸਕਦੀ ਹੈ, ਪਰ ਉਸ ਨੂੰ ਠੀਕ ਕਰਨ ਵਿੱਚ ਕਈ ਦਿਨ ਲੱਗ ਸਕਦੇ ਹਨ ਅਤੇ ਹਰ ਉਸ ਵਿਅਕਤੀ ਤੱਕ ਸਹੀ ਜਾਣਕਾਰੀ ਪਹੁੰਚਣਾ ਮੁਸ਼ਕਲ ਹੋ ਸਕਦਾ ਹੈ ਜਿਸ ਨੇ ਪਹਿਲਾਂ ਗਲਤ ਜਾਣਕਾਰੀ ਵੇਖੀ ਹੋਵੇ।

ਸਿਰਫ਼ ਝੂਠੀ ਜਾਣਕਾਰੀ ਹੀ ਚਿੰਤਾ ਦਾ ਵਿਸ਼ਾ ਨਹੀਂ। ਅਧੂਰੀ ਸੱਚਾਈ ਵੀ ਕਈ ਵਾਰ ਗਲਤ ਪ੍ਰਭਾਵ ਪੈਦਾ ਕਰ ਸਕਦੀ ਹੈ। ਕਿਸੇ ਘਟਨਾ ਦੀ ਇੱਕ ਤਸਵੀਰ ਸੱਚੀ ਹੋ ਸਕਦੀ ਹੈ, ਪਰ ਉਸ ਦਾ ਵੇਰਵਾ ਗਲਤ ਹੋ ਸਕਦਾ ਹੈ। ਕਿਸੇ ਬਿਆਨ ਦਾ ਇੱਕ ਹਿੱਸਾ ਸਹੀ ਹੋ ਸਕਦਾ ਹੈ, ਪਰ ਪੂਰਾ ਸੰਦਰਭ ਸਾਹਮਣੇ ਨਾ ਹੋਣ ਕਾਰਨ ਉਸ ਦਾ ਅਰਥ ਬਦਲ ਸਕਦਾ ਹੈ। ਇਸ ਲਈ ਸਿਰਫ਼ ਇਹ ਦੇਖਣਾ ਕਾਫ਼ੀ ਨਹੀਂ ਕਿ ਸਮੱਗਰੀ ਪੂਰੀ ਤਰ੍ਹਾਂ ਝੂਠੀ ਹੈ ਜਾਂ ਨਹੀਂ। ਇਹ ਵੀ ਦੇਖਣਾ ਜ਼ਰੂਰੀ ਹੈ ਕਿ ਉਹ ਕਿੰਨੀ ਪੂਰੀ ਅਤੇ ਸੰਦਰਭ ਸਮੇਤ ਹੈ।

ਸਕੂਲਾਂ ਅਤੇ ਪਰਿਵਾਰਾਂ ਵਿੱਚ ਡਿਜੀਟਲ ਸਾਖਰਤਾ 'ਤੇ ਵਧੇਰੇ ਧਿਆਨ ਦੇਣ ਦੀ ਲੋੜ ਵੀ ਇਸੇ ਕਾਰਨ ਮਹਿਸੂਸ ਹੁੰਦੀ ਹੈ। ਬੱਚਿਆਂ ਅਤੇ ਨੌਜਵਾਨਾਂ ਨੂੰ ਸਿਰਫ਼ ਇੰਟਰਨੈੱਟ ਵਰਤਣਾ ਸਿਖਾਉਣਾ ਕਾਫ਼ੀ ਨਹੀਂ। ਉਨ੍ਹਾਂ ਨੂੰ ਸਰੋਤ ਪਛਾਣਨ, ਤਸਵੀਰਾਂ ਅਤੇ ਵੀਡੀਓਜ਼ ਦੀ ਪੜਤਾਲ ਕਰਨ, ਵੱਖ-ਵੱਖ ਸਰੋਤਾਂ ਨਾਲ ਜਾਣਕਾਰੀ ਮਿਲਾਉਣ ਅਤੇ ਸ਼ੱਕੀ ਸਮੱਗਰੀ ਨੂੰ ਅੱਗੇ ਨਾ ਫੈਲਾਉਣ ਦੀ ਆਦਤ ਵੀ ਸਿਖਾਉਣੀ ਜ਼ਰੂਰੀ ਹੈ। ਡਿਜੀਟਲ ਪਲੇਟਫਾਰਮਾਂ ਦੀ ਵਧਦੀ ਪਹੁੰਚ ਨਾਲ ਜ਼ਿੰਮੇਵਾਰੀ ਦਾ ਸਵਾਲ ਵੀ ਜੁੜਿਆ ਹੋਇਆ ਹੈ। ਪਲੇਟਫਾਰਮਾਂ ਲਈ ਇਹ ਚੁਣੌਤੀ ਹੈ ਕਿ ਜਾਣਕਾਰੀ ਦੇ ਖੁੱਲ੍ਹੇ ਪ੍ਰਵਾਹ ਅਤੇ ਗਲਤ ਸਮੱਗਰੀ ਦੇ ਫੈਲਾਅ ਵਿਚਕਾਰ ਸੰਤੁਲਨ ਕਿਵੇਂ ਬਣਾਇਆ ਜਾਵੇ। ਦੂਜੇ ਪਾਸੇ, ਸਰਕਾਰੀ ਅਤੇ ਜਨਤਕ ਸੰਸਥਾਵਾਂ ਲਈ ਸਮੇਂ ਸਿਰ ਸਪੱਸ਼ਟ ਅਤੇ ਆਸਾਨੀ ਨਾਲ ਉਪਲਬਧ ਜਾਣਕਾਰੀ ਦੇਣਾ ਮਹੱਤਵਪੂਰਨ ਹੈ। ਜਿੰਨੀ ਸਪੱਸ਼ਟ ਅਤੇ ਪਹੁੰਚਯੋਗ ਅਧਿਕਾਰਤ ਜਾਣਕਾਰੀ ਹੋਵੇਗੀ, ਉੰਨਾ ਹੀ ਲੋਕਾਂ ਲਈ ਕਿਸੇ ਦਾਅਵੇ ਦੀ ਜਾਂਚ ਕਰਨਾ ਆਸਾਨ ਹੋ ਸਕਦਾ ਹੈ। ਜਾਣਕਾਰੀ ਦੀ ਕਮੀ ਨਹੀਂ, ਸਗੋਂ ਭਰੋਸੇਯੋਗ ਜਾਣਕਾਰੀ ਦੀ ਪਛਾਣ ਵੱਡੀ ਚੁਣੌਤੀ ਬਣ ਰਹੀ ਹੈ। ਇਸ ਲਈ ਕਿਸੇ ਖ਼ਬਰ ਦਾ ਸਭ ਤੋਂ ਪਹਿਲਾਂ ਪਹੁੰਚਣਾ ਉਸ ਦੀ ਸਭ ਤੋਂ ਵੱਡੀ ਖੂਬੀ ਨਹੀਂ ਹੋ ਸਕਦੀ ਅਤੇ ਵਾਇਰਲ ਹੋਣਾ ਉਸ ਦੀ ਸੱਚਾਈ ਦਾ ਸਬੂਤ ਨਹੀਂ।

ਪੁਸਤਕ ਸਮੀਖਿਆ :
ਪੁਸਤਕ ਦਾ ਨਾਮ : ਹੋਂਦ ਦੀ ਪ੍ਰਿਜ਼ਮ
ਲੇਖਕ ਦਾ ਨਾਮ : ਦੇਸ਼ ਬੀਰ
ਪ੍ਰਕਾਸ਼ਕ : ਲੇਖਕ ਖੁਦ
ਪੰਨੇ : 145, ਮੁੱਲ : 150 ਰੁਪਏ
ਰੀਵਿਊ ਕਰਤਾ : ਡਾ. ਪ੍ਰਿਤਪਾਲ ਸਿੰਘ ਮਹਿਰੋਕ
ਮਾਨਵ ਹਿਤੈਸ਼ੀ ਨਿਬੰਧਕਾਰੀ ਦੇ ਸਿਰਜਣਾਤਮਿਕ ਸੰਦਰਭ : ਹੋਂਦ ਦੀ ਪ੍ਰਿਜ਼ਮ
ਡਾ. ਪ੍ਰਿਤਪਾਲ ਸਿੰਘ ਮਹਿਰੋਕ
ਸੰਪਰਕ : 98885-10185



'ਹੋਂਦ ਦੀ ਪ੍ਰਿਜ਼ਮ' ਪ੍ਰਿੰ. ਦੇਸ਼ ਬੀਰ ਦੀ ਚੌਥੀ ਪੁਸਤਕ ਹੈ। ਇਸ ਤੋਂ ਪਹਿਲਾਂ ਉਸਦੀ ਪੰਜਾਬੀ ਦੀ ਇਕ ਪੁਸਤਕ 'ਜਵਾਬ ਅਜੇ ਬਾਕੀ ਹੈ...' ਅਤੇ ਅੰਗਰੇਜ਼ੀ ਵਿੱਚ ਕਵਿਤਾਵਾਂ ਦੀਆਂ ਦੋ ਪੁਸਤਕਾਂ 'Petals n pebbles' ਅਤੇ 'Eluding Rainbows' ਚਰਚਾ ਵਿੱਚ ਹਨ ਤੇ ਉਨ੍ਹਾਂ ਨੂੰ ਪਾਠਕਾਂ ਵੱਲੋਂ ਸਲਾਹਿਆ ਜਾ ਰਿਹਾ ਹੈ। 'ਹੋਂਦ ਦੀ ਪ੍ਰਿਜ਼ਮ' ਪੁਸਤਕ ਵਿਚ ਸ਼ਾਮਿਲ 68 ਨਿਬੰਧ ਮੂਲ ਰੂਪ ਵਿਚ ਅੰਗਰੇਜ਼ੀ ਵਿੱਚ ਲਿਖੇ ਗਏ ਸਨ, ਜੋ ਸਮੇਂ ਸਮੇਂ ਅੰਗਰੇਜ਼ੀ ਦੀਆਂ ਪ੍ਰਮੁੱਖ ਅਖ਼ਬਾਰਾਂ ਵਿੱਚ ਮਿਡਲ ਵਜੋਂ ਜਾਂ ਨੁਮਾਇਆ ਸਥਾਨ 'ਤੇ ਛਪਦੇ ਰਹੇ ਹਨ ਅਤੇ ਪਾਠਕਾਂ ਵੱਲੋਂ ਉਨ੍ਹਾਂ ਨੂੰ ਭਰਪੂਰ ਹੁੰਗਾਰਾ ਮਿਲਦਾ ਰਿਹਾ ਹੈ।ਇਨ੍ਹਾਂ ਨਿਬੰਧਾਂ ਵਿਚਲੇ ਵਸਤੂ ਤੱਤ ਪਿੱਛੇ ਕੰਮ ਕਰ ਰਹੇ ਸੱਚ,ਵਿਵੇਕ,ਬੁੱਧੀ, ਤਰਕਸ਼ੀਲਤਾ, ਵਿਚਾਰਧਾਰਕ ਪਰਪੱਕਤਾ ਅਤੇ ਕਲਾਤਮਿਕਤਾ ਦਾ ਸੁਮੇਲ ਪਾਠਕ ਨੂੰ ਧੁਰ ਅੰਦਰ ਤੱਕ ਧੂਹ ਪਾਉਂਣ ਵਾਲੇ ਪਹਿਲੂ ਹਨ। ਮੂਲ ਰੂਪ ਵਿੱਚ ਇਨ੍ਹਾਂ ਨਿਬੰਧਾਂ ਵਿੱਚ ਪ੍ਰਿੰ.ਦੇਸ਼ ਬੀਰ ਨੇ ਆਪਣੇ ਜੀਵਨ ਦੇ ਵਿਭਿੰਨ ਪੜਾਵਾਂ ਵਿੱਚ ਗ੍ਰਹਿਣ ਕੀਤੇ ਜੀਵਨ ਅਨੁਭਵ ਨੂੰ ਸੂਤਰਬੱਧ ਕੀਤਾ ਹੈ।ਇਹ ਨਿਬੰਧ ਸਮਾਜਿਕ,ਆਰਥਿਕ, ਸੱਭਿਆਚਾਰਕ ਅਤੇ ਸਦਾਚਾਰਕ ਸੰਦਰਭਾਂ/ਸਰੋਕਾਰਾਂ ਨਾਲ ਵੀ ਜੁੜਦੇ ਹਨ ਤੇ ਸਾਹਿਤ ਦੇ ਇਨ੍ਹਾਂ ਖੇਤਰਾਂ ਨਾਲ ਗੂੜ੍ਹ ਸਬੰਧ ਸਥਾਪਤ ਕਰਦੇ ਹਨ। ਦੇਸ਼ ਬੀਰ ਇਨ੍ਹਾਂ ਨਿਬੰਧਾਂ ਵਿਚਲੇ ਅਸਲ ਖਾਸੇ ਨੂੰ ਬੇਹੱਦ ਭਾਵੁਕ ਸੁਰ ਵਿੱਚ ਬਿਆਨਦਾ ਹੈ।

ਇਹ ਪੁਸਤਕ ਕਈ ਸਮਾਜਿਕ ਅਹੁਰਾਂ ਬਾਰੇ, ਮਨੁੱਖ ਦੇ ਵਿਗਠਨ ਬਾਰੇ, ਸਮਾਜਿਕ-ਆਰਥਿਕ ਵਿਸੰਗਤੀਆਂ ਬਾਰੇ, ਮਨੁੱਖ ਦੀ ਕਰੂਰਤਾ ਬਾਰੇ, ਸਮਾਜਿਕ/ ਆਰਥਿਕ/ ਰਾਜਸੀ ਸਿਸਟਮ ਵਿੱਚ ਸਾਧਾਰਨ ਮਨੁੱਖ ਦੇ ਬੇਮੇਚ ਬੈਠਣ ਬਾਰੇ, ਲਾਚਾਰ ਹੋਣ ਤੇ ਉਸਦੀ ਹੁੰਦੀ ਸ਼ਿਕਸਤ ਬਾਰੇ ਕਈ ਪ੍ਰਸ਼ਨ ਉਠਾਉਂਦੀ ਹੈ। ਇਹ ਪੁਸਤਕ ਸਮਾਜ ਸਾਹਵੇਂ ਮਨੁੱਖ ਦੀਆਂ ਸਮਾਜਿਕ,ਆਰਥਿਕ, ਸੱਭਿਆਚਾਰਕ ਹਾਲਤਾਂ ਦਾ ਦਰਪਣ ਪ੍ਰਸਤੁਤ ਕਰਨ ਦਾ ਜ਼ਾਮਨ ਬਣ ਸਕਦੀ ਹੈ ਅਤੇ ਰਾਹ ਦਸੇਰੇ ਵਜੋਂ ਅਹਿਮ ਦਸਤਾਵੇਜ਼ ਹੋਣ ਦਾ ਦਮ ਭਰਦੀ ਹੈ।

ਉਲਝੇ ਹੋਏ ਸਮਾਜਿਕ ਤਾਣੇ-ਬਾਣੇ ਨੂੰ, ਨੁਕਸਦਾਰ ਪਰਿਪਾਟੀ ਵਿੱਚ ਉਲਝੀ ਵਿਵਸਥਾ ਨੂੰ,ਮਸ਼ੀਨ ਬਣ ਗਏ ਸੰਵੇਦਨਹੀਣ ਮਨੁੱਖ ਦੀ ਹੋਣੀ ਨੂੰ, ਸਿਖਿਆ ਦੇ ਵਪਾਰੀਕਰਨ ਨੂੰ, ਵਧ ਗਈਆਂ/ਰਹੀਆਂ ਸੁੱਖ-ਸਹੂਲਤਾਂ ਕਾਰਨ ਵਧ ਰਹੇ ਸਮਾਜਿਕ ਵਿਗਾੜ ਨੂੰ, ਕਾਨੂੰਨ ਵਿਵਸਥਾ ਦੇ ਹੁੰਦੇ ਘਾਣ ਨੂੰ, ਮਨੁੱਖੀ ਜੀਵਨ (ਜਾਨ) ਦੀ ਹੋ ਰਹੀ ਬੇਕਦਰੀ ਨੂੰ, ਮਨੁੱਖ ਦੀ ਸੋਚ ਤੇ ਵਿਚਾਰਾਂ ਵਿਚਲੇ ਉਲਾਰੂਪਨ ਨੂੰ, ਜੀਵਨ ਵਿੱਚ ਆਚਾਰ-ਵਿਹਾਰ ਦੇ ਮਹੱਤਵ ਨੂੰ, ਜੀਵਨ ਨਿਰਵਾਹ ਦੌਰਾਨ ਸੰਤੁਲਨ ਬਣਾ ਕੇ ਵਿਚਰਨ ਨੂੰ, ਸਥਿਤੀਆਂ ਨਾਲ ਸਮਝੌਤਾ ਕਰ ਲੈਣ ਦੀ ਜੀਵਨ ਜੁਗਤ ਨੂੰ, ਜੀਵਨ ਨੂੰ ਨੇਮਬੱਧ ਬਣਾਉਣ ਦੀ ਕਲਾ ਸਿੱਖਣ ਤੇ ਉਸਦਾ ਪਾਲਣ ਕਰਨ ਨੂੰ, ਮਨੁੱਖ ਦੀ ਹੋਂਦ ਦੀ ਅਸਲੀਅਤ ਤੇ ਛਿਨ-ਭੰਗਰਤਾ ਦੇ ਸੱਚ ਨੂੰ,ਨਿੱਤ ਨਵੀਆਂ ਹੋ ਰਹੀਆਂ ਖੋਜਾਂ ਪਿੱਛੇ ਕੰਮ ਕਰਦੇ ਸੱਚ ਨੂੰ ਅਤੇ ਹੋਰ ਬਹੁਤ ਕੁਝ ਨੂੰ ਲੇਖਕ ਨੇ ਬੜੀ ਬੇਬਾਕੀ ਨਾਲ ਤੇ ਤਰਕਸੰਗਤ ਲਹਿਜੇ ਵਿੱਚ ਪੇਸ਼ ਕੀਤਾ ਹੈ। ਪਿਤਾ ਭਾਵ ਨੂੰ ਸਿਜਦਾ ਕਰਨ ਵਿੱਚ ਲੇਖਕ ਆਪਣੀ ਖੁਸ਼ਕਿਸਮਤੀ ਸਮਝਦਾ ਹੈ।ਕਿਸੇ ਸਥਿਤੀ ਦਾ ਸਾਹਮਣਾ ਕਰਨ ਦੇ ਮੌਕੇ ਤੋਂ ਮਨੁੱਖ ਦੇ ਹੌਸਲੇ ਤੇ ਉਸਦੇ ਵਿਅਕਤਿਤਵ ਦੇ ਪੱਧਰ ਤੇ ਫੈਸਲਾ ਕਰਨ ਦੀ ਸਮਰੱਥਾ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਵਰਤੋਂ ਵਿਹਾਰ ਦੇ ਆਧਾਰ 'ਤੇ ਲੇਖਕ ਹਮਸਾਇਆਂ ਨੂੰ ਮਾਂ ਪਿਓ ਜਾਏ ਕਹਿੰਦਾ ਹੈ।

ਬਾਲ ਅਵਸਥਾ ਤੋਂ ਹੀ ਬੱਚਾ ਕੁਝ ਨਾ ਕੁਝ ਸਿੱਖਣਾ ਪ੍ਰਾਰੰਭ ਕਰ ਦਿੰਦਾ ਹੈ। ਬੱਚਾ ਬਾਤਾਂ ਸੁਣਦਾ ਹੈ। ਉਸ ਅੰਦਰ ਕੁਝ ਜਾਣਨ ਦੀ ਉਤਸੁਕਤਾ ਪੈਦਾ ਹੁੰਦੀ ਹੈ। ਉਹ ਗੱਲਾਂ-ਬਾਤਾਂ ਨੂੰ ਸਮਝਣ ਲੱਗਦਾ ਹੈ ਤੇ ਹੁੰਗਾਰਾ ਭਰਨਾ ਸਿੱਖਦਾ ਹੈ। ਬੱਚੇ ਨੂੰ ਸਿੱਖਿਆ ਦੇਣ ਵਾਸਤੇ ਬਾਤਾਂ ਤੇ ਲੋਰੀਆਂ ਮੁੱਢਲਾ ਵਸੀਲਾ ਬਣ ਕੇ ਪ੍ਰਗਟ ਹੁੰਦੀਆਂ ਹਨ।ਬੱਚੇ ਦੀ ਸ਼ਖ਼ਸੀਅਤ ਦੀ ਉਸਾਰੀ ਤੇ ਚਰਿੱਤਰ ਨਿਰਮਾਣ ਵਿੱਚ ਬਚਪਨ ਵਿੱਚ ਸੁਣੀਆਂ ਬਾਤਾਂ ਦਾ ਗੂੜ੍ਹਾ ਅਸਰ ਪੈਂਦਾ ਹੈ,ਇਸ ਲਈ ਇਨ੍ਹਾਂ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ। ਆਤਮ ਨਿਰਭਰਤਾ ਵੱਲ ਰਹੇ ਕਦਮ ਸਲਾਹੁਣਯੋਗ ਹੁੰਦੇ ਹਨ। ਔਰਤ ਜੇ ਆਰਥਿਕ ਤੌਰ ਤੇ ਆਜ਼ਾਦ ਅਤੇ ਸਵੈ ਨਿਰਭਰ ਹੋ ਰਹੀ ਹੈ ਤਾਂ ਇਸਨੂੰ ਸਮਾਜਿਕ ਵਿਕਾਸ ਦੀ ਦਿਸ਼ਾ ਵੱਲ ਸ਼ੁਭ ਸੰਕੇਤ ਸਮਝਿਆ ਜਾਣਾ ਚਾਹੀਦਾ ਹੈ।ਅਜਿਹੇ ਉਪਰਾਲੇ ਉਸਾਰੂ, ਸਮੇਂ ਦੇ ਨਾਲ ਚੱਲਣ ਵਾਲੇ ਤੇ ਹੌਸਲਾ ਵਧਾਊ ਸਮਝੇ ਜਾਣੇ ਚਾਹੀਦੇ ਹਨ। ਨਾਲ ਹੀ, ਲੇਖਕ ਸਲਾਹ ਦਿੰਦਾ ਹੈ ਕਿ ਮਨੁੱਖ ਨੂੰ ਕਦੇ ਵੀ ਆਪਣੀ ਹਸਤੀ ਉਪਰ ਹੰਕਾਰ ਨਹੀਂ ਕਰਨਾ ਚਾਹੀਦਾ।ਨੌਕਰੀ ਤੋਂ ਸੇਵਾ ਮੁਕਤ ਹੋ ਚੁੱਕੇ ਅਤੇ ਪੈਨਸ਼ਨ ਲਈ ਯੋਗ ਪਾਏ ਜਾਂਦੇ ਲੋਕ ਜਦੋਂ ਪੈਨਸ਼ਨ ਹਾਸਲ ਕਰਨ ਦੇ ਅਧਿਕਾਰ ਨੂੰ ਮਾਣ ਰਹੇ ਹੁੰਦੇ ਹਨ ਤਾਂ ਉਹ ਸਮਾਂ ਖੁਸ਼ੀ/ਤਸੱਲੀ ਪ੍ਰਾਪਤ ਕਰਨ ਵਾਲਾ ਸਮਾਂ ਹੁੰਦਾ ਹੈ।ਪੈਨਸ਼ਨ ਵੀ ਸਵੈ ਨਿਰਭਰ ਹੋਣ ਤੇ ਸਵੈ ਮਾਣ ਨਾਲ ਜ਼ਿੰਦਗੀ ਗੁਜ਼ਾਰਨ ਲਈ ਵੱਡਾ ਵੀ ਸਹਾਰਾ ਬਣਦੀ ਹੈ।ਪੈਨਸ਼ਨ ਨਾਲ ਜੁੜਦੀ ਗੱਲ ਨੂੰ ਲੇਖਕ 'ਪੈਨਸ਼ਨ ਦੀ ਲ਼ਲ਼ਕ' ਵਿੱਚ ਕਿਸੇ ਨਾ ਕਿਸੇ ਪ੍ਰਸੰਗ ਵਿੱਚ ਕਰ ਜਾਂਦਾ ਹੈ। ਤੁਰ-ਫਿਰ ਕੇ ਫਲ ਵੇਚਦੇ ਰੇਹੜੀ ਵਾਲੇ ਇਕ ਫਲ ਵਿਕਰੇਤਾ ਦੇ ਬੋਲਾਂ ਵਿੱਚ ਵਜ਼ਨ ਹੈ।ਉਹ ਕਹਿੰਦਾ ਹੈ-÷ਬਾਬੂ ਜੀ ! ਦੁਨੀਆਂ ਵਿੱਚ ਪੈਨਸ਼ਨ ਨਾਲ ਦਾ ਆਨੰਦ ਕਿਸੇ ਚੀਜ਼ ਵਿੱਚ ਨਹੀਂ ਹੈ।÷ (ਪੰਨਾ 108)। ਪਿਛਲੇ ਸਾਲਾਂ ਦੌਰਾਨ ਜੀਵਨ ਦੇ ਪੱਧਰ ਅਤੇ ਰਹਿਣ-ਸਹਿਣ ਦੇ ਢੰਗ-ਤਰੀਕਿਆਂ ਵਿੱਚ ਆਏ ਬਹੁਤ ਵੱਡੇ ਬਦਲਾਅ ਬਾਰੇ ਵੀ ਲੇਖਕ ਗੱਲ ਕਰਦਾ ਹੈ। ਸਮਾਂ ਪਰਿਵਰਤਨਸ਼ੀਲ ਹੈ। ਜ਼ਿੰਦਗੀ ਵਿੱਚ ਪਰਿਵਰਤਨ ਵਾਪਰਨਾ ਵੀ ਸਹਿਜ ਤੇ ਸੁਭਾਵਿਕ ਵਰਤਾਰਾ ਹੈ।

ਹੰਕਾਰ ਦੇ ਉਬਾਲ ਨਾਲ ਸੜੇ ਮਨੁੱਖ ਲਈ ਮੁੜ ਸੰਭਲਣਾ ਤੇ ਰੁਖ਼ ਸਿਰ ਆਉਣਾ ਔਖਾ ਹੋ ਜਾਂਦਾ ਹੈ। ਅਜੋਕਾ ਮਨੁੱਖ ਕਈ ਸੰਕਟਾਂ ਦੇ ਸਨਮੁੱਖ ਖੜ੍ਹਾ ਹੈ, ਜਿਨ੍ਹਾਂ ਵਿੱਚੋਂ ਬਹੁਤੇ ਉਸਦੇ ਆਪੂੰ ਸਹੇੜੇ ਹੁੰਦੇ ਹਨ। ਇਕੱਲਤਾ ਤੇ ਬੇਗਾਨਗੀ ਦਾ ਸੰਕਟ ਭੋਗਣ ਦੀ ਅਵਸਥਾ ਬੜੇ ਅਸਹਿ ਮਨੋਂ-ਸੰਕਟ ਵਿਚੀਂ ਗੁਜ਼ਰਨ ਵਾਲੀ ਅਵਸਥਾ ਬਣ ਜਾਂਦੀ ਹੈ।ਇਹ ਕਿਸੇ ਬਿਮਾਰੀ ਦਾ ਸੰਤਾਪ ਭੋਗਣ ਨਾਲੋਂ ਘੱਟ ਕਸ਼ਟਦਾਇਕ ਨਹੀਂ ਹੁੰਦੀ ! ਸਮਾਜਿਕ ਸਮਾਗਮਾਂ ਉਪਰ ਵਿਖਾਵਾ ਕਰਨ, ਫੋਕੀ ਟੋਹਰ ਵਿਖਾਉਣ ਤੇ ਫ਼ਜ਼ੂਲ ਖਰਚੀ ਕਰਨ ਨੂੰ ਲੇਖਕ ਕਿਸੇ ਤਰ੍ਹਾਂ ਵੀ ਵਾਜਿਬ ਨਹੀਂ ਸਮਝਦਾ।ਖ਼ਾਸ ਕਰਕੇ ਰਿਸੈਪਸ਼ਨਜ਼ ਵਰਗੇ ਸਮਾਗਮ ਮਹਿਜ਼ ਵਿਖਾਵਾ ਤੇ ਫ਼ਜ਼ੂਲ ਖਰਚੀ ਹੀ ਸਮਝੇ ਜਾਣੇ ਚਾਹੀਦੇ ਹਨ।ਵਿਖਾਵੇ ਦੀ ਜ਼ਿੰਦਗੀ ਨਾਲੋਂ ਸਬਰ,ਸੰਤੋਖ ਤੇ ਸਾਦਗੀ ਵਾਲੀ ਜ਼ਿੰਦਗੀ ਬਿਹਤਰ ਹੈ ਤੇ ਉਸ ਵਿੱਚੋਂ ਵੀ ਸਕੂਨ ਲੱਭਿਆ ਜਾ ਸਕਦਾ ਹੈ।

ਕੋਮਲ ਭਾਵੀ ਲੇਖਕ ਕੁਦਰਤੀ ਨਜ਼ਾਰਿਆਂ ਦਾ ਕਾਇਲ ਹੈ। ਪ੍ਰਾਕ੍ਰਿਤਕ ਚੌਗਿਰਦੇ ਨੂੰ ਉਹ ਬੜੀ ਰੀਝ ਤੇ ਨੀਝ ਨਾਲ ਚਿੱਤਰਦਾ ਹੈ ਤੇ ਉਨ੍ਹਾਂ ਵਿੱਚੋਂ ਖੁਸ਼ੀ ਤੇ ਆਨੰਦ ਭਾਲਦਾ ਹੈ। ਕੁਦਰਤ ਦੀ ਗੋਦ ਵਿੱਚ, ਹਰਿਆਵਲ ਭਰੇ ਚੌਗਿਰਦੇ ਵਿੱਚ ਜਲ ਭੰਡਾਰਾਂ ਨੇੜੇ ਰਹਿਣ ਦੇ ਰੋਮਾਂਚ ਨੂੰ ਲੇਖਕ ਨੇ ਬਾਲਪਨ ਵਿੱਚ ਖੁਦ ਮਾਣਿਆ ਹੈ।ਦਿਹਾਤੀ ਫੁੱਲਾਂ, ਫਲਾਂ ਨੂੰ ਪਸੰਦ ਕਰਨਾ, ਫਲਾਂ ਨੂੰ ਖਾਣਾ ਤੇ ਉਨ੍ਹਾਂ ਦਾ ਅਦੁੱਤੀ ਸਵਾਦ ਚੱਖਣਾ ਉਸਨੂੰ ਚੰਗਾ ਲੱਗਦਾ ਹੈ।ਘਰ ਵਿੱਚ ਖਾਣਾ ਬਣਾਉਣ ਦੀ ਜ਼ਿੰਮੇਵਾਰੀ ਸਿਰਫ਼ ਔਰਤ ਦੀ ਹੀ ਸਮਝੀ ਜਾਂਦੀ ਹੈ। ਇਹ ਨਿਆਇਸੰਗਤ ਨਹੀਂ। ਲੇਖਕ ਨੂੰ ਇਹ ਗੱਲ ਹਜ਼ਮ ਕਰਨੀ ਕਠਿਨ ਲੱਗ ਰਹੀ ਹੈ। ਇਸ ਚਲਨ ਨੂੰ ਬਦਲਣ ਦੀ ਲੋੜ ਹੈ। ਸਮਾਜਿਕ ਸਿਸਟਮ ਦੇ ਚਲਨ ਨੂੰ ਬਦਲਣਾ ਕਠਿਨ ਹੁੰਦਾ ਹੈ।ਕਿਸੇ ਨਿੱਕੀ ਜਿਹੀ ਗੱਲ ਨੂੰ ਬਦਲਦਿਆਂ ਕਈ ਵਾਰ ਸਦੀਆਂ ਲੱਗ ਜਾਂਦੀਆਂ ਹਨ। ਡਿਜ਼ੀਟਲ ਸਮੇਂ ਦੇ ਮਨੁੱਖ ਦੀ ਜ਼ਿੰਦਗੀ ਉਪਰ,ਕੰਮਾਂ-ਕਾਰਾਂ ਉਪਰ, ਉਤਪਾਦਾਂ ਉਪਰ ਇਸਦਾ ਬਹੁਤ ਅਸਰ ਪਿਆ ਹੈ ਤੇ ਪੈ ਰਿਹਾ ਹੈ। ਇਸਦਾ ਜ਼ਿਕਰ ਵੀ ਲੇਖਕ ਕਰਦਾ ਹੈ। ਲੌਕ ਡਾਊਨ ਵਾਲੇ ਸਮੇਂ ਦੇ ਕੁਝ ਸਾਕਾਰਾਤਮਿਕ ਪ੍ਰਭਾਵਾਂ ਨੂੰ ਵੀ ਲੇਖਕ ਨੇ ਬਾਖੂਬੀ ਬਿਆਨਿਆ ਹੈ।

ਪੁਸਤਕ ਪੜ੍ਹਦਿਆਂ ਪੁਸਤਕ ਦੇ ਦਾਇਰੇ ਵਿੱਚ ਸਿਮਟਦੇ ਨਿਬੰਧਾਂ ਦੀਆਂ ਵਿਭਿੰਨ ਪਰਤਾਂ ਖੁੱਲ੍ਹਦੀਆਂ ਜਾਂਦੀਆਂ ਹਨ। ਨਿਬੰਧਾਂ ਦੇ ਸਿਰਲੇਖਾਂ ਦੇ ਅਰਥ ਸਪਸ਼ਟ ਹੁੰਦੇ ਜਾਂਦੇ ਹਨ।ਪੁਸਤਕ ਵਿਚ ਸ਼ਾਮਿਲ ਨਿਬੰਧਾਂ ਦੇ ਥੀਮਕ ਸਰੋਕਾਰਾਂ ਬਾਰੇ, ਲੇਖਕ ਦੀ ਵਾਰਤਕ ਕਲਾ ਬਾਰੇ ਤੇ ਨਿਬੰਧਾਂ ਦੇ ਰਚਨਾ ਵਿਧਾਨ ਬਾਰੇ ਜਾਣਕਾਰੀ ਵਿਸਥਾਰ ਕਰਦੀ ਜਾਂਦੀ ਹੈ ਉਸਦੇ ਨਿਬੰਧਾਂ ਵਿੱਚ ਵਿਚਾਰ ਪ੍ਰਵਾਹ ਦੀ ਰਵਾਨੀ ਹੈ। ਉਸਦੇ ਵਿਚਾਰਾਂ ਵਿੱਚ ਲੈਅ ਹੈ। ਜਦੋਂ ਉਹ ਸਿਰਜਣਾ ਦੇ ਅਮਲ ਵਿੱਚ ਹੁੰਦਾ ਹੈ ਤਾਂ ਉਸਦੇ ਵਿਚਾਰਾਂ ਦੀ ਲੈਅ ਉਸਦੇ ਨਿਬੰਧਾਂ ਦੀ ਲੈਅ ਬਣ ਜਾਂਦੀ ਹੈ ਤੇ ਵਿਚਾਰਾਂ ਦਾ ਪ੍ਰਵਾਹ ਸਫੁਟਕ ਹੁੰਦਾ ਜਾਂਦਾ ਹੈ।

ਇਕ ਰੁਪਏ ਦਾ ਨੋਟ ਲੱਭਣ 'ਤੇ ਬੱਚੇ ਖੁਸ਼ੀ ਵਿੱਚ ਝੂਮਦੇ ਹਨ ਤੇ ਇਕੱਠੇ ਹੋ ਕੇ ਖਾਣ-ਪੀਣ ਦਾ ਜਸ਼ਨ ਮਨਾਉਣ ਦਾ ਪ੍ਰੋਗਰਾਮ ਉਲੀਕੀ ਬੈਠੇ ਹਨ।ਉਨ੍ਹਾਂ ਨੂੰ ਜਦੋਂ ਲੱਭਿਆ ਨੋਟ ਉਸਦੇ ਮਾਲਕ ਨੂੰ ਵਾਪਸ ਕਰਨਾ ਪੈ ਜਾਂਦਾ ਹੈ ਤਾਂ ਉਨ੍ਹਾਂ ਦੀ ਖੁਸ਼ੀ ਉਡ-ਪੁਡ ਜਾਂਦੀ ਹੈ। ਲੇਖਕ ਸਮਝਦਾ ਹੈ ਕਿ ਸਹੀ ਵਕਤ 'ਤੇ ਸੱਚ ਬੋਲਣਾ ਬੇਸ਼ੱਕ ਮਹਿੰਗਾ ਪੈਂਦਾ ਹੈ ਪਰ ਸੱਚ ਉਹੀ ਹੁੰਦਾ ਹੈ ਜੋ ਮੌਕਾ ਮਿਲਦਿਆਂ ਹੀ ਬੋਲਿਆ ਜਾਂਦਾ ਹੈ। ਬਚਪਨ ਵਿੱਚ ਵਾਪਰੀ ਛੋਟੀ ਜਿਹੀ ਘਟਨਾ ਉਪਰ ਆਧਾਰਿਤ ਇਸ ਨਿਬੰਧ ਰਾਹੀਂ ਲੇਖਕ ਨੇ ਬਹੁਤ ਵੱਡੀ ਤੇ ਮਹੱਤਵਪੂਰਨ ਗੱਲ ਕਹਿ ਦਿੱਤੀ ਹੈ।

ਪ੍ਰਿੰ.ਰਜਿੰਦਰ ਕੌਰ (ਸਾਬਕਾ ਪ੍ਰਿੰਸੀਪਲ, ਸਰਕਾਰੀ ਕਾਲਜ, ਟਾਂਡਾ) ਨੇ ਪੁਸਤਕ ਵਿਚ ਸ਼ਾਮਿਲ ਨਿਬੰਧਾਂ ਨੂੰ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕਰਨ ਦੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਇਆ ਹੈ। ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਪੁਸਤਕ ਦੀ ਰਚਨਾ ਮੂਲ ਰੂਪ ਵਿੱਚ ਪੰਜਾਬੀ ਵਿੱਚ ਹੀ ਕੀਤੀ ਗਈ ਹੋਵੇ। ਇਹ ਪ੍ਰਿੰ.ਰਜਿੰਦਰ ਕੌਰ ਦੀ ਅਨੁਵਾਦ ਕਲਾ ਦਾ ਕਮਾਲ ਸਮਝਿਆ ਜਾਣਾ ਚਾਹੀਦਾ ਹੈ। 'ਹੋਂਦ ਦੀ ਪ੍ਰਿਜ਼ਮ' ਪੁਸਤਕ ਵਿਚਲੇ ਨਿਬੰਧਾਂ ਅੰਦਰਲਾ ਰਚਨਾ ਸੰਸਾਰ,ਉਨ੍ਹਾਂ ਦੇ ਥੀਮਕ ਪੈਟਰਨ, ਉਨ੍ਹਾਂ ਦੀ ਬਹੁ ਪਰਤੀ ਪ੍ਰਸੰਗਿਕਤਾ,ਉਨ੍ਹਾਂ ਦੇ ਸੁਝਾਊਪੂਰਵਕ ਤੇ ਪ੍ਰੇਰਨਾਦਾਇਕ ਹੋਣ ਦਾ ਪ੍ਰਤੱਖਣ ਆਪਣੀ ਮਿਸਾਲ ਆਪ ਬਣਦਾ ਹੈ। ਨਿਬੰਧਾਂ ਦੀ ਰਚਨਾਤਮਿਕ ਵਿਉਂਤ, ਉਨ੍ਹਾਂ ਵਿਚਲੀ ਬੌਧਿਕ ਪੁਖ਼ਤਗੀ ਤੇ ਲੇਖਕ ਦੀ ਵਾਰਤਕ ਸ਼ੈਲੀ ਦੀ ਵਿਲੱਖਣਤਾ ਵੀ ਇਨ੍ਹਾਂ ਨਿਬੰਧਾਂ ਦਾ ਜ਼ਿਕਰਯੋਗ ਹਾਸਿਲ ਬਣਦੀ ਹੈ। ਇਸ ਪੁਸਤਕ ਨੂੰ ਮੈਂ ਮਾਨਵ ਹਿਤੈਸ਼ੀ ਰਚਨਾਕਾਰੀ ਦਾ ਪੁਖ਼ਤਾ ਦਸਤਾਵੇਜ਼ ਮੰਨਦਾ ਹਾਂ। ਮੈਂ ਇਸ ਮਾਨਵ ਹਿਤੈਸ਼ੀ ਨਿਬੰਧਕਾਰੀ ਦੇ ਸਿਰਜਣਾਤਮਿਕ ਸੰਦਰਭਾਂ ਦੀ ਤਲਾਸ਼ ਕਰਨ ਦਾ ਯਤਨ ਕੀਤਾ ਹੈ।ਇਹ ਸੰਦਰਭ ਅਨੇਕ ਮਾਨਵੀ ਸਰੋਕਾਰਾਂ ਨਾਲ ਜੁੜਦੇ ਹਨ।ਇਹ ਪਹਿਲੂ ਇਨ੍ਹਾਂ ਨਿਬੰਧਾਂ ਦੀ ਵੱਡੀ ਪ੍ਰਾਪਤੀ ਬਣਦਾ ਹੈ। ਹੁਣ ਜਦੋਂ ਕਿ ਸਮਾਜ ਸਾਹਵੇਂ ਅਨੇਕ ਚੁਣੌਤੀਆਂ ਹਨ ਤੇ ਮਨੁੱਖ ਨਿੱਤ ਨਵੀਆਂ ਉਲਝਣਾਂ ਵਿਚ ਘਿਰਦਾ ਜਾ ਰਿਹਾ ਹੈ ਤਾਂ ਅਜਿਹੇ ਮੌਕੇ ਇਹ ਪੁਸਤਕ ਮਨੁੱਖ ਨੂੰ ਸਹੀ ਦਿਸ਼ਾ ਵੱਲ ਸੇਧਿਤ ਕਰ ਸਕਦੀ ਹੈ।ਲੇਖਕ ਸਮਕਾਲ ਨਾਲ ਸੰਵਾਦ ਰਚਾਉਂਦਾ ਹੈ।ਇਸ ਪੁਸਤਕ ਰਾਹੀਂ ਮੈਂ ਲੇਖਕ ਦੇਸ਼ ਬੀਰ ਦੇ ਸਿਰਜਣਾਤਮਿਕ ਰਹੱਸ ਨੂੰ ਸਮਝਣ ਦਾ ਯਤਨ ਕੀਤਾ ਹੈ।ਯਥਾਰਥ ਦੇ ਧਰਾਤਲ 'ਤੇ ਉਸਰਦੀ ਇਹ ਪੁਸਤਕ ਮਨੁੱਖ ਦੇ ਚਿੰਤਨ ਨੂੰ ਵਿਸਥਾਰ ਪ੍ਰਦਾਨ ਕਰਦੀ ਹੈ।ਇਹ ਪੁਸਤਕ ਇਸ ਗੱਲ ਦਾ ਵੀ ਬੋਧ ਕਰਾਉਂਦੀ ਹੈ ਕਿ ਉਸਦਾ ਚਿੰਤਨ ਉਸਦੀ ਨਿਬੰਧਕਾਰੀ ਵਿੱਚ ਕਿਸ ਤਰ੍ਹਾਂ ਰੂਪਾਂਤਰਿਤ ਹੁੰਦਾ ਹੈ।ਇਸ ਮਿਆਰੀ ਪੁਸਤਕ ਦੀ ਰਚਨਾਕਾਰੀ ਤੇ ਉਸਨੂੰ ਪੜ੍ਹਨ ਦਾ ਅਮਲ ਮਨ ਨੂੰ ਧਰਵਾਸ ਦੇਣ ਦਾ ਸਬੱਬ ਬਣਦਾ ਹੈ।ਇਹ ਨਿਬੰਧ ਵਿਸ਼ੇ ਅਤੇ ਰੂਪਗਤ ਅਨੁਸ਼ਾਸਨ ਵਿਚ ਉਸਰਦੇ ਹਨ ਤੇ ਪਾਠਕ ਦੇ ਮਨ ਮਨਸਕ 'ਤੇ ਮਹੱਤਵਪੂਰਨ ਸੁਨੇਹੇ ਸਮੇਤ ਦਸਤਕ ਦਿੰਦੇ ਹਨ।

-ਡਾ.ਪ੍ਰਿਤਪਾਲ ਸਿੰਘ ਮਹਿਰੋਕ

ਮੋਬਾਈਲ ਸਾਡੇ ਹੱਥ ਵਿੱਚ ਹੈ ਜਾਂ ਅਸੀਂ ਮੋਬਾਈਲ ਦੇ ਹੱਥ ਵਿੱਚ?

ਅੱਜ ਦੀ ਸਵੇਰ ਪਹਿਲਾਂ ਵਰਗੀ ਨਹੀਂ ਰਹੀ। ਅੱਖ ਖੁੱਲ੍ਹਣ ਤੋਂ ਪਹਿਲਾਂ ਹੀ ਹੱਥ ਮੋਬਾਈਲ ਵੱਲ ਵਧ ਜਾਂਦਾ ਹੈ। ਕੋਈ ਸੁਨੇਹਾ ਆਇਆ ਹੈ ਜਾਂ ਨਹੀਂ, ਕਿਸੇ ਨੇ ਫੋਨ ਕੀਤਾ ਹੈ ਜਾਂ ਨਹੀਂ, ਦੁਨੀਆ ਵਿੱਚ ਰਾਤੋ-ਰਾਤ ਕੀ ਵਾਪਰਿਆ—ਇਹ ਜਾਣਨ ਦੀ ਉਤਸੁਕਤਾ ਸਾਨੂੰ ਬਿਸਤਰੇ ਤੋਂ ਉੱਠਣ ਤੋਂ ਪਹਿਲਾਂ ਹੀ ਮੋਬਾਈਲ ਨਾਲ ਜੋੜ ਦਿੰਦੀ ਹੈ। ਰਾਤ ਨੂੰ ਸੌਣ ਵੇਲੇ ਵੀ ਹਾਲ ਕੁਝ ਵੱਖਰਾ ਨਹੀਂ ਹੁੰਦਾ। ਅੱਖਾਂ ਥੱਕੀਆਂ ਹੁੰਦੀਆਂ ਹਨ, ਪਰ ਉਂਗਲਾਂ ਪਰਦੇ 'ਤੇ ਚੱਲਦੀਆਂ ਰਹਿੰਦੀਆਂ ਹਨ।

ਇਸ ਬਦਲਦੀ ਜੀਵਨ-ਸ਼ੈਲੀ ਨੇ ਇੱਕ ਗੰਭੀਰ ਸਵਾਲ ਸਾਡੇ ਸਾਹਮਣੇ ਖੜ੍ਹਾ ਕਰ ਦਿੱਤਾ ਹੈ—ਮੋਬਾਈਲ ਸਾਡੇ ਹੱਥ ਵਿੱਚ ਹੈ ਜਾਂ ਅਸੀਂ ਮੋਬਾਈਲ ਦੇ ਹੱਥ ਵਿੱਚ?

ਮੋਬਾਈਲ ਆਪਣੇ ਆਪ ਵਿੱਚ ਕੋਈ ਮਾੜੀ ਚੀਜ਼ ਨਹੀਂ। ਇਸ ਨੇ ਸਾਡੀ ਜ਼ਿੰਦਗੀ ਨੂੰ ਬੇਹੱਦ ਆਸਾਨ ਬਣਾਇਆ ਹੈ। ਦੂਰ ਬੈਠੇ ਆਪਣੇ ਲੋਕਾਂ ਨਾਲ ਪਲਾਂ ਵਿੱਚ ਗੱਲ ਹੋ ਜਾਂਦੀ ਹੈ। ਕਿਸੇ ਥਾਂ ਦਾ ਪਤਾ ਲੱਭਣਾ ਹੋਵੇ, ਰੇਲ ਜਾਂ ਹਵਾਈ ਜਹਾਜ਼ ਦੀ ਟਿਕਟ ਲੈਣੀ ਹੋਵੇ, ਬੈਂਕ ਦਾ ਕੰਮ ਕਰਨਾ ਹੋਵੇ ਜਾਂ ਦੁਨੀਆ ਭਰ ਦੀ ਜਾਣਕਾਰੀ ਹਾਸਲ ਕਰਨੀ ਹੋਵੇ—ਮੋਬਾਈਲ ਸਾਡੇ ਲਈ ਇੱਕ ਛੋਟੇ ਜਿਹੇ ਸਾਧਨ ਵਿੱਚ ਬਹੁਤ ਵੱਡੀ ਦੁਨੀਆ ਸਮੇਟ ਲਿਆਉਂਦਾ ਹੈ।

ਪਰ ਸਹੂਲਤ ਅਤੇ ਨਿਰਭਰਤਾ ਵਿੱਚ ਬਹੁਤ ਥੋੜ੍ਹਾ ਫ਼ਰਕ ਹੁੰਦਾ ਹੈ

ਜਦੋਂ ਮੋਬਾਈਲ ਸਾਡੀ ਲੋੜ ਪੂਰੀ ਕਰਦਾ ਹੈ ਤਾਂ ਉਹ ਸਾਡਾ ਸਾਧਨ ਹੈ। ਪਰ ਜਦੋਂ ਬਿਨਾਂ ਕਿਸੇ ਕੰਮ ਦੇ ਵਾਰ-ਵਾਰ ਉਸਨੂੰ ਦੇਖਣ ਦੀ ਆਦਤ ਪੈ ਜਾਵੇ, ਹਰ ਕੁਝ ਮਿੰਟ ਬਾਅਦ ਪਰਦਾ ਖੋਲ੍ਹਣ ਨੂੰ ਮਨ ਕਰੇ ਅਤੇ ਮੋਬਾਈਲ ਤੋਂ ਦੂਰ ਰਹਿਣਾ ਔਖਾ ਲੱਗੇ, ਤਾਂ ਸਾਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ ਕਿ ਕਿਤੇ ਸਾਡਾ ਸਾਧਨ ਹੀ ਸਾਡਾ ਮਾਲਕ ਤਾਂ ਨਹੀਂ ਬਣ ਗਿਆ?

ਪਰਿਵਾਰ ਵਿੱਚ ਘਟਦੀ ਗੱਲਬਾਤ

ਮੋਬਾਈਲ ਨੇ ਸਾਡੇ ਪਰਿਵਾਰਕ ਜੀਵਨ ਨੂੰ ਵੀ ਬਦਲ ਦਿੱਤਾ ਹੈ।

ਇੱਕੋ ਕਮਰੇ ਵਿੱਚ ਬੈਠੇ ਪਰਿਵਾਰ ਦੇ ਮੈਂਬਰ ਕਈ ਵਾਰ ਇੱਕ-ਦੂਜੇ ਨਾਲ ਗੱਲ ਕਰਨ ਦੀ ਥਾਂ ਆਪਣੇ-ਆਪਣੇ ਮੋਬਾਈਲ ਵਿੱਚ ਰੁੱਝੇ ਰਹਿੰਦੇ ਹਨ। ਖਾਣੇ ਦੀ ਮੇਜ਼ 'ਤੇ ਖਾਣਾ ਤਾਂ ਇਕੱਠੇ ਹੁੰਦਾ ਹੈ, ਪਰ ਧਿਆਨ ਵੱਖ-ਵੱਖ ਪਰਦਿਆਂ 'ਤੇ ਹੁੰਦਾ ਹੈ।

ਪਹਿਲਾਂ ਘਰ ਵਿੱਚ ਬੱਚਿਆਂ ਦੀਆਂ ਗੱਲਾਂ ਸੁਣੀਆਂ ਜਾਂਦੀਆਂ ਸਨ, ਬਜ਼ੁਰਗ ਆਪਣੇ ਤਜਰਬੇ ਸਾਂਝੇ ਕਰਦੇ ਸਨ ਅਤੇ ਪਰਿਵਾਰਕ ਮੈਂਬਰ ਦਿਨ ਭਰ ਦੀਆਂ ਘਟਨਾਵਾਂ ਬਾਰੇ ਗੱਲਬਾਤ ਕਰਦੇ ਸਨ। ਹੁਣ ਕਈ ਵਾਰ ਘਰ ਵਿੱਚ ਚੁੱਪ ਹੁੰਦੀ ਹੈ, ਪਰ ਹਰ ਵਿਅਕਤੀ ਦੇ ਹੱਥ ਵਿੱਚ ਇੱਕ ਚਮਕਦਾ ਹੋਇਆ ਪਰਦਾ ਹੁੰਦਾ ਹੈ।

ਇਹ ਸਿਰਫ਼ ਇੱਕ ਆਦਤ ਦਾ ਬਦਲਾਅ ਨਹੀਂ। ਇਹ ਸਾਡੇ ਰਿਸ਼ਤਿਆਂ ਦੇ ਸੁਭਾਅ ਵਿੱਚ ਆ ਰਿਹਾ ਬਦਲਾਅ ਹੈ।

ਬੱਚਿਆਂ ਦੀ ਦੁਨੀਆ ਵੀ ਬਦਲ ਰਹੀ ਹੈ

ਮੋਬਾਈਲ ਦਾ ਸਭ ਤੋਂ ਵੱਡਾ ਪ੍ਰਭਾਵ ਬੱਚਿਆਂ 'ਤੇ ਦਿਖਾਈ ਦਿੰਦਾ ਹੈ।

ਬੱਚਾ ਰੋਵੇ ਤਾਂ ਮੋਬਾਈਲ ਦੇ ਦਿਓ। ਖਾਣਾ ਨਾ ਖਾਏ ਤਾਂ ਵੀਡੀਓ ਚਲਾ ਦਿਓ। ਬੱਚਾ ਤੰਗ ਕਰੇ ਤਾਂ ਖੇਡ ਲਗਾ ਦਿਓ। ਹੌਲੀ-ਹੌਲੀ ਉਹ ਸਾਧਨ ਜਿਸਨੂੰ ਅਸੀਂ ਬੱਚੇ ਨੂੰ ਰੁਝਾਉਣ ਲਈ ਦਿੱਤਾ ਸੀ, ਉਸ ਦੀ ਦਿਨਚਰਿਆ ਦਾ ਹਿੱਸਾ ਬਣ ਜਾਂਦਾ ਹੈ।

ਇੱਥੇ ਮਾਪਿਆਂ ਦੀ ਜ਼ਿੰਮੇਵਾਰੀ ਬਹੁਤ ਵੱਧ ਜਾਂਦੀ ਹੈ। ਬੱਚਿਆਂ ਨੂੰ ਸਿਰਫ਼ ਇਹ ਕਹਿਣਾ ਕਾਫ਼ੀ ਨਹੀਂ ਕਿ ਮੋਬਾਈਲ ਘੱਟ ਵਰਤੋ। ਉਨ੍ਹਾਂ ਨੂੰ ਖੇਡਣ ਲਈ ਮੈਦਾਨ, ਪੜ੍ਹਨ ਲਈ ਕਿਤਾਬ, ਗੱਲ ਕਰਨ ਲਈ ਸਮਾਂ ਅਤੇ ਪਰਿਵਾਰ ਦਾ ਸਾਥ ਵੀ ਦੇਣਾ ਪਵੇਗਾ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਬੱਚੇ ਸਿਰਫ਼ ਸਾਡੀਆਂ ਗੱਲਾਂ ਨਹੀਂ ਸੁਣਦੇ, ਉਹ ਸਾਡੀਆਂ ਆਦਤਾਂ ਵੀ ਦੇਖਦੇ ਹਨ। ਜੇ ਮਾਪੇ ਹਰ ਵੇਲੇ ਮੋਬਾਈਲ ਵਿੱਚ ਰੁੱਝੇ ਰਹਿਣਗੇ ਤਾਂ ਬੱਚਿਆਂ ਤੋਂ ਮੋਬਾਈਲ ਤੋਂ ਦੂਰੀ ਦੀ ਉਮੀਦ ਕਰਨੀ ਮੁਸ਼ਕਲ ਹੋਵੇਗੀ।

ਸਮਾਜਿਕ ਮਾਧਿਅਮ ਦੀ ਚਮਕ

ਸਮਾਜਿਕ ਮਾਧਿਅਮ ਨੇ ਦੁਨੀਆ ਨੂੰ ਜੋੜਨ ਦਾ ਇੱਕ ਨਵਾਂ ਰਸਤਾ ਦਿੱਤਾ ਹੈ। ਅਸੀਂ ਆਪਣੇ ਵਿਚਾਰ ਸਾਂਝੇ ਕਰ ਸਕਦੇ ਹਾਂ, ਪੁਰਾਣੇ ਦੋਸਤਾਂ ਨਾਲ ਜੁੜ ਸਕਦੇ ਹਾਂ ਅਤੇ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਹੋ ਰਹੀ ਘਟਨਾ ਬਾਰੇ ਜਾਣ ਸਕਦੇ ਹਾਂ।



ਪਰ ਇਸ ਦਾ ਇੱਕ ਹੋਰ ਪੱਖ ਵੀ ਹੈ

ਅਸੀਂ ਆਮ ਤੌਰ 'ਤੇ ਆਪਣੀ ਜ਼ਿੰਦਗੀ ਦੇ ਚੰਗੇ ਪਲ ਹੀ ਦੂਜਿਆਂ ਨਾਲ ਸਾਂਝੇ ਕਰਦੇ ਹਾਂ। ਖੁਸ਼ੀ, ਸਫ਼ਲਤਾ, ਯਾਤਰਾ, ਨਵੇਂ ਕੱਪੜੇ, ਨਵੀਂ ਗੱਡੀ ਜਾਂ ਕੋਈ ਖ਼ਾਸ ਸਮਾਰੋਹ—ਇਹ ਸਭ ਪਰਦੇ 'ਤੇ ਦਿਖਾਈ ਦਿੰਦਾ ਹੈ। ਪਰ ਚਿੰਤਾ, ਅਸਫ਼ਲਤਾ, ਇਕੱਲਾਪਣ ਅਤੇ ਮੁਸ਼ਕਲਾਂ ਅਕਸਰ ਪਰਦੇ ਤੋਂ ਬਾਹਰ ਰਹਿੰਦੀਆਂ ਹਨ।



ਇੰਜੀ. ਅਸ਼ੋਕ ਗਰੋਵਰ
ਪਰਮਵੀਰ ਹਾਊਸ,
ਆਦਰਸ਼ ਨਗਰ, ਬਠਿੰਡਾ

ਇਸ ਲਈ ਕਿਸੇ ਹੋਰ ਦੀ ਦਿਖਾਈ ਦੇ ਰਹੀ ਜ਼ਿੰਦਗੀ ਦੀ ਤੁਲਨਾ ਆਪਣੀ ਅਸਲ ਜ਼ਿੰਦਗੀ ਨਾਲ ਕਰਨਾ ਠੀਕ ਨਹੀਂ।

ਪਰਦੇ 'ਤੇ ਦਿਖਾਈ ਦੇ ਰਹੀ ਮੁਸਕਰਾਹਟ ਪੂਰੀ ਜ਼ਿੰਦਗੀ ਦੀ ਕਹਾਣੀ ਨਹੀਂ ਹੁੰਦੀ।

ਸਮਾਂ—ਜੋ ਮੁੜ ਨਹੀਂ ਆਉਂਦਾ

ਮੋਬਾਈਲ ਦੀ ਸਭ ਤੋਂ ਵੱਡੀ ਕੀਮਤ ਪੈਸਾ ਨਹੀਂ, ਸਾਡਾ ਸਮਾਂ ਹੈ।

ਪੈਸਾ ਖਰਚ ਹੋ ਕੇ ਦੁਬਾਰਾ ਕਮਾਇਆ ਜਾ ਸਕਦਾ ਹੈ। ਪਰ ਬੀਤਿਆ ਹੋਇਆ ਸਮਾਂ ਵਾਪਸ ਨਹੀਂ ਆਉਂਦਾ।

ਅਸੀਂ ਕਈ ਵਾਰ ਸੋਚਦੇ ਹਾਂ ਕਿ ਸਿਰਫ਼ ਪੰਜ ਮਿੰਟ ਮੋਬਾਈਲ ਦੇਖਦੇ ਹਾਂ। ਪਰ ਇੱਕ ਵੀਡੀਓ ਤੋਂ ਦੂਜੀ, ਇੱਕ ਸੁਨੇਹੇ ਤੋਂ ਦੂਜੇ ਅਤੇ ਇੱਕ ਖ਼ਬਰ ਤੋਂ ਦੂਜੀ ਤੱਕ ਪਹੁੰਚਦਿਆਂ ਪਤਾ ਹੀ ਨਹੀਂ ਲੱਗਦਾ ਕਿ ਕਿੰਨਾ ਸਮਾਂ ਲੰਘ ਗਿਆ।

ਇਹ ਸਮਾਂ ਜੇ ਕਿਸੇ ਕਿਤਾਬ ਨੂੰ ਦਿੱਤਾ ਜਾਂਦਾ, ਪਰਿਵਾਰ ਨਾਲ ਗੱਲਬਾਤ ਵਿੱਚ ਲਾਇਆ ਜਾਂਦਾ, ਸੈਰ ਕੀਤੀ ਜਾਂਦੀ ਜਾਂ ਕਿਸੇ ਨਵੇਂ ਹੁਨਰ ਨੂੰ ਸਿੱਖਣ ਵਿੱਚ ਲਾਇਆ ਜਾਂਦਾ ਤਾਂ ਸ਼ਾਇਦ ਸਾਡੀ ਜ਼ਿੰਦਗੀ ਵਿੱਚ ਕੁਝ ਹੋਰ ਵੀ ਜੁੜਦਾ।

ਸੜਕ 'ਤੇ ਮੋਬਾਈਲ ਦੀ ਵਰਤੋਂ

ਮੋਬਾਈਲ ਦੀ ਗਲਤ ਵਰਤੋਂ ਕਈ ਵਾਰ ਸਿਰਫ਼ ਸਮੇਂ ਦੀ ਬਰਬਾਦੀ ਨਹੀਂ ਰਹਿੰਦੀ, ਇਹ ਜ਼ਿੰਦਗੀ ਲਈ ਖ਼ਤਰਾ ਵੀ ਬਣ ਸਕਦੀ ਹੈ। ਗੱਡੀ ਚਲਾਉਂਦੇ ਸਮੇਂ ਫੋਨ 'ਤੇ ਗੱਲ ਕਰਨਾ, ਸੁਨੇਹਾ ਪੜ੍ਹਨਾ ਜਾਂ ਕੁਝ ਪਲਾਂ ਲਈ ਪਰਦੇ ਵੱਲ ਦੇਖਣਾ ਬਹੁਤ ਛੋਟੀ ਗੱਲ ਲੱਗ ਸਕਦੀ ਹੈ। ਪਰ ਸੜਕ 'ਤੇ ਕੁਝ ਸਕਿੰਟਾਂ ਦੀ ਬੇਧਿਆਨੀ ਵੀ ਵੱਡਾ ਨੁਕਸਾਨ ਕਰ ਸਕਦੀ ਹੈ।

ਜਦੋਂ ਸਟੀਅਰਿੰਗ ਸਾਡੇ ਹੱਥ ਵਿੱਚ ਹੋਵੇ ਤਾਂ ਮੋਬਾਈਲ ਨਹੀਂ, ਸਾਡਾ ਧਿਆਨ ਸਭ ਤੋਂ ਵੱਧ ਜ਼ਰੂਰੀ ਹੈ।

ਹੱਲ ਕੀ ਹੈ?

ਹੱਲ ਮੋਬਾਈਲ ਨੂੰ ਛੱਡ ਦੇਣਾ ਨਹੀਂ ਹੈ। ਅੱਜ ਦੀ ਦੁਨੀਆ ਵਿੱਚ ਇਹ ਸੰਭਵ ਵੀ ਨਹੀਂ ਅਤੇ ਲੋੜੀਂਦਾ ਵੀ ਨਹੀਂ।

ਹੱਲ ਹੈ—ਮੋਬਾਈਲ ਦੀ ਵਰਤੋਂ ਕਰੀਏ, ਪਰ ਉਸਨੂੰ ਆਪਣੀ ਜ਼ਿੰਦਗੀ ਦੀ ਵਰਤੋਂ ਨਾ ਕਰਨ ਦਈਏ।

ਘਰ ਵਿੱਚ ਕੁਝ ਸਧਾਰਨ ਨਿਯਮ ਬਣਾਏ ਜਾ ਸਕਦੇ ਹਨ। ਖਾਣੇ ਸਮੇਂ ਮੋਬਾਈਲ ਪਾਸੇ ਰੱਖਿਆ ਜਾਵੇ। ਪਰਿਵਾਰ ਨਾਲ ਗੱਲ ਕਰਦੇ ਸਮੇਂ ਪੂਰਾ ਧਿਆਨ ਇੱਕ-ਦੂਜੇ ਵੱਲ ਹੋਵੇ। ਸੌਣ ਤੋਂ ਪਹਿਲਾਂ ਬੇਲੋੜੀ ਵਰਤੋਂ ਘਟਾਈ ਜਾਵੇ। ਬੱਚਿਆਂ ਲਈ ਮੋਬਾਈਲ ਦੀ ਵਰਤੋਂ ਦਾ ਸਮਾਂ ਅਤੇ ਸਮੱਗਰੀ ਉਚਿਤ ਰੱਖੀ ਜਾਵੇ।

ਸਭ ਤੋਂ ਵੱਡੀ ਗੱਲ—ਦਿਨ ਵਿੱਚ ਕੁਝ ਸਮਾਂ ਅਜਿਹਾ ਵੀ ਹੋਵੇ ਜਦੋਂ ਅਸੀਂ ਮੋਬਾਈਲ ਤੋਂ ਪੂਰੀ ਤਰ੍ਹਾਂ ਦੂਰ ਰਹੀਏ।

ਉਸ ਸਮੇਂ ਪਰਿਵਾਰ ਨਾਲ ਬੈਠੀਏ, ਬਜ਼ੁਰਗਾਂ ਦੀਆਂ ਗੱਲਾਂ ਸੁਣੀਏ, ਬੱਚਿਆਂ ਨਾਲ ਖੇਡੀਏ, ਕਿਤਾਬ ਪੜ੍ਹੀਏ ਜਾਂ ਕੁਦਰਤ ਨੂੰ ਨਿਹਾਰੀਏ।

ਕੁਝ ਪਲ ਅਸਲ ਜ਼ਿੰਦਗੀ ਲਈ

ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜ਼ਿੰਦਗੀ ਸਿਰਫ਼ ਇੱਕ ਪਰਦਾ ਨਹੀਂ ਹੈ।

ਮਾਂ ਦੀ ਆਵਾਜ਼, ਪਿਤਾ ਦੀ ਸਲਾਹ, ਬੱਚੇ ਦੀ ਹਾਸੀ, ਦੋਸਤ ਨਾਲ ਬੈਠ ਕੇ ਕੀਤੀ ਗੱਲਬਾਤ, ਸਵੇਰ ਦੀ ਸੈਰ, ਮੀਂਹ ਦੀਆਂ ਬੂੰਦਾਂ, ਪੰਛੀਆਂ ਦੀ ਚਹਿਕ ਅਤੇ ਕਿਸੇ ਆਪਣੇ ਦੇ ਚਿਹਰੇ 'ਤੇ ਆਈ ਮੁਸਕਰਾਹਟ—ਇਨ੍ਹਾਂ ਦੀ ਥਾਂ ਕੋਈ ਮੋਬਾਈਲ ਨਹੀਂ ਲੈ ਸਕਦਾ।

ਤਕਨਾਲੋਜੀ ਸਾਡੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਹੈ, ਜ਼ਿੰਦਗੀ ਬਣਨ ਲਈ ਨਹੀਂ।

ਇਸ ਲਈ ਅੱਜ ਸਾਨੂੰ ਆਪਣੇ ਆਪ ਤੋਂ ਇੱਕ ਸਧਾਰਨ ਪਰ ਬਹੁਤ ਮਹੱਤਵਪੂਰਨ ਸਵਾਲ ਪੁੱਛਣਾ ਚਾਹੀਦਾ ਹੈ—

ਕੀ ਮੈਂ ਮੋਬਾਈਲ ਨੂੰ ਆਪਣੀ ਲੋੜ ਅਨੁਸਾਰ ਵਰਤਦਾ ਹਾਂ ਜਾਂ ਮੇਰਾ ਸਮਾਂ ਮੋਬਾਈਲ ਦੀ ਲੋੜ ਅਨੁਸਾਰ ਬੀਤ ਰਿਹਾ ਹੈ?


ਜੇ ਅਸੀਂ ਇਸ ਸਵਾਲ ਦਾ ਜਵਾਬ ਇਮਾਨਦਾਰੀ ਨਾਲ ਲੱਭ ਲਈਏ ਤਾਂ ਸ਼ਾਇਦ ਸਮੱਸਿਆ ਦਾ ਹੱਲ ਵੀ ਸਾਡੇ ਸਾਹਮਣੇ ਆ ਜਾਵੇ।

ਮੋਬਾਈਲ ਸਾਡੇ ਹੱਥ ਵਿੱਚ ਰਹੇ, ਇਹ ਬਹੁਤ ਵਧੀਆ ਗੱਲ ਹੈ। ਪਰ ਸਾਡਾ ਸਮਾਂ, ਸਾਡਾ ਧਿਆਨ, ਸਾਡੇ ਰਿਸ਼ਤੇ ਅਤੇ ਸਾਡੀ ਜ਼ਿੰਦਗੀ ਉਸਦੇ ਹੱਥ ਵਿੱਚ ਨਾ ਜਾਣ।

ਕਿਉਂਕਿ ਤਕਨਾਲੋਜੀ ਦੀ ਅਸਲ ਕਾਮਯਾਬੀ ਇਹ ਨਹੀਂ ਕਿ ਅਸੀਂ ਹਰ ਵੇਲੇ ਉਸ ਨਾਲ ਜੁੜੇ ਰਹੀਏ; ਅਸਲ ਕਾਮਯਾਬੀ ਇਹ ਹੈ ਕਿ ਲੋੜ ਪੈਣ 'ਤੇ ਅਸੀਂ ਉਸ ਤੋਂ ਦੂਰ ਹੋਣ ਦੀ ਆਜ਼ਾਦੀ ਵੀ ਰੱਖੀਏ।

ਦੋ ਮੰਜਿਆਂ ਨੂੰ ਜੋੜ ਸਪੀਕਰ ਵੱਜਣੇ ਨਾ...

ਪੰਜਾਬੀ ਸ਼ੁਰੂ ਤੋਂ ਹੀ ਗੀਤ ਅਤੇ ਸੰਗੀਤ ਦੇ ਸ਼ੌਕੀਨ ਰਹੇ ਹਨ। ਇਹ ਪੰਜਾਬੀਆਂ ਦੀ ਰੂਹ ਦੀ ਖੁਰਾਕ ਹੈ। ਗਿੱਧਾ, ਭੰਗੜਾ ਤੇ ਲੋਕਗੀਤਾਂ-ਬੋਲੀਆਂ ਦਾ ਅਥਾਹ ਖ਼ਜ਼ਾਨਾ ਇਸਦੀ ਹੀ ਤਾਂ ਹਾਮੀ ਭਰਦਾ ਹੈ। ਖੁਸ਼ਮਿਜਾਜ ਤੇ ਖੁੱਲਦਿਲੇ ਸੁਭਾਅ ਹੋਣ ਕਾਰਨ ਇਹ ਜਸ਼ਨ ਮਨਾਉਣ ਦਾ ਮੌਕਾ ਲੱਭ ਹੀ ਲੈਂਦੇ ਹਨ। ਵਿਆਹਾਂ ਮੌਕੇ ਅਜਿਹੇ ਜਸ਼ਨ ਹੋਣਾ ਤਾਂ ਆਮ ਗੱਲ ਹੈ ਹੀ, ਕਿਸੇ ਦੇ ਪਾਸ ਹੋਏ ਤੇ, ਜਨਮਦਿਨ ਤੇ, ਵਧਾਈ ਖੁਸ਼ੀ ਦਾ ਕੋਈ ਵੀ ਮੌਕਾ ਹੋਵੇ ਪਾਰਟੀ ਦਾ ਜੁਗਾੜ ਬਣ ਹੀ ਜਾਂਦਾ ਹੈ। ਅਸਲ 'ਚ ਇਹ ਪਾਰਟੀਆਂ ਇਹ ਜਸ਼ਨ ਸਾਡੇ ਸੁਭਾਅ ਅਤੇ ਵਿਰਸੇ ਨੂੰ ਹੀ ਦਰਸ਼ਾਉਂਦੇ ਹਨ। ਇਨ੍ਹਾਂ ਦੀ ਪੂਰਤੀ ਲਈ ਡੀ.ਜੇ. ਲਗਾਉਣਾ, ਵਾਜੇ ਵਜਾਉਣਾ, ਸਪੀਕਰ ਲਾਉਣਾ, ਗਾਇਕ ਆਰਕੈਸਟ੍ਰਾ ਲਗਾਉਣਾ, ਢੋਲੀ ਬੁਲਾਉਣਾ ਤੇ ਭੰਗੜੇ ਪਾਉਣਾ ਖਾਣ-ਪੀਣ ਤੋਂ ਇਲਾਵਾ ਇਕ ਆਮ ਜਿਹਾ ਵਰਤਾਰਾ ਹੈ।



ਸੰਜੀਵ ਝਾਂਜੀ
ਜਗਰਾਉਂ
ਸੰਪਰਕ : 80049-10000

ਸਮਾਂ ਤੇਜ਼ੀ ਨਾਲ ਬਦਲ ਰਿਹਾ ਹੈ। ਤਰੱਕੀ ਦਾ ਦੌਰ ਹੈ। ਇਨ੍ਹਾਂ ਜਸ਼ਨਾਂ ਵਿੱਚ ਵੀ ਇਸ ਨਵੀਨੀਕਰਨ ਦੀ ਤਰੱਕੀ ਨੇ ਵਾਹਵਾ ਫਰਕ ਪਾਇਆ ਹੈ। ਘਰ ਦਿਆਂ ਵਿਹੜਿਆਂ, ਬੈਠਕਾਂ ਆਦਿ ਵਿੱਚ ਸਾਂਝੇ ਤੌਰ ਤੇ ਮਨਾਏ ਜਾਣ ਵਾਲੇ ਇਹ ਜਸ਼ਨ ਹੁਣ ਕਲੱਬਾਂ, ਮੈਰਿਜ਼ ਪੈਲਸਾਂ ਅਤੇ ਹੋਟਲਾਂ 'ਚ ਮਨਾਏ ਜਾਣ ਲੱਗ ਪਏ ਹਨ। ਘਰ ਵਿੱਚ ਜਸ਼ਨ ਕੀ ਹੋਣੇ ਹਨ ਹੁਣ, ਹੁਣ ਤਾਂ ਮੈਰਿਜ ਪੈਲਸ ਵਾਲਿਆਂ ਨੇ ਆਪਣਾ ਸਲੋਗਣ ਬਣਾ ਲਿਆ ਹੈ, "ਮੁੰਡਾ-ਕੁੜੀ ਤੁਹਾਡਾ, ਬਾਕੀ ਸਭ ਕੁਝ ਸਾਡਾ।" ਪੈਸੇ ਦੀ ਇਸ ਦੌੜ ਵਿੱਚ ਵਿਆਹ ਆਦਿ ਦੇ ਇਹ ਜਸ਼ਨ ਹੁਣ ਸਿਮਟਦੇ-ਸਿਮਟਦੇ ਚੰਦ ਕੁ ਘੰਟਿਆਂ ਦੇ ਰਹਿ ਗਏ ਹਨ।



ਕੋਈ ਜਮਾਨਾ ਹੁੰਦਾ ਸੀ ਵਿਆਹ ਦੇ ਇਹ ਸ਼ਗਨ-ਜਸ਼ਨ ਕਈ ਕਈ ਦਿਨ ਪਹਿਲਾਂ ਸ਼ੁਰੂ ਹੋ ਜਾਂਦੇ ਸਨ। ਉਨ੍ਹਾਂ ਵੇਲਿਆਂ ਵਿੱਚ ਬਹੁਤੀਆਂ ਸਹੂਲਤਾਂ ਤਾਂ ਨਹੀਂ ਸਨ ਪਰ ਚਾਅ ਬਹੁਤੇ ਸਨ ਜਿਨ੍ਹਾਂ ਨੂੰ ਪੂਰੇ ਕਰਨ ਲਈ ਘਰ 'ਚ ਵਾਜਾ ਕਈ ਦਿਨ ਪਹਿਲਾਂ ਹੀ ਲੱਗ ਜਾਂਦਾ ਸੀ। ਨੇੜਲੇ ਇਲਾਕੇ 'ਚ ਕੋਈ ਟਾਵਾਂ-ਟੱਲਾ ਹੀ ਸਪੀਕਰ ਵਾਲਾ ਹੁੰਦਾ ਸੀ। ਸੱਦ ਲਿਆ ਜਾਂਦਾ ਸੀ ਤੇ ਉਹ ਵੀ ਪੂਰੇ ਚਾਅ ਨਾਲ ਆਉਂਦਾ ਸੀ। ਖੁਸ਼ੀ ਦਾ ਕੋਈ ਵੀ ਮੌਕਾ ਸਪੀਕਰ ਤੋਂ ਬਿਨਾਂ ਅਧੂਰਾ ਹੀ ਮੰਨਿਆ ਜਾਂਦਾ ਸੀ। ਸਪੀਕਰ ਦਾ ਰਿਕਾਰਡ ਕਈ ਕਈ ਦਿਨ ਘਰ ਦੇ ਵਿਹੜੇ ਵਿੱਚ ਅਤੇ ਸਪੀਕਰ (ਭੌਂਪੂ) ਕਈ ਕਈ ਦਿਨ ਘਰ ਦੀ ਛੱਤ ਤੇ ਵੱਜਦਾ ਰਹਿੰਦਾ ਸੀ।

ਛੱਤ ਤੇ ਦੋ ਮੰਜੇ ਪੁੱਠੇ ਖੜ੍ਹੇ ਕਰਕੇ ਇਕ ਝੋਪੜੀ ਜਿਹੀ ਬਣਾ ਕੇ ਉਸ ਉੱਤੇ ਸਪੀਕਰ (ਭੌਂਪੂ) ਟੰਗ ਦਿੱਤਾ ਜਾਂਦਾ ਜੋ ਕਈ ਕਈ ਦਿਨ ਘਰ ਵਿੱਚਲੇ ਜਸ਼ਨਾਂ ਨੂੰ ਆਂਢ-ਗੁਆਂਢ ਦੇ ਲੋਕਾਂ ਨਾਲ ਸਾਂਝਾ ਕਰਦਾ ਰਹਿੰਦਾ।

ਸਮੇਂ ਦੀ ਤਬਦੀਲੀ ਵੇਖੋ। ਇਹ ਸਪੀਕਰ ਹੁਣ ਆਪਣੇ ਵਜੂਦ ਨੂੰ ਬਚਾਉਣ ਲਈ ਜਦੋ ਜਹਿਦ ਕਰ ਰਹੇ ਹਨ। ਡੈਕ, ਮਿਉਜ਼ਿਕ ਸਿਸਟਮ ਅਤੇ ਕੰਪਿਊਟਰ ਦੇ ਆ ਜਾਣ ਕਾਰਨ ਇਹ ਹੁਣ ਆਪਣੀ ਵਿਚਾਰਗੀ ਦੀ ਜ਼ਿੰਦਗੀ ਜੀ ਰਹੇ ਹਨ। ਸੀਡੀਆਂ, ਡੀਵੀਡੀਆਂ, ਮੋਬਾਇਲਾਂ ਅਤੇ ਪੈਨ ਡਿਰਾਈਵਾਂ ਨੇ ਰਿਕਾਰਡ, ਰੀਲਾਂ-ਕੈਸਟਾਂ ਸਾਭਣ ਦੇ ਝੰਝਟ ਤੋਂ ਪਿੱਛਾ ਛੁੜਾ ਦਿੱਤਾ ਹੈ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਇਸ ਤਰੱਕੀ ਨੇ ਪਿਆਰ ਤੇ ਭਾਈਚਾਰਕ ਸਾਂਝ ਵਾਲੀਆਂ ਤਾਰਾਂ ਨੂੰ ਤਾਰ ਤਾਰ ਕਰ ਦਿੱਤਾ ਹੈ। ਪਹਿਲਾਂ ਲੋਕਾਂ ਕੋਲ ਪੈਸਾ ਘੱਟ ਤੇ ਸਮਾਂ ਬਥੇਰਾ ਸੀ, ਉਹ ਭਾਈਚਾਰੇ ਸ਼ਰੀਕੇ ਕਬੀਲੇ ਲਈ ਅਜਿਹੇ ਜਸ਼ਨਾਂ ਮੌਕੇ ਵਾਹਵਾਂ ਸਮਾਂ ਕੱਢ ਲੈਂਦੇ ਸਨ। ਦੁੱਖ-ਸੁੱਖ ਸਭ ਨਾਲ ਸਾਂਝਾ ਹੁੰਦਾ ਰਹਿੰਦਾ ਸੀ ਤੇ ਸਾਰੇ ਇਸਦੇ ਭਾਈਵਾਲ ਬਣੇ ਰਹਿੰਦੇ ਸਨ ਪਰ ਹੁਣ ਲੋਕਾਂ ਕੋਲ ਪੈਸਾ ਤਾਂ ਬਹੁਤ ਹੈ ਪਰ ਸਮਾਂ ਘੱਟ ਗਿਆ ਹੈ। ਘਟਿਆ ਨਹੀ ਘਟਾ ਲਿਆ ਹੈ। ਸਾਂਝਾਂ ਹੁਣ ਸਿਰਫ ਦਿਖਾਵੇ ਹਨ। ਭਾਈਚਾਰਾ, ਕਬੀਲਾ, ਟੱਬਰ ਹੁਣ ਸਿਰਫ਼ ਵੱਟਸਐਪ ਦੇ ਗਰੁਪ ਤੱਕ ਸਿਮਟ ਕੇ ਰਹਿ ਗਿਆ ਹੈ। ਦੁੱਖ ਸੁੱਖ ਦਾ ਜ਼ਰੀਆ ਵੀ ਹੁਣ ਇਹ ਸੋਸ਼ਲ ਮੀਡੀਆ ਹੀ ਰਹਿ ਗਿਆ ਹੈ ਤੇ ਉਹ ਵੀ ਸਿਰਫ ਵਿਖਾਵੇ ਲਈ ਹੀ। ਪਹਿਲਾਂ ਦੇ ਲੋਕਾਂ ਦੇ ਘਰ ਜ਼ਰੂਰ ਕੱਚੇ ਸਨ ਪਰ ਰਿਸ਼ਤੇ ਪੱਕੇ ਸਨ ਤੇ ਜਸ਼ਨ ਜੋਰਦਾਰ ਪਰ ਹੁਣ ਘਰ ਤਾਂ ਪੱਕੇ ਹਨ ਪਰ ਰਿਸ਼ਤੇ ਕੱਚੇ ਹਨ ਤੇ ਜਸ਼ਨ ਦਿਖਾਵਟੀ ਹਨ।

ਸਿਰਫ ਜਸ਼ਨ ਮਨਾਉਣ ਦੇ ਢੰਗਾਂ 'ਚ ਹੀ ਤਬਦੀਲੀ ਨਹੀਂ ਆਈ ਸਗੋਂ ਰਹਿਣ ਸਹਿਣ, ਪਹਿਨਣ ਅਤੇ ਰਿਸ਼ਤਿਆਂ ਵਿੱਚ ਵੀ ਤਬਦੀਲੀ ਆ ਗਈ ਹੈ। ਸਪੀਕਰ ਵਾਲਾ ਮੰਜਿਆਂ ਨੂੰ ਜੋੜ ਕੇ ਸਪੀਕਰ ਲਗਾ ਕੇ ਜਿਹੜੀ ਸਾਂਝ ਲੋਕਾਂ ਦਰਮਿਆਨ ਵਧਾਉਂਦਾ ਸੀ, ਉਹ ਅੱਜ (ਅ)ਲੋਪ ਹੋ ਚੁੱਕੀ ਹੈ। ਗੀਤ ਦੀਆਂ ਲਾਈਨਾਂ ਅੱਜ ਸਹੀ ਜਾਪਦੀਆਂ ਹਨ:

"ਦੋ ਮੰਜਿਆਂ ਨੂੰ ਜੋੜ ਸਪੀਕਰ ਵੱਜਣੇ ਨਾ,
ਜਿਹੜੇ ਵਾਜੇ ਵੱਜ ਗਏ, ਉਹ ਹੁਣ ਵੱਜਣੇ ਨਾ।"

ਸੰਪਾਦਕ-ਦਵਿੰਦਰ ਕੁਮਾਰ ਨੇ ਪ੍ਰਿੰਟਰ, ਇੰਮਪ੍ਰੈਸ਼ਨ ਪ੍ਰਿੰਟਿਗ ਅਤੇ ਪੈਕਿੰਗ ਲਿਮਿਟਿਡ, ਪਲਾਟ 22 ਅਤੇ 49 ਜੀਐਫ਼, ਇੰਡਸਟਰੀ ਏਰੀਆ, ਫ਼ੇਜ਼-2 ਪੰਚਕੂਲਾ (ਹਰਿਆਣਾ) ਤੋਂ ਪ੍ਰਕਾਸ਼ਿਤ Title code : CHAMUL00914
Editor-Davinder Kumar printed at Impression Printing & Packaging Ltd.Plot 22 & 49GF, Industrial Area, Phase-2 Panchkula(Haryana)-134115

ਅਜੋਕੀ ਸਿਆਸਤ ਦਾ ਨਿਘਾਰ ਪੇਂਡੂ ਭਾਈਚਾਰੇ ਨੂੰ ਕਰ ਰਿਹਾ ਹੈ ਤਹਿਸ-ਨਹਿਸ



ਭਾਰਤ ਪਿੰਡਾ ਦਾ ਦੇਸ਼ ਹੈ ਜਿਸ ਨੂੰ ਲੋਕਤੰਤਰ ਦੀ ਮੁੱਢਲੀ ਇਕਾਈ ਵਜੋਂ ਵੀ ਜਾਣਿਆ ਜਾਂਦਾ ਹੈ। ਭਾਰਤ ਦੇ ਲੋਕਤੰਤਰ ਦੀ ਅਸਲੀ ਖੁਸ਼ਬੂ ਪਿੰਡਾਂ ਵਿੱਚ ਦੇਖੀ ਜਾ ਸਕਦੀ ਹੈ।

ਪੰਜਾਬ ਦੇ ਪਿੰਡ ਕਦੇ ਆਪਣੀ ਭਾਈਚਾਰਕ ਸਾਂਝ ਲਈ ਜਾਣੇ ਜਾਂਦੇ ਸਨ। ਇੱਕੋ ਖੂਹ ਦਾ ਪਾਣੀ, ਇੱਕੋ ਸੱਥ ਵਿੱਚ ਬੈਠਕ, ਇੱਕੋ ਖੇਤ ਦੀ ਵੰਡ, ਦੁੱਖ-ਸੁੱਖ ਸਾਂਝਾ। ਵਿਆਹ ਕਿਸੇ ਇੱਕ ਘਰ ਵਿੱਚ ਹੁੰਦਾ ਸੀ, ਖੁਸ਼ੀ ਪੂਰੇ ਪਿੰਡ ਦੀ ਹੁੰਦੀ ਸੀ। ਮੌਤ ਕਿਸੇ ਇੱਕ ਘਰ ਵਿੱਚ ਹੁੰਦੀ ਸੀ, ਸੋਗ ਪੂਰਾ ਪਿੰਡ ਮਨਾਉਂਦਾ ਸੀ। ਇਹ ਸੀ ਸਾਡਾ ਪੇਂਡੂ ਭਾਈਚਾਰਾ।

ਪਰ ਅੱਜ ਉਸੇ ਪਿੰਡ ਦੀ ਫਿਰਨੀ ਤੇ ਤੁਰੋ ਤਾਂ ਲਗਦਾ ਹੈ ਜਿਵੇਂ ਪਿੰਡ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਇਹ ਵੰਡ ਜ਼ਮੀਨ ਦੀ ਨਹੀਂ, ਦਿਲਾਂ ਦੀ ਵੰਡ ਹੈ। ਅਤੇ ਇਸ ਵੰਡ ਦਾ ਸਭ ਤੋਂ ਵੱਡਾ ਕਾਰਨ ਹੈ ਅਜੋਕੀ ਸਿਆਸਤ ਵਿੱਚ ਆਇਆ ਨਿਘਾਰ।

ਪਹਿਲਾਂ ਸਿਆਸਤ ਪਿੰਡ ਵਿੱਚ ਪੰਜ ਸਾਲ ਬਾਅਦ ਆਉਂਦੀ ਸੀ, ਸਰਪੰਚੀ ਦੀ ਚੋਣ ਵੇਲੇ। ਹੁਣ ਸਿਆਸਤ ਹਰ ਰੋਜ਼, ਹਰ ਘੰਟੇ ਪਿੰਡ ਵਿੱਚ ਰਹਿੰਦੀ ਹੈ। ਵਟਸਐਪ ਗਰੁੱਪ ਬਣ ਗਏ ਹਨ ਪਾਰਟੀਆਂ ਦੇ ਨਾਂ ਤੇ। ਚਾਹ ਦੀ ਦੁਕਾਨ ਤੇ ਖੇਤੀ ਤੇ ਕਿਸਾਨੀ ਦੀ ਗੱਲ ਘੱਟ, ਪਾਰਟੀ ਦੀ ਗੱਲ ਵੱਧ ਹੁੰਦੀ ਹੈ।

ਅੱਜ ਪਿੰਡ ਹਰੀ ਸਿੰਘ ਪੱਤੀ ਅਤੇ ਪਾਲਾ ਪੱਤੀ ਵਿੱਚ ਨਹੀਂ, ਸਗੋਂ 'ਇਸ ਪਾਰਟੀ ਵਾਲੇ' ਅਤੇ 'ਉਸ ਪਾਰਟੀ ਵਾਲੇ' ਵਿੱਚ ਵੰਡਿਆ ਹੋਇਆ ਹੈ। ਇੱਕੋ ਪਰਿਵਾਰ ਦੇ ਦੋ ਭਰਾ ਦੋ ਵੱਖਰੀਆਂ ਪਾਰਟੀਆਂ ਵਿੱਚ ਹੋਣ ਕਾਰਨ ਆਪਸ ਵਿੱਚ ਬੋਲਦੇ ਨਹੀਂ। ਸਾਂਝੀ ਕੰਧ ਤੇ ਵੀ ਨਫਰਤ ਦੀ ਲਕੀਰ ਖਿੱਚੀ ਗਈ ਹੈ। ਸਰਪੰਚੀ ਤੇ ਨੰਬਰਦਾਰੀ ਦੀ ਚੋਣ ਤੋਂ ਬਾਅਦ ਜਿੱਤਿਆ ਹੋਇਆ ਧੜਾ ਹਾਰੇ ਹੋਏ ਧੜੇ ਨੂੰ ਸਰਕਾਰੀ ਸਕੀਮਾਂ, ਗਲੀ-ਨਾਲੀ, ਇੱਜ਼ਤ ਤੋਂ ਵਾਂਝਾ ਕਰ ਦਿੰਦਾ ਹੈ। ਸਰਕਾਰ ਤਾਂ ਸਭ ਦੀ ਹੁੰਦੀ ਹੈ, ਪ੍ਰੰਤੂ ਸਰਪੰਚ ਅਤੇ ਨੰਬਰਦਾਰ ਵੱਖ ਵੱਖ ਪਾਰਟੀਆਂ ਦੇ ਬਣ ਕੇ ਰਹਿ ਜਾਂਦੇ ਹਨ ਜੋ ਪਿੰਡਾਂ ਵਿੱਚ ਧੜੇਬੰਦੀ ਨੂੰ ਉਤਸ਼ਾਹਤ ਕਰਦੇ ਹਨ।


ਕੇ.ਐੱਸ. ਅਮਰ
ਪਿੰਡ ਤੇ ਡਾਕ. ਕੋਟਲੀ
ਖਾਸ ਤਹਿਸੀਲ ਮੁਕੇਰੀਆਂ,
ਜ਼ਿਲ੍ਹਾ ਹੁਸ਼ਿਆਰਪੁਰ,
ਮੋਬਾ. 94653-69343

ਪਹਿਲਾਂ ਪਿੰਡ ਦੇ ਫ਼ੈਸਲੇ ਸੱਥ ਵਿੱਚ ਬਜ਼ੁਰਗ ਕਰਦੇ ਸਨ। ਅੱਜ ਫੈਸਲੇ ਬੋਤਲ ਅਤੇ ਨੋਟ ਤੇ ਹੁੰਦੇ ਹਨ। ਚੋਣਾਂ ਤੋਂ ਇੱਕ ਰਾਤ ਪਹਿਲਾਂ ਪਿੰਡ ਵਿੱਚ ਜੋ ਹੁੰਦਾ ਹੈ, ਉਸਨੇ ਸਾਡੀ ਜਵਾਨੀ ਨੂੰ ਵਿਗਾੜ ਦਿੱਤਾ ਹੈ। ਉਮੀਦਵਾਰ ਵੋਟ ਨੂੰ 2000 ਰੁਪਏ ਅਤੇ ਇੱਕ ਬੋਤਲ ਵਿੱਚ ਤੋਲਦਾ ਹੈ। ਭੋਲਾ-ਭਾਲਾ ਵੋਟਰ ਵਿਕ ਜਾਂਦਾ ਹੈ ਅਤੇ ਫਿਰ ਪੰਜ ਸਾਲ ਉਸੇ ਨੂੰ ਗਾਲ੍ਹਾਂ ਕੱਢਦਾ ਹੈ, ਜਿਸਨੂੰ ਉਸਨੇ ਖੁਦ ਚੁਣਿਆ ਸੀ। ਇਸ ਨਾਲ ਨਾ ਸਿਰਫ ਭਾਈਚਾਰਾ ਟੁੱਟਦਾ ਹੈ, ਸਗੋਂ ਸਾਡੀ ਆਉਣ ਵਾਲੀ ਪੀੜ੍ਹੀ ਦੀ ਮਾਨਸਿਕਤਾ ਵੀ ਗ਼ੁਲਾਮ ਹੁੰਦੀ ਹੈ।

ਅਜੋਕੇ ਨੇਤਾ ਵੋਟ ਲੈਣ ਲਈ ਵਿਕਾਸ ਦੀ ਗੱਲ ਨਹੀਂ ਕਰਦੇ, ਉਹ ਜਾਤ-ਪਾਤ, ਧਰਮ ਅਤੇ ਪਰਿਵਾਰਵਾਦ ਦੀ ਗੱਲ ਕਰਦੇ ਹਨ। ਪਿੰਡ ਵਿੱਚ ਜਾ ਕੇ ਕਹਿੰਦੇ ਹਨ – ਉਹ ਤੁਹਾਡਾ ਵਿਰੋਧੀ ਹੈ, ਉਸਨੂੰ ਵੋਟ ਨਾ ਪਾਓ। ਭਰਾ ਨੂੰ ਭਰਾ ਦੇ ਖਿਲਾਫ ਭੜਕਾਇਆ ਜਾਂਦਾ ਹੈ। ਜਿਹੜਾ ਪਿੰਡ ਕਦੇ ਇੱਕ ਦੂਜੇ ਦੇ ਖੇਤ ਵਿੱਚ ਫ਼ਸਲ ਵੱਢਣ ਜਾਂਦਾ ਸੀ, ਅੱਜ ਇੱਕ ਦੂਜੇ ਦਾ ਦੁਸ਼ਮਣ ਬਣਿਆਂ ਹੋਇਆ ਹੈ। ਅੱਜ ਦੇ ਸਿਆਸੀ ਲੀਡਰ ਇਹ ਪਾੜਾ ਹੋਰ ਵਧਾਉਣ ਦਾ ਰੋਲ ਅਦਾ ਕਰਦੇ ਹਨ। ਸੋਸ਼ਲ ਮੀਡੀਆ ਤੇ ਫੇਕ ਆਡੀਓ-ਵੀਡੀਓ ਪਾ ਕੇ ਅੱਗ ਹੋਰ ਭੜਕਾਈ ਜਾਂਦੀ ਹੈ। ਅਜੋਕੇ ਸਿਆਸੀ ਨਿਘਾਰ ਕਾਰਨ

ਪਿੰਡ ਦੀ ਸਾਂਝੀ ਖੇਤੀ ਖਤਮ ਹੋ ਗਈ ਹੈ। ਸਾਂਝਾ ਤਲਾਅ ਗੰਦਾ ਪਿਆ ਹੈ, ਕਿਉਂਕਿ ਕੋਈ ਧੜਾ ਉਸਨੂੰ ਸਾਫ ਨਹੀਂ ਕਰਨ ਦੇਵੇਗਾ। ਸਰਕਾਰੀ ਸਕੂਲ ਦੀ ਇਮਾਰਤ ਡਿੱਗ ਰਹੀ ਹੈ, ਕਿਉਂਕਿ ਦੋ ਧੜਿਆਂ ਵਿੱਚ ਰੌਲਾ ਹੈ ਕਿ ਠੇਕਾ ਕੌਣ ਲਵੇਗਾ। ਨੌਜਵਾਨ ਵਿਦੇਸ਼ਾਂ ਵੱਲ ਭੱਜ ਰਹੇ ਹਨ ਕਿਉਂਕਿ ਪਿੰਡ ਵਿੱਚ ਉਹਨਾਂ ਨੂੰ ਆਪਣਾ ਭਵਿੱਖ ਨਜ਼ਰ ਨਹੀਂ ਆਉਂਦਾ। ਆਮ ਆਦਮੀ ਗੰਦੀ ਸਿਆਸਤ ਦੀ ਚੱਕੀ ਵਿੱਚ ਪਿਸ ਰਿਹਾ ਹੈ। ਅਜੋਕੀ ਨੌਜਵਾਨ ਪੀੜ੍ਹੀ ਨੂੰ ਇਹ ਸੋਚਣਾ ਪਵੇਗਾ ਕੀ ਸਿਆਸਤ ਤਾਂ 5 ਸਾਲ ਦੀ ਹੈ, ਪਰ ਪਿੰਡ ਸਦੀਆਂ ਦਾ ਹੈ। ਪਾਰਟੀ ਅੱਜ ਹੈ, ਕੱਲ੍ਹ ਨਹੀਂ, ਪਰ ਗੁਆਂਢ ਸਦਾ ਰਹਿੰਦਾ ਹੈ। ਜੇ ਅਸੀਂ ਆਪਣੇ ਗੁਆਂਢੀ ਨਾਲ ਹੀ ਲੜਦੇ ਰਹੇ ਤਾਂ ਸਾਡੇ ਖੇਤ ਕੌਣ ਵਾਹੇਗਾ? ਸਾਡੇ ਦੁੱਖ-ਸੁੱਖ ਵਿੱਚ ਕੌਣ ਖੜ੍ਹੇਗਾ?

ਪੇਂਡੂ ਭਾਈਚਾਰੇ ਨੂੰ ਬਚਾਉਣ ਦਾ ਇੱਕੋ ਹੀ ਹੱਲ ਹੈ ਕੀ ਵੋਟ ਪਾਰਟੀ ਨੂੰ ਨਹੀਂ, ਬੰਦੇ ਨੂੰ ਪਾਓ। ਉਸ ਬੰਦੇ ਨੂੰ ਪਾਓ ਜੋ ਚੋਣਾਂ ਤੋਂ ਬਾਅਦ ਵੀ ਤੁਹਾਡੇ ਦਰਵਾਜ਼ੇ ਤੇ ਆਵੇ, ਜੋ ਤੁਹਾਡੀ ਪੱਤੀ ਨਹੀਂ, ਤੁਹਾਡੇ ਪਿੰਡ ਦੀ ਗੱਲ ਕਰੇ। ਜਦੋਂ ਅਸੀਂ ਸੱਥ ਨੂੰ ਦੁਬਾਰਾ ਜਿਉਂਦਾ ਕਰਾਂਗੇ, ਤਾਂ ਹੀ ਪਿੰਡ ਦੁਬਾਰਾ ਜਿਉਂਦਾ ਹੋਵੇਗਾ। ਨਹੀਂ ਤਾਂ ਇਹ ਸਿਆਸਤ ਸਾਡੇ ਪਿੰਡਾਂ ਨੂੰ ਸਿਰਫ ਨਕਸ਼ੇ ਤੇ ਰਹਿਣ ਦੇਵੇਗੀ, ਦਿਲਾਂ ਵਿੱਚੋਂ ਖਤਮ ਕਰ ਦੇਵੇਗੀ।

ਪੈ.ਗਾਮ-ਏ-ਜਗਤ

ਬਾਬਾ ਅਕਸਰ ਆਖਦਾ ਹੁੰਦਾ ਸੀ ...



ਬਾਬਾ ਅਕਸਰ ਆਖਦਾ ਹੁੰਦਾ ਸੀ, ਦੁੱਧ, ਲੱਸੀ, ਮੱਖਣ ਘਰ ਦੇ ਨੇ... ਸ਼ੁੱਧ..ਖਾਲਸ...! ਖਾਣ ਲੱਗਿਆਂ ਬਹੁਤੇ ਨਖ਼ਰੇ ਨਹੀਂ ਕਰੀਦੇ... ਥੋੜੇ ਵੇਲਿਆਂ 'ਚ ਤਾਂ ਪੁੱਤ, ਪਾਣੀ ਵੀ ਮੁੱਲ ਵਿਕਿਆ ਕਰੂ...!

ਤੇ ਅਸੀਂ ਅਕਸਰ ਬਾਬੇ ਦੀਆਂ ਗੱਲਾਂ ਨੂੰ ਹੱਸ ਕੇ ਟਾਲ ਛੱਡਦੇ... ਸੋਚਦੇ ਕਿ ਜਵਾਨੀ ਵੇਲੇ ਢਾਈ ਮਣ ਭਾਰ ਚੁੱਕਣ ਵਾਲੇ ਬਾਬੇ ਤੋਂ ਹੁਣ ਆਪਣਾ ਭਾਰ ਵੀ ਚੁੱਕ ਕੇ ਤੁਰਿਆ ਨੀਂ ਜਾਂਦਾ... ਖੌਰੇ ਤਾਂ ਹੀ ਹਲਕੀਆਂ ਜਿਹੀਆਂ ਗੱਲਾਂ ਕਰਦਾ ਹੈ...ਬਾਬਾ ਤਾਂ ਕਿਸੇ ਸੁਪਨ-ਲੋਕ ਤੋਂ ਆਇਆ ਲੱਗਦਾ ਹੈ...!!

ਪਰ ਨਹੀਂ , ਸਾਡੀ ਹੀ ਸੋਚ ਬੜੀ ਹਲਕੀ ਸੀ ਓਦੋਂ...! ਸੱਚੀਂ , ਔਲ਼ੇ ਦੇ ਖਾਧੇ ਤੇ ਸਿਆਣਿਆਂ ਦੇ ਕਹੇ ਦਾ ਬਾਅਦ 'ਚ ਈ ਪਤਾ ਚੱਲਦੈ... ਮੁਫ਼ਤੀ ਦਾ ਪਾਣੀ ਪੀਂਦੇ ਹਾਂ ਤਾਂ ਪਤਾ ਨਹੀਂ ਰੋਗ ਕੈਸੇ-ਕੈਸੇ ਲੱਗਦੇ ਨੇ... ਤੇ ਜੇ ਸ਼ੁੱਧ, ਸਾਫ਼ ਪਾਣੀ ਪੀਈਏ ਤਾਂ ਹੁਣ ਪੈਸੇ ਲੱਗਦੇ ਨੇ...!

ਬਿਹਤਰ ਭਵਿੱਖ ਦੇ ਸੁਪਨਿਆਂ ਦੀ ਆਸ ਵਿੱਚ ਪਿੰਡਾਂ ਨੂੰ ਛੱਡ ਮਹਾਂਨਗਰਾਂ 'ਚ ਡੇਰੇ ਤਾਂ ਲਾ ਲਏ ਨੇ , ਪਰ ਘਰ ਦੇ ਉਹ ਖ਼ਾਲਸ ਦੁੱਧ, ਲੱਸੀ ,ਮੱਖਣ ਤੇ ਕਈ ਰਿਸ਼ਤੇ ਵੀ ਗੁਆ ਲਏ ਨੇ... ਸ਼ਹਿਰ ਦੀਆਂ ਭੀੜ-ਭੜੱਕੇ ਤੇ ਨੱਠ-ਭੱਜ ਭਰੀਆਂ ਸੜਕਾਂ 'ਤੇ ਵਿਚਰਦਿਆਂ ਅੱਜ ਵੀ ਪਿੰਡ ਸਿਮਰਤੀਆਂ 'ਚ ਵੱਸਦਾ ਹੈ... ਪਿੰਡ ਗਿਆਂ ਨੂੰ ਪਿੰਡ ਦੀਆਂ ਗੱਲਾਂ ਹੁਣ ਤਾਂ ਬਸ 'ਵਿਹੜੇ ਆਲ਼ਿਆਂ ਦਾ ਚੀਨਾ' ਹੀ ਦੱਸਦਾ ਹੈ...!

ਵਿਰਾਸਤ ਨਾ ਸਾਂਭੀ ਤਾਂ ਆਪਣਿਆਂ ਤੋਂ ਦੂਰ ਹੋ ਜਾਉਂਗੇ... ਤੇ ਜਵਾਕਾਂ ਨੂੰ ਤੁਸੀਂ ਕਿਹੜੀਆਂ ਕਹਾਣੀਆਂ ਸੁਣਾਉਂਗੇ...? ਬਾਬਾ ਅਕਸਰ ਇਹ ਆਖਦਾ ਹੁੰਦਾ ਸੀ....!!

ਬਾਬਾ ! ਸੱਥਾਂ 'ਚ ਹੁਣ ਸੀਪਾਂ, ਬਾਜ਼ੀਆਂ ਤੇ ਘੋਲ ਘੱਟ, ਸਿਆਸਤਾਂ ਜ਼ਿਆਦਾ ਹੁੰਦੀਆਂ ਨੇ... ਬੋਹੜਾਂ ਹੇਠ ਬੈਠੇ ਬਾਬੇ ਹੁਣ ਵਿਰਸੇ ਦੀਆਂ ਨਹੀਂ, ਹੱਡ ਬੀਤੀਆਂ ਸੁਣਾਉਂਦੇ ਨੇ... ਘਰਾਂ 'ਚ ਘੱਟਦੀ ਜਾ ਰਹੀ ਆਪਣੀ ਕਦਰ ਦੱਸਦਿਆਂ ਦੁੱਖ-ਦਰਦ ਵੰਡਾਉਂਦੇ ਨੇ... ਹੰਝੂਆਂ 'ਚ ਦਾੜ੍ਹੀ ਦੇ ਵਾਲ ਅਕਸਰ ਗਿੱਲੇ ਰਹਿੰਦੇ ਨੇ... ਕਈ ਬਾਬੇ ਤਾਂ ਆਪਣੇ ਪੁੱਤ-ਪੋਤਿਆਂ ਹੱਥੋਂ ਹੁਣ ਬੜਾ ਕੁਝ ਸਹਿੰਦੇ ਨੇ...!


ਕੁਲਵਿੰਦਰ ਵਿਰਕ
ਕੋਟਕਪੂਰਾ, 94173 79217

ਮੇਰਾ ਬਾਬਾ ਅਕਸਰ ਆਖਦਾ ਹੁੰਦਾ ਸੀ ਕਿ ਨਵੀਆਂ ਨਸਲਾਂ ਨੂੰ ਘਰ ਘੱਟ ਤੇ ਤੋਰੇ-ਫੇਰੇ ਵੱਧ ਚੰਗੇ ਲੱਗਣਗੇ... ਬਿਨਾਂ ਗੱਲੋਂ ਐਵੇਂ ਕੰਧਾਂ ਕੌਲਿਆਂ 'ਚ ਵੱਜਣਗੇ... ਸੱਚ ਹੈ ਬਾਬੇ ! ਨੌਜਵਾਨ ਪੀੜ੍ਹੀ ਹੁਣ ਸੁਰਤ ਸੰਭਾਲਦਿਆਂ ਹੀ ਬੁਲਟ ਤੇ ਲੰਡੀਆਂ ਜੀਪਾਂ ਚਾਹੁੰਦੀ ਹੈ...ਸ਼ਰੇਆਮ ਪਸਤੌਲ, ਬੰਦੂਕਾਂ ਫੜ ਕੇ ਫੋਟੋਆਂ ਖਿਚਵਾਉਂਦੀ ਹੈ... ਮੋੜਾਂ 'ਤੇ ਖੜ੍ਹਨਾ,ਮੁੱਛਾਂ ਨੂੰ ਤਾਅ ਦੇ ਕੇ ਲੜਨਾ ਤੇ ਤੀਜੇ ਕੁ ਦਿਨ ਥਾਣਿਆਂ 'ਚ ਜਾ ਵੜਨਾ ਤਾਂ ਜਿਵੇਂ ਨੌਜਵਾਨੀ ਦਾ ਦਸਤੂਰ ਹੋ ਗਿਐ...ਬਾਬਾ, ਤੇਰਾ ਪੰਜਾਬ ਹੁਣ ਨਸ਼ਿਆਂ,ਨਸ਼ੇੜੀਆਂ ਤੇ ਹਥਿਆਰਾਂ ਕਰਕੇ ਵੀ ਮਸ਼ਹੂਰ ਹੋ ਗਿਐ...!

ਬਾਬਾ ! ਤੂੰ ਤਾਂ ਬਾਹਰਲੀ ਬੈਠਕ ਦੀ ਕਨਸ 'ਤੇ ਪਏ ਰੇਡੀਓ 'ਚ ਯਮਲਾ,ਮਸਤਾਨਾ,ਪ੍ਰਕਾਸ਼ ਕੌਰ,ਸੁਰਿੰਦਰ ਕੌਰ, ਬੀਬਾ ਨੂਰਜਹਾਂ ਤੇ ਰੇਸ਼ਮਾ ਨੂੰ ਸੁਣਿਆ ਕਰਦਾ ਸੈਂ... ਵਾਰਿਸ,ਪੀਲੂ, ਦਮੋਦਰ ਦੇ ਕਿੱਸੇ ਤੇ ਸ਼ਾਹ ਮੁਹੰਮਦ ਦੀਆਂ ਵਾਰਾਂ ਪੜ੍ਹਿਆ ਕਰਦਾ ਸੈਂ... ਬੜਾ ਆਨੰਦ ਆਉਂਦਾ ਸੀ- ਜਦੋਂ ਟਿਕੀ ਰਾਤ 'ਚ ਤੂੰ ਹੀਰ ਗਾਉਂਦਾ ਸੀ... ਤੇ ਅਕਸਰ ਵਿੱਸਰ ਰਹੇ ਵਿਰਸੇ ਅਤੇ ਸੱਭਿਆਚਾਰ ਤੇ ਅਜਿਹੀ ਗਾਇਕੀ ਦੀ ਘਟਦੀ ਕਦਰ ਸਬੰਧੀ ਫ਼?ਕਰ ਪ੍ਰਗਟਾਉਂਦਾ ਸੀ... ਤੇਰਾ ਫਿਕਰ ਐਵੇਂ ਨਹੀਂ ਸੀ ਬਾਬਾ! ਲੱਚਰਤਾ ਅਤੇ ਹਥਿਆਰਾਂ ਵਾਲੇ ਗੀਤਾਂ ਉੱਤੇ ਗਾਇਕ ਹੁਣ ਅੱਧ-ਨੰਗੀਆਂ ਕੁੜੀਆਂ ਨਚਾਉਂਦੇ ਨੇ... ਕਈ-ਕਈ ਛਾਪਾਂ, ਛੱਲੇ, ਮੁੰਦੀਆਂ ਤੇ ਵੱਡੇ ਸਾਰੇ ਲਾਕਟਾਂ ਵਾਲੀਆਂ ਸੋਨੇ ਦੀਆਂ ਸੰਗਲੀਆਂ ਪਾਉਂਦੇ ਨੇ... ਉਂਝ ਆਪਣੇ-ਆਪ ਨੂੰ ਲੋਕ-ਗਾਇਕ ਅਖਵਾਉਂਦੇ ਨੇ... ਵਿੰਗੇ-ਟੇਢੇ ਵਾਲਾਂ ਵਾਲੇ ਇਨ੍ਹਾਂ ਗਾਇਕਾਂ ਨੇ ਨਵੀਂ ਨਸਲ ਨੂੰ ਵਿਗਾੜ ਦਿੱਤੈ... ਸਾਡਾ ਸੱਭਿਆਚਾਰ ਹੀ ਉਜਾੜ ਦਿੱਤੈ... ਚੰਗੀ ਗਾਇਕੀ ਦੇ ਵਾਰਿਸ ਹੁਣ ਉਂਗਲਾਂ ਤੇ ਗਿਣਨ ਜੋਗੇ ਹੀ ਰਹਿ ਗਏ ਨੇ... !

ਮਾਣਮੱਤੀਆਂ ਹਵਾਵਾਂ ਹੁਣ ਜ਼ਹਿਰੀਲੀਆਂ ਹੋ ਰਹੀਆਂ ਨੇ... ਜ਼ਮੀਨਾਂ ਨੂੰ ਵੀ ਅਸੀਂ ਤੇ ਨਸ਼ੇੜੀ ਬਣਾ ਲਿਆ ਹੈ... ਰੇਹਾਂ, ਸਪਰੇਹਾਂ ਤੋਂ ਬਿਨਾਂ ਤਾਂ ਹੀ ਝੋਨੇ ਦੀਆਂ ਪਨੀਰੀਆਂ ਤੇ ਕਣਕਾਂ ਪੀਲੀਆਂ ਹੋ ਰਹੀਆਂ ਨੇ... ਸਿਆਸੀ ਲੀਡਰਾਂ ਨੇ ਆਪਣੇ ਢਿੱਡ ਭਰਨ ਤੇ ਚੌਧਰਾਂ ਕਰਨ ਹਿੱਤ ਪੰਜਾਬ ਦਾ ਭਵਿੱਖ ਹੀ ਦਾਅ 'ਤੇ ਲਾ ਦਿੱਤਾ ਹੈ... ਝੋਨੇ ਵਰਗੀ ਫਸਲ ਨੇ ਧਰਤੀ ਹੇਠੋਂ ਸੈਂਕੜੇ ਫੁੱਟ ਪਾਣੀ ਮੁਕਾ ਦਿੱਤਾ ਹੈ... ਦੇਖ ਬਾਬਾ ! ਤੇਰੇ ਵੇਲਿਆਂ 'ਚ ਪੰਜ ਕੁ ਫੁੱਟ 'ਤੇ ਹੀ ਮਿਲਣ ਵਾਲਾ ਪਾਣੀ ਹੁਣ ਕਈ ਥਾਵਾਂ 'ਤੇ ਪੰਜ ਸੌ ਫੁੱਟ ਬੋਰ ਕਰਕੇ ਥਿਆਉਂਦਾ ਹੈ... ਅੱਜ ਅਸੀਂ ਉਸ ਮੋੜ 'ਤੇ ਆਣ ਖੜ੍ਹੇ ਹਾਂ, ਜਿੱਥੋਂ ਰੇਗਿਸਤਾਨ ਸਾਫ਼ ਨਜ਼ਰ ਆਉਂਦਾ ਹੈ...!

ਬਾਬਾ ! ਤੂੰ ਸੱਚ ਆਖਦਾ ਸੈਂ ਕਿ ਫ਼ੌਜ ਸਾਡੇ ਪਿੱਛੇ ਭੱਜੀ ਫਿਰਦੀ ਹੈ ,ਫ਼ੌਜੀ ਬਣਾਉਣ ਲਈ... ਬੱਸ ਥੋੜ੍ਹਾ ਜਿਹਾ ਚਿਰ ਰੁਕਜੋ... ਲੋਕ ਫੌਜ ਸਮੇਤ ਬਾਕੀ ਮਹਿਕਮਿਆਂ ਪਿੱਛੇ ਭੱਜਿਆ ਕਰਨਗੇ... ਨੌਕਰ ਹੋਣ ਲਈ ਲੜਿਆ ਕਰਨਗੇ, ਮਰਿਆ ਕਰਨਗੇ... ਸੱਚੀਂ ਬਾਬਾ , ਨੌਕਰੀਆਂ ਦੇਣ ਤੋਂ ਸਰਕਾਰਾਂ ਹੁਣ ਪੱਲਾ ਝਾੜ ਦਿੰਦੀਆਂ ਨੇ... ਨੌਕਰੀਆਂ ਘੱਟ, ਠੋਕਰਾਂ ਜ਼ਿਆਦਾ ਮਿਲਦੀਆਂ ਨੇ...ਪੜ੍ਹ ਲਿਖ ਕੇ ਵੀ ਲੋਕ ਬੇਰੁਜ਼ਗਾਰ ਹੋ ਰਹੇ ਨੇ...ਏਸੇ ਲਈ ਤਾਂ ਬਹੁਤੇ ਪੰਜਾਬੀ ਹੁਣ ਜਹਾਜ਼ਾਂ 'ਤੇ ਚੜ੍ਹ ਵਤਨੋਂ ਬਾਹਰ ਹੋ ਰਹੇ ਨੇ...!

ਬਾਬਾ ! ਤੂੰ ਮਿੱਟੀ ਨਾਲ ਮਿੱਟੀ ਹੋ ਕੇ ਦੱਬ ਕੇ ਵਾਹੁੰਦਾ ਤੇ ਰੱਜ ਕੇ ਖਾਂਦਾ ਸੀ... ਕਿਸੇ ਤੋਂ ਮੰਗਣ ਨਹੀਂ ਜਾਂਦਾ ਸੀ... ਜੀਵਨ ਵੀ ਤੇਰਾ ਬੜਾ ਸਾਦਾ ਸੀ... ਅਸੀਂ ਤਾਂ ਹੁਣ ਵਿਆਹ ਛੱਡ, ਮਰਨਿਆਂ ਤੇ ਵੀ ਝੁੱਗਾ ਚੌੜ ਕਰਾਈ ਜਾਂਦੇ ਹਾਂ... ਨਿੱਤ ਨਵੇਂ ਕਰਜ਼ ਸਿਰ ਚੜ੍ਹਾਈ ਜਾਂਦੇ ਹਾਂ... ਖੌਰੇ ਤਾਂ ਹੀ ਨਿੱਤ ਹੀ ਟਾਹਲੀਆਂ ਦੇ ਟਾਹਣਿਆਂ ਨਾਲ ਰੱਸੇ ਲਟਕਦੇ ਦਿਸਦੇ ਨੇ ...ਦਿਖਾਵੇ ਵਧਾ ਲਏ ਨੇ... ਪੱਠੇ ਵੱਢਣ ਲਈ ਵੀ ਅਸੀਂ ਤਾਂ ਹੁਣ ਭਈਏ ਲਾ ਲਏ ਨੇ...!

ਹੁਣ ਬੜਾ ਯਾਦ ਆਉਂਦਾ ਹੈ ਬਾਬਾ... ਕਿਉਂਕਿ ਬਾਬਾ ਅਕਸਰ ਇਹ ਆਖਦਾ ਹੁੰਦਾ ਸੀ....!!

ਪੈ.ਗਾਮ-ਏ-ਜਗਤ

ਕਵਿਤਾ



ਮਿੱਠੇ ਅੰਬ ਅਤੇ ਕੋਇਲ
ਆਈ ਕੋਇਲ, ਆਈ ਕੋਇਲ,
ਮਿੱਠੇ ਮਿੱਠੇ, ਬੋਲੇ ਬੋਲ।
ਉੱਚੀ ਉੱਚੀ, ਜਦੋਂ ਏ ਗਾਉਂਦੀ,
ਬੱਚੇ ਵੀ ਸਭ ਕਰਨ ਕਲੋਲ।
ਕੋਈ ਕਹੇ ਬਿਰਹਾ ਵਿੱਚ ਗਾਉਂਦੀ,
ਮਨ ਦੇ ਰਹੀ, ਭੇਦ ਕਈ ਖੋਲ੍ਹ।
ਕਿੰਨੇ ਮਣ ਅੰਬ ਬੂਟੇ ਨੂੰ ਲੱਗਣੇ?
ਮਨ ਹੀ ਮਨ ਰਹੀ ਉਹ ਤੋਲ।
ਇਕੱਲੀ ਉੱਡਦੀ ਰਹੇ ਬਾਗਾਂ ਵਿੱਚ,
ਬੱਚੇ ਨਾ ਰੱਖੇ ਆਪਣੇ ਕੋਲ।
ਪੱਕੇ ਅੰਬ ਦੇਖ ਖੁਸ਼ ਹੁੰਦੀ,
ਉੱਡਦੀ ਉੱਡਦੀ ਲੈਂਦੀ ਟੋਹਲ।
ਬਣ ਬਾਗਾਂ ਦੀ ਰਾਣੀ ਫਿਰਦੀ,
ਦੇਂਦੀ ਨਾ ਕੋਈ, ਅੰਬਾਂ ਦਾ ਮੋਲ।
ਰਸ ਜਦੋਂ ਅੰਬਾਂ ਨੂੰ ਪੈਂਦਾ,
ਅੰਬ, ਆਪ ਲੱਭਦੀ ਗੋਲ-ਮਟੋਲ।
ਘੋਗੜ ਕਾਂ ਨੂੰ ਮਾਰ ਆਵਾਜ਼ਾਂ,
ਕਹੇ ਤੂੰ ਵੀ ਆਜਾ ਮੇਰੇ ਢੋਲ।
'ਗੋਸਲ' ਇਸ ਦੀ, ਆਦਤ ਇੱਕ ਭੈੜੀ,
ਅੰਬ ਮੁੱਕਿਆਂ, ਕਰ ਲਵੇ ਬਿਸਤਰਾ ਗੋਲ।

-ਬਹਾਦਰ ਸਿੰਘ ਗੋਸਲ, ਮਕਾਨ ਨੰ: 3098, ਸੈਕਟਰ 37ਡੀ, ਚੰਡੀਗੜ੍ਹ।

ਮਾਂ ਤੋਂ ਦੂਰ

ਮੈਂ ਪਰਦੇਸੀ ਵੱਸਦਾ,
ਸੁਣ ਮੇਰੇ ਮਿੱਤਰ ਕਾਂ।
ਤੂਹੀਂ ਤਾਂ ਇੱਕ ਹੀ ਜਾਣਦਾ,
ਮੇਰਾ ਦੇਸ ਗਰਾਂ।
ਤੂੰ ਛੇਤੀ ਉੱਡ ਜਾ ਸੋਹਣਿਆਂ,
ਤੈਨੂੰ ਉਡੀਕੇ ਮੇਰੀ ਮਾਂ।
ਮੈਂ ਫੋਨ ਕਰ ਕਰ ਹੰਭਿਆ,
ਤੇ ਲਿਖ-ਲਿਖ ਚਿੱਠੀਆਂ ਪਾ।
ਉਹਨੂੰ ਢਾਰਸ ਨਹੀਂ ਮਿਲਦਾ,
ਤੂੰ ਜਾ ਹਾਲ ਸੁਣਾ।
ਉਸ ਬਿਨ ਮੇਰਾ ਜੀਵਣਾ,
ਰਿਹਾ ਕਿਵੇਂ ਤੜਫ਼ਾਂ।
ਪਲ ਭਰ ਵੀ ਚੈਨ ਨਾ ਮਿਲਦਾ,
ਨਾ ਲੱਭੇ ਹੋਰ ਕੋਈ ਮਾਂ।
ਕੀ ਹੋਇਆ ਜੇ ਰੋਜ਼ ਦੇ,
ਮੈਂ ਡਾਲਰ ਰਿਹਾ ਕਮਾ।
ਪਰ ਮੇਰੇ ਮਨ ਤੇ ਉੱਕਰਿਆ,
ਮੇਰੇ ਭਾਰਤ ਦਾ ਨਾਂ।
ਕਿੰਨਾ ਦਰਦ ਦੂਰ ਰਹਿਣ ਦਾ,
ਚੇਤੇ ਆਉਣ ਭੈਣ-ਭਰਾ।
ਮੈਂ ਮਨ ਵਿੱਚ ਫੋਟੋ ਦੇਖਦਾ,
ਬਾਪੂ ਨੱਕੋ ਰਿਹਾ ਲਗਾ।
ਮਨ ਕਹੇ ਭੱਜ ਮਿਲਣ ਨੂੰ,
ਪਰ ਕਦਮ ਨਾ ਪੁੱਟਿਆ ਜਾ।
ਮੈਂ ਸੁਪਨਿਆਂ ਦੇ ਵਿੱਚ ਸੌਂਦਾ,
ਦੇਖ ਪਿੰਡ ਦੀ ਹਰ ਇੱਕ ਥਾਂ।
ਜਦ ਤੂੰ ਮਿਲੇਂਗਾ ਮੇਰੀ ਮਾਂ ਨੂੰ,
ਤੂੰ ਸੱਚ ਸੱਚ ਦੇਈਂ ਬਤਾ।
ਝੱਲਾ ਹੋਇਆ ਤੇਰਾ ਲਾਡਲਾ,
ਭਾਲੇ ਬੁੱਕਲ ਤੇਰੀ ਦੀ ਛਾਂ।
ਦੇਖ ਮਜਬੂਰੀ ਘਰ ਦੀ,
ਮੈਂ ਕਰ ਨਾ ਸਕਿਆ ਨਾਂਹ।
ਤੂੰ ਛੇਤੀ ਉੱਡ ਜਾ ਸੋਹਣਿਆਂ,
ਤੈਨੂੰ ਉਡੀਕੇ ਮੇਰੀ ਮਾਂ।
ਨਹੀਂ ਤਾਂ ਖੰਭ ਉਧਾਰੇ ਦੇ ਦੇ,
'ਗੋਸਲ' ਆਪ ਹੀ ਮਿਲੇ ਉੱਡ ਜਾ।

-ਬਹਾਦਰ ਸਿੰਘ ਗੋਸਲ, ਮਕਾਨ ਨੰਬਰ 3098, ਸੈਕਟਰ-37ਡੀ, ਚੰਡੀਗੜ੍ਹ।

ਬੁਰੇ ਹਾਲਾਤਾਂ ਨਾਲ ਖਹਿਬਾਜ਼ੀ



ਸਾਡੀ ਬੁਰੇ ਹਾਲਾਤਾਂ ਨਾਲ ਖਹਿਬਾਜ਼ੀ ਚੱਲਦੀ ਏ।
ਨਿੱਤ ਲਿਖ ਹਵਾਵਾਂ 'ਤੇ ਮੌਤ ਸੁਨੇਹੇ ਘੱਲਦੀ ਏ ।
ਸਾਡਾ ਮਾੜੇ ਸਮਿਆਂ ਨਾਲ ਨਿੱਤ ਪੇਚਾ ਫ਼ਸਿਆ ਏ,
ਸਾਡੇ ਹੌਂਸਲੇ ਪਰਖਣ ਤੋਂ ਗ਼ੁਰਬਤ ਨਾ ਟਲਦੀ ਏ।
ਬੁੱਲ੍ਹੀਆਂ ਦਾ ਹਾਸਿਆਂ ਨਾਲ ਚੰਦਰਾ ਵੈਰ ਪੈ ਗਿਆ ਏ,
ਕੋਈ ਪੀੜ ਕੁਲਿਹਣੀ ਜਿਹੀ ਆ ਨਿੱਤ ਬੂਹਾ ਮੱਲਦੀ ਏ।
ਸਾਡਾ ਸਬਰ ਪਰਖਿਆ ਏ ਇੱਥੇ ਹਰ ਅਲਾਮਤ ਨੇ,
ਇਹ ਜਿੰਦ ਨਿਮਾਣੀ ਜਿਹੀ ਲੱਖ ਤਸੀਹੇ ਝੱਲਦੀ ਏ।
ਕਦੇ ਸਾਡਾ ਵੇਲਾ ਆਇਆ ਜੇ, ਸਲਾਮਾਂ ਆਪੇ ਹੋਣਗੀਆਂ,
ਕਦੇ ਸਾਡੇ ਹੱਕ ਵੀ ਭੁਗਤੇਗੀ, ਹਵਾ ਅਜੇ ਤੇਰੇ ਵੱਲ ਦੀ ਏ।
ਤੇਰੀ ਉੱਚੇ ਮਹਿਲਾਂ ਨਾਲ, ਬਣੇ ਸਾਡੀ ਉੱਚੇ ਕਿਰਦਾਰਾਂ ਨਾਲ?,
'ਪਾਲੀ' ਬਹੁਤਾ ਜੋ ਮਾਣ ਕਰਦੇ ਨੇ, ਸਾਡੀ ਦਾਲ ਨਾ ਗਲਦੀ ਏ।
ਸਾਡੀ ਬੁਰੇ ਹਾਲਾਤਾਂ ਨਾਲ ਖਹਿਬਾਜ਼ੀ ਚੱਲਦੀ ਏ।
ਨਿੱਤ ਲਿਖ ਹਵਾਵਾਂ 'ਤੇ ਮੌਤ ਸੁਨੇਹੇ ਘੱਲਦੀ ਏ।

-ਪਾਲੀ ਸਾਧੋਵਾਲ

ਕਾਹਦਾ ਮਾਣ ਕਰੇਨੀਂ ਏ ਜਿੰਦੇ !

ਕਾਹਦਾ ਮਾਣ ਕਰੇਨੀ ਏਂ ਜਿੰਦੇ, ਸਾਹ ਦਾ ਵਿਸਾਹ ਕੋਈ ਨਾ,
ਚਾਰ ਦਿਨ ਉਧਾਰੇ ਤੇਰੇ ਵਾਸਤੇ, ਵੱਧ ਲੈਣਾ ਸਾਹ ਕੋਈ ਨਾ।
ਤੋੜ ਪਿੰਜਰਾ ਹੈ ਬੱਸ ਉੱਡ ਜਾਣਾ, ਬਚਣੇ ਨੂੰ ਥਾਂਹ ਕੋਈ ਨਾ,
ਲਾਹ ਕੇ ਮੰਜੇ ਤੋਂ ਭੁੰਜੇ ਝੱਟ ਪਾਣਾ, ਭੱਜਣੇ ਨੂੰ ਰਾਹ ਕੋਈ ਨਾ।
ਜਿਨ੍ਹਾਂ ਲਈ ਰਹੀ ਨੀਂ ਤੂੰ ਟੁੱਟ ਟੁੱਟ ਮਰਦੀ,
ਆਖਰੀ ਸਮੇਂ ਨੀਂ ਤੇਰਾ ਕੋਈ ਨਹੀਂ ਦਰਦੀ,
'ਕੱਲੇ ਪੈਣਾ ਹੈ ਹਿਸਾਬ ਚੁਕਾਣਾ,ਪਾਪਾਂ ਦਾ ਥਾਹ ਕੋਈ ਨਾ।
ਕਾਹਦਾ ਮਾਣ .
ਠਗੀ ਠੋਰੀ ਮਾਰ ਤੂੰ ਮਾਇਆ ਰਹੀ ਜੋੜਦੀ,
ਰੂਹ ਤੈਨੂੰ ਅੜੀਏ ਨੀਂ ਚਾਹੇ ਲੱਖ ਰਹੀ ਹੋੜਦੀ,
ਮਿੱਟੀ ਵਿੱਚ ਮਿੱਟੀ ਹੈ ਰਲ? ਜਾਣਾ,ਹੋਣੀ ਵਾਹ ਵਾਹ ਕੋਈ ਨਾ।
ਕਾਹਦਾ ..
ਕਾਰੂੰ ਵਾਲੇ ਖ਼ਜ਼ਾਨੇ ਭਰੇ ਇੱਥੇ ਰਹਿ ਜਾਣੇ ਨੇ,
ਚੰਗੇ ਅਮਲਾਂ ਵਾਲ਼ੇ ਕਿੱਸੇ ਲੋਕਾਂ ਗਾਉਣੇ ਨੇ ,
ਉਹ ਵੀ ਭੁੱਲ ਜਾਣੇ ਚਾਰ ਦਿਨਾਂ ਵਿੱਚ,ਪਾਉਣਾ ਗਾਹ ਕੋਈ ਨਾ।
ਕਾਹਦਾ ਮਾਣ

-ਸੇਵਾ ਸਿੰਘ "ਨੂਰਪੁਰੀ"

ਬਰਸੀ




ਸਾਲ ਹੋ ਗਿਆ
ਮਾਂ ਵਿਛੜੀ ਨੂੰ
ਅੱਜ ਉਸਦੀ ਬਰਸੀ ਹੈ
ਕੋਈ ਆਖੇ ਦਾਨ ਕਰੋ
ਛਕਾਓ ਭੋਜਨ ਭੁੱਖਿਆਂ ਨੂੰ
ਕੋਈ ਆਖੇ ਗਊਸ਼ਾਲਾ ਜਾਓ
ਕਰੋ ਧਾਰਮਿਕ ਰੀਤ ਕੋਈ
ਕਿਸੇ ਦਾ ਮਸ਼ਵਰਾ
ਵੰਡੋ ਕੰਬਲ,ਬੂਟੇ ਲਾਓ
ਬਿਰਧ ਆਸ਼ਰਮ ਸਮਾਂ ਬਿਤਾਓ
ਯਾਦ ਕਰੋ ਮਾਂ ਅਪਣੀ ਨੂੰ
ਸਾਲ ਹੋ ਗਿਆ
ਉਸ ਜਹਾਨੋਂ ਗਈ ਨੂੰ
ਅੱਜ ਉਸਦੀ ਬਰਸੀ ਹੈ ਭਾਈ।
ਬੱਸ ਇੱਕੋ ਦਿਨ ਹੀ ਯਾਦ ਕਰਾਂ?
ਮਾਂ ਅਪਣੀ ਦਾ ਧਿਆਨ ਕਰਾਂ
ਓਹ ਤਾਂ ਠੰਢੀ ਛਾਂ ਸੀ ਸਾਡੀ
ਸਭਨਾਂ ਦੀ ਓਹ ਮਾਂ ਸੀ ਸਾਂਝੀ
ਹਰ ਦਿਨ ਉਸਨੂੰ ਯਾਦ ਕਰੀਦੈ
ਆਸ-ਪਾਸ ਹੀ ਅਹਿਸਾਸ ਕਰੀਦੈ
ਦਿਨ, ਮਹੀਨੇ, ਵਰ੍ਹਿਆਂ ਨੇ ਤਾਂ
ਚੜ੍ਹਦੇ ਜਾਣਾ, ਮੁੱਕਦੇ ਜਾਣਾ...

-ਰੰਜੀਵਨ ਸਿੰਘ

ਜਾਣ ਵੇਲੇ ਵਿਦਾ (ਗੀਤ)

ਸ਼ਿਕਵੇ ਸ਼ਕਾਇਤਾਂ ਦੀ ਵੀ ਹੁੰਦੀ ਕੋਈ ਹੱਦ ਓਏ,
ਕਾਹਦੀਆਂ ਨੇ ਜਿੱਤਾਂ ਹਾਰਾਂ ਤੁਰ ਚੱਲੇ ਜਦ ਓਏ,
ਹਾਉਮੈਂ ਦੀਆਂ ਪੰਡਾਂ ਨੂੰ ਨਹੀਂ ਸਿਰ 'ਤੇ ਧਰੀ ਦਾ--
ਜਾਣ ਵੇਲੇ ਵਿਦਾ ਯਾਰਾ ਇੰਝ ਨਹੀਂ ਕਰੀ ਦਾ।
ਰਹਿ ਰਹਿ ਕੇ ਸਾਨੂੰ ਵੇ ਤੂੰ ਯਾਦ ਆਉਣ ਵਾਲਿਆ,
ਚੇਤਿਆਂ ਚੋਂ ਕੱਢ ਗਿਐਂ ਚੋਖਾ ਚਾਹੁਣ ਵਾਲਿਆ,
ਜਾਨ ਵਾਰ ਜਿੱਤਿਆਂ ਨੂੰ ਐਵੇਂ ਨਹੀ ਹਰੀ ਦਾ---
ਜਾਣ ਵੇਲੇ ਵਿਦਾ ਯਾਰਾ ਇੰਝ ਨਹੀਂ ਕਰੀ ਦਾ।
ਛੱਡ ਚੱਲੇ ਅਸੀਂ ਤੇਰਾ ਸੱਜਣਾ ਇਹ ਸ਼ਹਿਰ ਓਏ,
ਮੰਗਦੇ ਸਦਾ ਲਈ ਤੇਰੇ ਸ਼ਹਿਰ ਦੀ ਹਾਂ ਖ਼ੈਰ ਓਏ,
ਫੈਸਲਾ ਸਣਾ ਜਾਹ ਆ ਕੇ ਦੋਸ਼ਾਂ ਚੋਂ ਬਰੀ ਦਾ--
ਜਾਣ ਵੇਲੇ ਵਿਦਾ ਯਾਰਾ ਇੰਝ ਨਹੀਂ ਕਰੀ ਦਾ।
ਜਾਣ ਵੇਲੇ ਸਾਨੂੰ ਤੇਰੀ ਹੋ ਜਾਂਦੀ ਦੀਦ ਓਏ,
ਜਨਤਾਂ ਦੀ ਸਾਨੂੰ ਬੱਝ ਜਾਣੀ ਸੀ ਉਮੀਦ ਓਏ,
ਆਜਾ ਕਿਤੋਂ ਆਜਾ ਨਹੀਓਂ ਜਗ ਤੋਂ ਡਰੀ ਦਾ--
ਜਾਣ ਵੇਲੇ ਵਿਦਾ ਯਾਰਾ ਇੰਝ ਨਹੀਂ ਕਰੀ ਦਾ।
ਭੁੱਲੀ ਵਿਸਰੀ ਜੇ ਯਾਦ 'ਪਾਰਸ' ਦੀ ਆਏਗੀ,
ਤੇਰਿਆਂ ਨੈਣਾਂ 'ਚੋਂ ਕਦੇ ਅੱਥਰੂ ਵਹਾਏਗੀ,
ਕਹਿ ਦੇਈਂ ਨਹੀਓਂ ਮਰਿਆਂ ਨਾ ਪਾਗਲੇ ਮਰੀ ਦਾ
ਜਾਣ ਵੇਲੇ ਵਿਦਾ ਯਾਰਾ ਇੰਝ ਨਹੀਂ ਕਰੀ ਦਾ।



-ਪ੍ਰਤਾਪ 'ਪਾਰਸ' ਗੁਰਦਾਸਪੁਰੀ, 787/10 ਪ੍ਰੇਮ ਨਗਰ, ਹਰਦੋਛੰਨੀ ਰੋਡ ਗੁਰਦਾਸਪੁਰ

ਮੇਰੇ ਦੋਸਤ



ਧੋਖਾ ਉਸੇ ਨੂੰ ਮਿਲਦਾ ਏ, ਜੋ ਦਿਲੋਂ ਵਿਸ਼ਵਾਸ ਕਰਦਾ ਏ,
ਨਾਮ ਉਸੇ ਦਾ ਬਣਦਾ ਏ, ਜੋ ਜ਼ਿੰਦਗੀ ਵਿੱਚ ਕੁਝ ਖ਼ਾਸ ਕਰਦਾ ਏ।
ਕਾਮਯਾਬੀ ਤੇਰੇ ਕਦਮਾਂ ਚ, ਬਸ ਥੋੜ੍ਹੀ ਦੇਰ ਦੀ ਗੱਲ ਏ,
ਹੌਸਲਾ ਰੱਖ ਮੇਰੇ ਦੋਸਤ, ਹਰ ਰਾਤ ਪਿੱਛੋਂ ਸਵੇਰ ਦੀ ਗੱਲ ਏ।
ਸਾਫ਼ ਪਾਣੀ ਪਹਾੜਾਂ ਦੇ ਝਰਨਿਆਂ ਵਿੱਚ ਵਗਦਾ ਏ,
ਸੱਚਾ ਇਨਸਾਨ ਨੂੰ ਵੀ ਔਖਾ ਵੇਲਾ ਹੀ ਪਰਖਦਾ ਏ।
ਉਮੀਦ ਕਰਨੀ ਏ ਤਾਂ ਉਸ ਰੱਬ 'ਤੇ ਕਰ,
ਹਰ ਸਾਹ ਦੇ ਮਾਲਕ ਉਸ ਖ਼ੁਦਾ 'ਤੇ ਕਰ।
ਬੰਦੇ ਤੋਂ ਕਾਹਦਾ ਡਰਨਾ, ਜਦ ਸਿਰ 'ਤੇ ਰੱਬ ਦਾ ਹੱਥ ਏ,
ਜੋ ਸੱਚ ਦੇ ਰਾਹ 'ਤੇ ਤੁਰਦਾ ਏ ਉਸਦਾ ਵੱਖਰਾ ਹੀ ਸਥ ਏ।
ਡਿੱਗ ਪਏਂ ਤਾਂ ਹੌਸਲਾ ਰੱਖੀਂ, ਫਿਰ ਉੱਠ ਕੇ ਤੁਰ ਪਈਂ,
ਮੰਜ਼ਿਲ ਭਾਵੇਂ ਦੂਰ ਹੋਵੇ ਪਰ ਰਾਹ ਜਾਂਦੇ ਸੱਜਣ ਦੀ ਗਲ ਸੁਣ ਲਈਂ।
ਸਦਾ ਵਕਤ ਹਮੇਸ਼ਾ ਚਾਲ ਬਦਲਦਾ ਰਹਿੰਦਾ ਏ,
ਇਹ ਗੱਲ ਯਾਦ ਰਖੀ ਹਰ ਕਦਮ
ਕੁਝ ਨਾ ਕੁਝ ਕਹਿੰਦਾ ਏ,
ਆਪਣਾ ਹੌਸਲਾ ਹਮੇਸ਼ਾ ਆਬਾਦ ਰੱਖੀਂ ਮੇਰੇ ਦੋਸਤ।
ਅਪਣੇ ਬੀਤੇ ਸਮੇਂ ਨੂੰ ਭੁੱਲੀ ਨਾ ਹਮੇਸ਼ਾ ਯਾਦ ਮੇਰੇ ਦੋਸਤ।

-ਸਤੀਸ਼ ਕੁਮਾਰ ਸੋਨੀ
ਸੰਸਥਾਪਕ ਪ੍ਰਧਾਨ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ।

ਵਿਚਾਰ



ਦਿੱਖ...
ਬਾਹਰੀ ਦਿੱਖ ਤਾਂ ਹੀ ਚੰਗੀ ਕਹਿ ਸਕਦੇ ਹਾਂ ਜੇਕਰ ਬੰਦੇ ਅੰਦਰ ਚਲਦੇ ਖਿਆਲਾਂ ਦਾ ਪ੍ਰਵਾਹ ਵੀ ਪਵਿੱਤਰ ਅਤੇ ਸਹਿਜ ਹੋਵੇ॥ ਦਿੱਖ ਸੁਧਾਰਨ ਦੇ ਚੱਕਰਾਂ ਵਿੱਚ ਪਿਆ ਸੁਆਰਥੀ ਬੰਦਾ ਖੁੱਦ ਨੂੰ ਕਦੀ ਵੀ ਮਾਫ਼ ਨਹੀਂ ਕਰ ਸਕਦਾ॥ ਮਨ ਵਚਨ ਅਤੇ ਕਰਮ ਦੀ ਸ਼ੁੱਧਤਾ ਬਣਾਈ ਰੱਖੋ ਤਾਂ ਜਾ ਕੇ ਜ਼ਿੰਦਗੀ ਦੀ ਦਿੱਖ ਸਹੀ ਰਹਿ ਸਕਦੀ ਹੈ॥

ਦਿਵਸ...
ਦਿਵਸ ਮਨਾਉਣ ਦਾ ਮਹੱਤਵ ਤਾਂ ਹੀ ਹੈ ਜੇਕਰ ਦਿਵਸ ਨਾਲ ਭਾਵਨਾਤਮਿਕ ਤੌਰ 'ਤੇ ਜੁੜਿਆ ਜਾਵੇ। ਮਹਿਜ਼ ਫਾਰਮੈਲਿਟੀ ਕਰਨ ਨਾਲੋ ਤਾਂ ਨਾ ਹੀ ਮਨਾਓ॥ਇਤਿਹਾਸਕ ਘਟਨਾਵਾਂ ਦੀ ਸਾਰਥਿਕਤਾ ਨਵੀਂ ਪੀੜੀ ਤੱਕ ਲਿਜਾਣ ਲਈ ਸਾਦਗੀ 'ਚ ਦਿਵਸ ਮਨਾਓ ਤਾਂ ਜਾ ਕੇ ਪ੍ਰਭਾਵ ਸਹੀ ਰਹੇਗਾ। ਚਮਕ ਦਮਕ ਮਕਸਦ ਨੂੰ ਲਾਂਭੇ ਕਰ ਦਿੰਦੀ ਹੈ॥ ਦਿਵਸ ਮਨਾਉਂਦਿਆਂ ਭਾਈਚਾਰੇ ਨੂੰ ਬਲ ਮਿਲੇ। ਘਟਨਾਵਾਂ ਦੀ ਫਰੋਲਾ ਫਰਾਲੀ ਏਸ ਕਦਰ ਕਰੋ ਕਿ ਨਵੀਂ ਪੀੜੀ ਦੀ ਦਿਲਚਸਪੀ ਬਣੀ ਰਹੇ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ, ਮਾਨਸਾ।

.ਗ਼ਜ਼ਲ

ਲੱਖਾਂ ਆਏ ਆ ਕੇ ਤੁਰ ਗਏ, ਜੀਭਾਂ ਠਾਕਣ ਵਾਲੇ ਲੋਕ।
ਲੋਕ ਮਨਾਂ ਵਿੱਚ ਵਸ ਜਾਂਦੇ ਨੇ, ਸੱਚ 'ਤੇ ਚੱਲਣ ਵਾਲੇ ਲੋਕ।
ਤਖ਼ਤ 'ਤੇ ਬੈਠਾ ਹਾਕਮ ਕੰਬੇ, ਐਪਰ ਉਹ ਤੇ ਹੱਸਦੇ ਨੇ,
ਤਖ਼ਤੇ ਚੜ੍ਹ ਕੇ ਯੁੱਗ ਪਲਟਾਉਂਦੇ, ਹਿੰਮਤ ਪਾਲਣ ਵਾਲੇ ਲੋਕ।
ਤਿੱਖੀ ਆਰੀ ਵੱਲ ਇਸ਼ਾਰੇ ਕਰ-ਕਰ ਹਾਕਮ ਹੱਸਦੈ, ਪਰ,
ਮੌਤ ਦੇ ਕੋਲੋਂ ਕਦ ਡਰਦੇ ਨੇ, ਦੰਦੇ ਪਰਖਣ ਵਾਲੇ ਲੋਕ।
ਤੇਰੇ ਪੈਰੀਂ ਕੰਡਾ ਚੁੱਭਿਆ, ਸੀ-ਸੀ ਕਰਦਾ ਫਿਰਦਾ ਏਂ,
ਪਿੱਛੇ ਮੁੜ ਜਾ ਹੋਰ ਹੁੰਦੇ ਨੇ, ਤੇਗ਼ 'ਤੇ ਨੱਚਣ ਵਾਲੇ ਲੋਕ।
ਘੜਾ ਖ਼ਰੀਦਣ ਤੋਂ ਪਹਿਲਾਂ ਹੀ ਠੋਕ ਵਜਾ ਕੇ ਵੇਖ ਲਵੀਂ,
ਮੂਰਖ ਹੁੰਦੇ ਘਰੇ ਲਿਜਾ ਕੇ ਮੁੜ-ਮੁੜ ਪਰਖਣ ਵਾਲੇ ਲੋਕ।
ਠੇਲ੍ਹਣ ਵਾਲੇ ਠੇਲ੍ਹ ਹੀ ਲੈਂਦੇ ਬੇੜੀ ਤੇਜ਼ ਹਵਾਵਾਂ ਵਿੱਚ,
ਬੈਠੇ ਰਹਿਣ ਕਿਨਾਰੇ ਉੱਪਰ ਬਹੁਤਾ ਸੋਚਣ ਵਾਲੇ ਲੋਕ।

-ਪਾਲੀ ਖ਼ਾਦਿਮ

.ਗ਼ਜ਼ਲ



ਕੌਣ ਭਰੋਸਾ ਕਰ ਸਕਦਾ ਹੈ, ਕੌਣ ਇਹ ਗੱਲ ਵਿਚਾਰੇ।
ਖ਼ੁਸ਼ਬੂਆਂ ਨੇ ਮਾਰ ਮੁਕਾਏ, ਮਹਿਕਾਂ ਦੇ ਵਣਜਾਰੇ।
ਲੰਮਾ ਪੈਂਡਾ, ਸੱਪਾਂ ਦੇ ਸਿਰ ਮਿਧ-ਮਿਧ ਜੋ ਆਏ ਸਨ,
ਸਰਕਾਰੀ ਸੱਪ ਉਨ੍ਹਾਂ ਅੱਗੇ ਬੈਠਾ ਫਣ ਖਿਲਾਰੇ।
ਅੱਖਾਂ ਦੇ ਵਿਚ ਸਾਗਰ ਭਰ ਕੇ, ਗਲ ਲਾ ਕਿਰਨਾਂ ਤਾਈਂ,
ਚੁੱਪ ਚੁਪੀਤੇ ਰਾਵੀ ਤੈਨੂੰ ਸਤਲੁਜ ਰੋਜ਼ ਪੁਕਾਰੇ।
ਜਦ ਬਰਫ਼ਾਂ ਦੇ ਦੇਸ਼ ਹਾਂ ਜਾਂਦਾ, ਯਾਦ ਉਦਹੀ ਅੱਗ ਲਾਉਂਦੀ,
ਭੁੱਲੇ ਦਿਨ ਸਭ ਚੇਤੇ ਆਉਂਦੇ ਜੋ ਉਸ ਨਾਲ ਗੁਜਾਰੇ।
ਸਾਵਣ ਦੀ ਬਦਲੋਟੀ ਇਕ ਦਿਨ ਮੈਨੂੰ ਆਖ ਰਹੀ ਸੀ,
ਤੇਰੇ ਵਰਗੇ ਮੱਚਦੇ ਮੌਸਮ ਮੈਂ ਬੁੱਕਲ ਲੈ ਠਾਰੇ।
ਜੰਗਲ ਦੀ ਅੱਗ ਵਾਂਗੂੰ ਗੱਲ ਇਹ, ਚਾਰ ਚੁਫ਼ੇਰੇ ਫ਼ੈਲੀ,
ਮੇਰੀ ਯਾਦ 'ਚ ਮੇਲਾ ਲਾਉਂਦੇ ਮੇਰੇ ਹੀ ਹਤਿਆਰੇ।
ਅਪਣੇ ਹੱਕਾਂ ਖ਼ਾਤਿਰ ਲੜਨਾ ਸਿੱਖ ਗਏ ਬੇਬਸ ਲੋਕੀਂ,
ਹਾਕਮ ਵੀ ਘਬਰਾਵੇ ਜਦ ਇਹ ਨਿੱਕਲਣ 'ਕੱਠੇ ਸਾਰੇ।
ਜਦ ਭੁੱਖੇ ਨੇ ਰੋਟੀ ਮੰਗੀ ਤਾਂ ਕਿਉਂ ਜ਼ਾਲਿਮ ਲੋਕਾਂ ?
ਉਸ ਦੇ ਹੱਥਾਂ 'ਤੇ ਧਰ ਦਿੱਤੇ ਸੀ ਮੱਚਦੇ ਅੰਗਾਰੇ।
ਇਸ਼ਕ ਦਿਮਾਗ਼ੀ ਹੋਇਆ ਹੈ ਹੁਣ, ਦੇਖੇ ਘਾਟਾ-ਵਾਧਾ,
ਹੁਣ ਧੀਦੋ ਰਾਂਝਾ ਹੋਵੇ ਨਾ ਛੱਡੇ ਤਖ਼ਤ ਹਜਾਰੇ।
ਮਹਿਲਾਂ ਵਾਲੇ ਕਰਨ ਦੁਆਵਾਂ, ਮੀਂਹ ਵਰਸਾ ਦੇ ਰੱਬਾ !
'ਰਾਣਾ' ਡਰਦੈ ਢਹਿ ਨਾ ਜਾਵਣ, ਉਸ ਦੇ ਕੱਚੇ ਢਾਰੇ।

-ਜਗਦੀਸ਼ ਰਾਣਾ, ਸੋਫ਼ੀ ਪਿੰਡ, ਜਲੰਧਰ -144005

.ਗ਼ਜ਼ਲ

ਫੁੱਲਾਂ ਵਿੱਚ ਕਟਾਰਾਂ ਨੇ।
ਜਾਂ ਜ਼ਹਿਰੀ ਤਲਵਾਰਾਂ ਨੇ।
ਹਰ ਥਾਂ ਅੱਗ ਲਗਾਈ ਹੈ,
ਝੂਠ ਦਿਆਂ ਪਰਚਾਰਾਂ ਨੇ।
ਭਾਰਤ ਗਹਿਣੇ ਪਾ ਦਿੱਤਾ,
ਦੇਸ਼ ਦਿਆਂ ਗੱਦਾਰਾਂ ਨੇ ।
ਰੱਬ ਦੇ ਨਾਂ ਤੇ ਲੁੱਟਣਾ ਹੈ,
ਧਰਮੀ ਠੇਕੇਦਾਰਾਂ ਨੇ।
ਸੱਭਿਆਚਾਰ ਮਿਟਾ ਦੇਣਾ,
ਇਨ ਫ਼ਰਜ਼ੀ ਫ਼ਨਕਾਰਾਂ ਨੇ?
ਆਪਣੀ ਸਾਖ ਬਚੌਣ ਲਈ,
ਰੂਪ ਬਦਲਣੇ ਯਾਰਾਂ ਨੇ।
ਕੱਲ੍ਹ ਦੀ ਗੱਲ ਹੀ ਦੱਸਣੀ ਹੈ,
ਅੱਜ ਦੀਆਂ ਅਖ਼ਬਾਰਾਂ ਨੇ ।
ਆਪਾਂ ਤੁਰਦੇ ਰਹਿਣਾ ਹੈ,
ਭਾਵੇਂ ਰਾਹੀਂ ਖ਼ਾਰਾਂ ਨੇ ।
ਖ਼ਬਰੇ ਕੀ-ਕੀ ਹੋਣਾ ਹੈ !
ਅੱਗੇ ਮੋੜ ਹਜ਼ਾਰਾਂ ਨੇ ।

-ਰਣਜੀਤ 'ਪੋਸੀ'

ਬੀਬਾ ਬੱਚਾ ਬਣ (ਬਾਲ ਕਵਿਤਾ)



ਬਿੱਲੀ ਕਹਿੰਦੀ ਚੂਹੇ ਨੂੰ,
ਖੋਲ੍ਹ ਅਕਲ ਦੇ ਬੂਹੇ ਨੂੰ ।
ਤੜਕੇ ਉੱਠਕੇ ਨਾਇਆ ਕਰ,
ਰੋਜ਼ ਸਕੂਲੇ ਜਾਇਆ ਕਰ ।
ਬੱਚਿਆਂ ਨਾਲ ਨਾ ਲੜਿਆ ਕਰ,
ਗੱਲ ਪਿਆਰ ਦੀ ਕਰਿਆ ਕਰ ।
ਜੇ ਨਹੀਂ ਮੰਨਣਾ ਮੇਰਾ ਕਹਿਣਾ,
ਫ਼ਿਰ ਤੈਨੂੰ ਪਛਤਾਉਣਾ ਪੈਣਾ ।
ਕੋਈ ਕੰਮ ਨਾ ਕਰੀਂ ਅਵੱਲਾ,
ਰਹਿ ਜਾਏਂਗਾ ਫ਼ਿਰ ਤੂੰ 'ਕੱਲਾ ।
ਬੀਬੇ ਬੱਚਿਆਂ ਵਾਂਗੂ ਰਹਿ ,
ਮੂੰਹ ਚੋਂ ਚੰਗੀਆਂ ਗੱਲਾਂ ਕਹਿ ।
ਕਾਪੀ ਪੈਂਸਲ ਸਾਂਭ ਕੇ ਰੱਖ ,
ਇਹ ਕਰੀਂ ਨਾ ਖ਼ੁਦ ਤੋਂ ਵੱਖ ।
ਅੱਖਰ-ਅੱਖਰ ਪੜ੍ਹਦਾ ਜਾਹ,
ਗਿਆਨ ਦੀ ਪੌੜੀ ਚੜ੍ਹਦਾ ਜਾਹ।
ਆਪਣੀ ਬੋਲੀ ਭੁੱਲਕੇ ਤੂੰ,
ਹੋਰ ਕਿਸੇ ਤੇ ਡੁੱਲ੍ਹੀਂ ਨਾ ।
ਜੇ ਪੰਜਾਬੀ ਭੁੱਲ ਗਿਆ ਤੂੰ,
ਇਹ ਸਮਝੀਂ ਫ਼ਿਰ ਰੁਲ ਗਿਆ ਤੂੰ।

-ਰਣਜੀਤ 'ਪੋਸੀ'

.ਗ਼ਜ਼ਲ



ਹਾਲ ਕੀ ਦੱਸਾਂ ਉਹਦੇ ਦਿਲ ਦਾ।
ਉੱਤੋਂ ਮੋਮ ਤੇ ਵਿੱਚੋਂ ਸਿਲ ਦਾ।
ਮਾੜੇ ਕਰਮਾਂ ਦਾ ਸਭ ਐਥੇ,ਲੇਖਾ
ਹੋ ਜਾਣੈਂ ਤਿਲ-ਤਿਲ ਦਾ।
ਚੁੰਮੇ ਪੈਰਾਂ ਦੇ ਮੈਂ ਛਾਲੇ,
ਵੇਖ ਕੇ ਮੂੰਹ ਅਪਣੀ ਮੰਜ਼ਿਲ ਦਾ।
ਉਸ ਰਿਸ਼ਤੇ ਦੀ ਕਾਹਦੀ ਕੀਮਤ
ਜੋ ਨਾ ਜ਼ਿਹਨ ਦਾ ਨਾ ਹੀ ਦਿਲ ਦਾ।
ਰੁੱਤ ਮਿਲਾਉਂਦੀ ਨਾ ਜੇ ਸਾਨੂੰ,
ਫੁੱਲ ਮੁਹੱਬਤ ਦਾ ਨਾ ਖਿਲਦਾ।
ਨਾ ਹੁੰਦੇ ਜੇ ਮੇਰੇ ਅਪਣੇ,
ਕੌਣ ਮੇਰੇ ਜ਼ਖ਼ਮਾਂ ਨੂੰ ਛਿਲਦਾ
ਸੈਣੀ! ਇਸ਼ਕ ਭਰਾਉਂਦੈ ਪਾਣੀ,
ਬੰਦੇ ਤੋਂ ਉਸ ਦੇ ਕਾਤਿਲ ਦਾ।

-ਗੁਰਦੀਪ ਸੈਣੀ

.ਗ਼ਜ਼ਲ

ਤੇਰੇ ਬਗ਼ੈਰ ਜ਼ਿੰਦਗੀ, ਚਾਨਣ ਨਹੀਂ ਹਨੇਰ ਹੈ।
ਮੇਰੇ ਸਨਮ ਤੂੰ ਆ ਵੀ ਜਾ, ਕਾਹਤੋਂ ਲਗਾਈ ਦੇਰ ਹੈ।
ਤੁਰ ਪੈਣ ਪਿੱਛੇ ਕਾਫ਼ਲੇ, ਜਿੱਧਰ ਨੂੰ ਵੀ ਉਹ ਤੁਰ ਪਵੇ,
ਲੋਕਾਂ ਲਈ ਉਹ ਲੜ ਰਿਹਾ, ਬੰਦਾ ਬੜਾ ਦਲੇਰ ਹੈ।
ਛਾਇਆ ਹਨੇਰ ਜ਼ੁਲਮ ਦਾ, ਹੈ ਦੇਰ ਡਾਢੀ ਹੋ ਗਈ,
ਸੁਣਦੇ ਸਾਂ ਦੇਰ ਘਰ ਉਦ੍ਹੇ, ਹੁੰਦਾ ਨਹੀਂ ਹਨੇਰ ਹੈ।
ਮਿਹਨਤ ਕਰੀ ਹੈ ਰਾਤ ਦਿਨ
ਮਿਲਆ ਮੁਕਾਮ ਫੇਰ ਇਹ,
ਲੋਕੀਂ ਵੀ ਠੀਕ ਆਖਦੇ ਕਿਸਮਤ ਦਾ ਹੇਰ ਫੇਰ ਹੈ।
ਪੜ੍ਹ ਲਿਖ ਕੇ ਵੀ ਨਾ ਸਮਝਿਆ ਵਹਿਮਾਂ 'ਚ ਫ਼ਸਿਆ ਉਹ ਰਿਹਾ,
ਇੱਕ ਜੋਤਸ਼ੀ ਦੇ ਕਹਿਣ ਤੇ ਤਾਰਨ ਗਿਆ ਲਲੇਰ ਹੈ।
ਹੈ ਲਾਸ਼ ਇੱਕ ਸ਼ਹੀਦ ਦੀ ਆਈ ਦੁਖੀ ਹੈ ਸ਼ਹਿਰ ਇਉਂ,
ਕੇ ਰਾਤ ਪਾਉਂਦੀ ਕੀਰਨੇ ਕੁਰਲਾ ਰਹੀ ਸਵੇਰ ਹੈ।
ਰੰਗੀਨੀਆਂ ਨੇ ਪਰਤਣਾ ਮੁੜ ਆਏਗੀ ਬਹਾਰ ਫਿਰ,
ਹਾਲਤ ਵਤਨ ਦੀ ਇੰਝ ਦੀ ਰਹਿਣੀ ਨਾ ਬਹੁਤੀ ਦੇਰ ਹੈ।
ਪਾਣੀ, ਜ਼ਮੀਨ ਤੇ ਹਵਾ ਕੀਤੇ ਤੁਸੀਂ ਹੀ ਗੰਦਲੇ,
ਹੁਣ ਆਖਦੇ ਹੋ ਇਹ ਜਗ੍ਹਾ
ਤਾਂ ਗੰਦਗੀ ਦਾ ਢੇਰ ਹੈ।
ਤੇਰੀ ਗਲੀ ਤਾਂ ਫੇਰ ਕੀ ਕਰਕੇ ਰਹੂੰ ਮੁਕਾਬਲਾ,
ਭਾਵੇਂ ਗਲੀ 'ਚ ਆਪਣੀ ਕੁੱਤਾ ਵੀ ਹੁੰਦਾ ਸ਼ੇਰ ਹੈ।

-ਜਗਦੀਸ਼ ਰਾਣਾ, ਸੋਫ਼ੀ ਪਿੰਡ, ਜਲੰਧਰ -144005

.ਗ਼ਜ਼ਲ

ਮੁਹੱਬਤ ਮੇਰੀ ਦਾ ਕੋਈ ਤਾਂ ਸਿਲਾ ਦੇ ।
ਦੇ ਬਖ਼ਸ਼ੀਸ਼ ਕੋਈ ਜਾਂ ਕੋਈ ਸਜ਼ਾ ਦੇ।
ਮੁਹੱਬਤ ਅਗਰ ਜ਼ੁਰਮ ਹੈ ਤਾਂ ਸ਼ਿਤਾਬੀ,
ਮੇਰੀ ਜ਼ਿੰਦਗੀ ਕੋਈ ਫਤਵਾ ਸੁਣਾ ਦੇ।
ਬਦਲ ਜਾਏ ਦਿਲਬਰ ਮੁਸੀਬਤ ਸਮੇਂ ਜੋ,
ਉਹਦਾ ਸਾਥ ਮੈਨੂੰ ਨਾ ਮੇਰੇ ਖ਼ੁਦਾ ਦੇ।
ਮੁਹੱਬਤ ਬਿਨਾਂ ਮੈਂ ਨਹੀਂ ਜੀ ਸਕਾਂਗਾ,
ਅਗਰ ਹੋਰ ਕੋਈ ਹੈ ਰਸਤਾ ਦਿਖਾ ਦੇ।
ਕਿਹਨੂੰ ਹੋਰ ਸੌਂਪਾਂ ਮੈਂ ਦਿਲ ਜਾਨ ਆਪਣੀ,
ਜੋ ਜ਼ੱਰੇ ਤੋਂ ਮੈਨੂੰ ਕਿ ਪਰਬਤ ਬਣਾ ਦੇ।
ਲਗਾਂ ਮਾਤਰਾਵਾਂ ਦਾ ਰੌਲਾ ਗ਼ਜ਼ਲ ਵਿਚ,
ਕਿਸੇ ਵੀ ਤਰ੍ਹਾਂ ਇਸ ਦਾ ਫਸਤਾ ਮੁਕਾ ਦੇ।
ਜੋ ਮੰਜ਼ਿਲ ਮੇਰੀ ਤੇ ਐ 'ਰੇਸ਼ਮ' ਪਚਾਏ
ਉਹ ਰਹਿਬਰ ਹੁਨਰਮੰਦ ਅਤੇ ਕਾਫ਼ਲਾ ਦੇ।

-ਰੇਸ਼ਮ ਚਿਤਰਕਾਰ ਪੋਸੀ

ਅਦਾਰਾ
"ਪੈ.ਗਾਮ-ਏ-ਜਗਤ" ਅਖਬਾਰ ਲਈ
ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ
ਪੱਤਰਕਾਰਾਂ ਦੀ ਲੋੜ।
Mobile : 9878862733, 9872340701

ਸਰਕਾਰੀ ਅਧਿਆਪਕ ਵਿਚਾਰਾ, ਗੈਰ-ਵਿੱਦਿਅਕ ਕੰਮਾਂ ਦਾ ਮਾਰਾ

"ਵਿਦਿਆ ਮਨੁੱਖ ਦਾ ਤੀਜਾ ਨੇਤਰ ਹੈ।"ਵਿਦਿਆ ਤੋਂ ਵਾਂਝਾ ਮਨੁੱਖ ਆਪਣੀ ਪੂਰੀ ਸਮਰੱਥਾ ਦਾ ਵਿਕਾਸ ਨਹੀਂ ਕਰ ਸਕਦਾ। ਵਿਦਿਆ ਰੂਪੀ ਗਿਆਨ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਅਧਿਆਪਕ ਦੇ ਮੋਢਿਆਂ 'ਤੇ ਹੁੰਦੀ ਹੈ। ਅਧਿਆਪਕ ਸਿਰਫ਼ ਪਾਠ ਪੁਸਤਕ ਦਾ ਗਿਆਨ ਹੀ ਨਹੀਂ ਦਿੰਦਾ, ਸਗੋਂ ਵਿਦਿਆਰਥੀਆਂ ਵਿੱਚ ਸੋਚਣ, ਸਮਝਣ, ਸਹੀ ਫ਼ੈਸਲੇ ਲੈਣ ਅਤੇ ਜੀਵਨ ਨੂੰ ਸੁਚੱਜੇ ਢੰਗ ਨਾਲ ਜਿਊਣ ਦੀ ਸਮਝ ਵੀ ਪੈਦਾ ਕਰਦਾ ਹੈ।

ਭਾਰਤ ਵਰਗੇ ਵਿਸ਼ਾਲ ਦੇਸ਼ ਵਿੱਚ ਅੱਜ ਵੀ ਕਰੋੜਾਂ ਵਿਦਿਆਰਥੀ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਪ੍ਰਾਪਤ ਕਰਨ ਲਈ ਆਉਂਦੇ ਹਨ। ਇਨ੍ਹਾਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੀਆਂ ਆਸਾਂ ਸਰਕਾਰੀ ਸਕੂਲਾਂ ਨਾਲ ਜੁੜੀਆਂ ਹੋਈਆਂ ਹਨ। ਦੂਜੇ ਪਾਸੇ, ਸਿੱਖਿਆ ਦੇ ਨਿੱਜੀਕਰਨ ਨੇ ਪ੍ਰਾਈਵੇਟ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਵੀ ਕਾਫ਼ੀ ਹੁਲਾਰਾ ਦਿੱਤਾ ਹੈ। ਇਨ੍ਹਾਂ ਸੰਸਥਾਵਾਂ ਵਿੱਚ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਸਿੱਖਿਆ ਲਈ ਵੱਡੀ ਰਕਮ ਖਰਚ ਕਰਨੀ ਪੈਂਦੀ ਹੈ। ਇਸ ਦੇ ਬਾਵਜੂਦ ਕਈ ਮਾਪਿਆਂ ਦਾ ਨਿੱਜੀ ਸੰਸਥਾਵਾਂ ਪ੍ਰਤੀ ਵਿਸ਼ਵਾਸ ਇਸ ਲਈ ਵਧਦਾ ਹੈ ਕਿਉਂਕਿ ਉੱਥੇ ਬੁਨਿਆਦੀ ਢਾਂਚਾ ਬਿਹਤਰ ਹੋਣ ਦੇ ਨਾਲ-ਨਾਲ ਅਧਿਆਪਕ ਤੋਂ ਮੁੱਖ ਤੌਰ 'ਤੇ ਅਧਿਆਪਨ ਦਾ ਹੀ ਕੰਮ ਲਿਆ ਜਾਂਦਾ ਹੈ। ਬੇਸ਼ੱਕ ਹਰ ਨਿੱਜੀ ਸੰਸਥਾ ਮਿਆਰੀ ਸਿੱਖਿਆ ਦੇਣ ਵਿੱਚ ਸਫਲ ਹੋਵੇ, ਇਹ ਵੀ ਜ਼ਰੂਰੀ ਨਹੀਂ ਅਤੇ ਇਸ ਖੇਤਰ ਵਿੱਚ ਵੀ ਕਈ ਅਪਵਾਦ ਹਨ।

ਪਰ ਇਸ ਲੇਖ ਦਾ ਮੁੱਖ ਵਿਸ਼ਾ ਸਰਕਾਰੀ ਅਧਿਆਪਕ ਹੈ।

ਲੱਖਾਂ ਹੋਣਹਾਰ ਨੌਜਵਾਨ ਹਰ ਸਾਲ ਸਖ਼ਤ ਮਿਹਨਤ ਅਤੇ ਅਨੇਕਾਂ ਪ੍ਰਤੀਯੋਗੀ ਪ੍ਰੀਖਿਆਵਾਂ ਪਾਸ ਕਰਕੇ ਸਰਕਾਰੀ ਅਧਿਆਪਕ ਬਣਦੇ ਹਨ। ਉਨ੍ਹਾਂ ਦੇ ਮਨ ਵਿੱਚ ਇਹ ਉਮੀਦ ਹੁੰਦੀ ਹੈ ਕਿ ਉਹ ਦੇਸ਼ ਦੇ ਭਵਿੱਖ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਉਣਗੇ। ਪਰ ਜਦੋਂ ਉਹ ਸਰਕਾਰੀ ਸਿੱਖਿਆ ਪ੍ਰਣਾਲੀ ਵਿੱਚ ਆ ਕੇ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਤਤਪਰ ਹੁੰਦੇ ਹਨ ਤਾਂ ਉਨ੍ਹਾਂ ਦੇ ਸਾਹਮਣੇ ਅਧਿਆਪਨ ਤੋਂ ਇਲਾਵਾ ਕੰਮਾਂ ਦੀ ਇੱਕ ਲੰਬੀ ਸੂਚੀ ਆ ਖੜ੍ਹੀ ਹੁੰਦੀ ਹੈ।


ਅਧਿਆਪਕਾਂ ਨੂੰ ਕਈ ਵਾਰ ਡਾਕਾਂ, ਗੂਗਲ ਫਾਰਮ, ਵੱਖ-ਵੱਖ ਰਿਪੋਰਟਾਂ, ਚੋਣ ਡਿਊਟੀਆਂ, ਮਰਦਮਸ਼ੁਮਾਰੀ, ਆਰਥਿਕ ਅਤੇ ਸਮਾਜਿਕ ਸਰਵੇਖਣਾਂ, ਸਰਕਾਰੀ ਸਕੀਮਾਂ ਦੇ ਪ੍ਰਚਾਰ-ਪ੍ਰਸਾਰ, ਦੁਪਹਿਰ ਦੇ ਭੋਜਨ ਦੇ ਪ੍ਰਬੰਧ, ਪਰਾਲੀ ਪ੍ਰਬੰਧਨ ਅਤੇ ਹੋਰ ਕਈ ਪ੍ਰਸ਼ਾਸਨਿਕ ਕੰਮਾਂ ਵਿੱਚ ਲਗਾ ਦਿੱਤਾ ਜਾਂਦਾ ਹੈ। ਕਈ ਥਾਵਾਂ 'ਤੇ ਤਾਂ ਅਧਿਆਪਕ ਦੀ ਭੂਮਿਕਾ ਇੱਕ ਅਧਿਆਪਕ ਤੋਂ ਵੱਧ ਕੇ ਮੈਨੇਜਰ, ਕਲਰਕ, ਸਫ਼ਾਈ ਕਰਮਚਾਰੀ ਅਤੇ ਚੌਕੀਦਾਰ ਤੱਕ ਪਹੁੰਚ ਜਾਂਦੀ ਹੈ।

ਸਿੱਖਿਆ ਦਾ ਅਧਿਕਾਰ ਕਾਨੂੰਨ 6 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਨੂੰ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੇਣ ਦੀ ਗੱਲ ਕਰਦਾ ਹੈ। ਪਰ ਜੇਕਰ ਸਕੂਲਾਂ ਵਿੱਚ ਲੋੜੀਂਦੇ ਅਧਿਆਪਕ ਅਤੇ ਹੋਰ ਕਰਮਚਾਰੀ ਹੀ ਉਪਲਬਧ ਨਾ ਹੋਣ ਤਾਂ ਸਿੱਖਿਆ ਦੇ ਇਸ ਅਧਿਕਾਰ ਦੀ ਪੂਰਤੀ ਕਿਵੇਂ ਹੋਵੇਗੀ? ਕਈ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਵਿੱਚ ਇੱਕ ਜਾਂ ਬਹੁਤ ਘੱਟ ਅਧਿਆਪਕਾਂ ਨਾਲ ਕੰਮ ਚਲਾਇਆ ਜਾਂਦਾ ਹੈ। ਵਿਸ਼ੇ ਅਨੁਸਾਰ ਲੋੜੀਂਦੀਆਂ ਅਸਾਮੀਆਂ ਦਾ ਸਮੇਂ ਸਿਰ ਨਾ ਭਰਿਆ ਜਾਣਾ ਵੀ ਸਿੱਖਿਆ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦਾ ਹੈ।

ਦਰਜਾ ਚਾਰ ਕਰਮਚਾਰੀਆਂ ਦੀ ਘਾਟ ਵੀ ਸਰਕਾਰੀ ਸਕੂਲਾਂ ਦੀ ਇੱਕ ਵੱਡੀ ਸਮੱਸਿਆ ਹੈ। ਸਕੂਲ ਦੀ ਸਫ਼ਾਈ ਤੋਂ ਲੈ ਕੇ ਘੰਟੀ ਵਜਾਉਣ ਅਤੇ ਦੁਪਹਿਰ ਦੇ ਭੋਜਨ ਦੇ ਪ੍ਰਬੰਧ ਤੱਕ ਕਈ ਕੰਮ ਅਧਿਆਪਕਾਂ ਨੂੰ ਖੁਦ ਕਰਨੇ ਪੈਂਦੇ ਹਨ। ਜਦੋਂ ਇੱਕ ਅਧਿਆਪਕ ਨੂੰ ਇੱਕੋ ਸਮੇਂ ਕਈ ਭੂਮਿਕਾਵਾਂ ਨਿਭਾਉਣੀਆਂ ਪੈਣ ਤਾਂ ਉਸ ਕੋਲ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਉਨ੍ਹਾਂ ਦੀਆਂ ਵਿਅਕਤੀਗਤ ਲੋੜਾਂ ਵੱਲ ਧਿਆਨ ਦੇਣ ਲਈ ਸਮਾਂ ਕਿੱਥੋਂ ਬਚੇਗਾ?

ਅੱਜ ਡਿਜੀਟਲ ਮੀਡੀਆ ਦਾ ਯੁੱਗ ਹੈ। ਅਧਿਆਪਕ ਜੇਕਰ ਵਿਦਿਆਰਥੀਆਂ ਤੋਂ ਸਕੂਲ ਨਾਲ ਸਬੰਧਤ ਕੋਈ ਛੋਟਾ-ਮੋਟਾ ਕੰਮ ਵੀ ਕਰਵਾਉਂਦਾ ਹੈ ਤਾਂ ਉਸ ਦੇ ਮਨ ਵਿੱਚ ਇਹ ਡਰ ਬਣਿਆ ਰਹਿੰਦਾ ਹੈ ਕਿ ਕਿਤੇ ਉਸ ਦੀ ਵੀਡੀਓ ਜਾਂ ਤਸਵੀਰ ਸੋਸ਼ਲ ਮੀਡੀਆ 'ਤੇ ਨਾ ਪਾ ਦਿੱਤੀ ਜਾਵੇ ਜਾਂ ਵਿਭਾਗ ਤੱਕ ਨਾ ਪਹੁੰਚ ਜਾਵੇ। ਇਸ ਤਰ੍ਹਾਂ ਅਧਿਆਪਕ ਇੱਕ ਪਾਸੇ ਕੰਮ ਦੇ ਬੋਝ ਹੇਠ ਦਬਿਆ ਹੋਇਆ ਹੈ ਅਤੇ ਦੂਜੇ ਪਾਸੇ ਹਰ ਕਦਮ 'ਤੇ ਜਵਾਬਦੇਹੀ ਅਤੇ ਕਾਰਵਾਈ ਦੇ ਡਰ ਵਿੱਚ ਰਹਿੰਦਾ ਹੈ।

ਸਿੱਖਿਆ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਵੱਖ-ਵੱਖ ਪ੍ਰੋਜੈਕਟ ਅਤੇ ਗਤੀਵਿਧੀਆਂ ਚਲਾਈਆਂ ਜਾਂਦੀਆਂ ਹਨ। ਇਨ੍ਹਾਂ ਦਾ ਉਦੇਸ਼ ਬੇਸ਼ੱਕ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਹੁੰਦਾ ਹੈ, ਪਰ ਕਈ ਵਾਰ ਇਨ੍ਹਾਂ ਦੀ ਕਾਰਗੁਜ਼ਾਰੀ ਅਧਿਆਪਕਾਂ ਲਈ ਵਾਧੂ ਕਾਗਜ਼ੀ ਕਾਰਵਾਈ ਅਤੇ ਆਂਕੜੇ ਇਕੱਠੇ ਕਰਨ ਦਾ ਕਾਰਨ ਬਣ ਜਾਂਦੀ ਹੈ। ਨਤੀਜੇ ਵਜੋਂ ਅਧਿਆਪਕ ਦਾ ਵੱਡਾ ਸਮਾਂ ਰਿਕਾਰਡ ਤਿਆਰ ਕਰਨ, ਰਿਪੋਰਟਾਂ ਭੇਜਣ ਅਤੇ ਨਿਰਧਾਰਿਤ ਪਾਠਕ੍ਰਮ ਨੂੰ ਸਮੇਂ ਸਿਰ ਪੂਰਾ ਕਰਨ ਵਿੱਚ ਲੱਗ ਜਾਂਦਾ ਹੈ। ਉਸ ਦੀ ਅਕਾਦਮਿਕ ਆਜ਼ਾਦੀ ਅਤੇ ਰਚਨਾਤਮਕਤਾ ਹੌਲੀ-ਹੌਲੀ ਸੀਮਤ ਹੁੰਦੀ ਜਾਂਦੀ ਹੈ। ਸਕੂਲਾਂ ਨੂੰ ਜਦੋਂ ਇਮਾਰਤੀ ਗਰਾਂਟ ਜਾਂ ਕੋਈ ਹੋਰ ਫੰਡ ਜਾਰੀ ਹੁੰਦਾ ਹੈ ਤਾਂ ਉਸ ਨਾਲ ਜੁੜੀ ਕਾਗਜ਼ੀ ਕਾਰਵਾਈ ਵੀ ਅਧਿਆਪਕਾਂ ਲਈ ਵੱਡੀ ਜ਼ਿੰਮੇਵਾਰੀ ਬਣ ਜਾਂਦੀ ਹੈ। ਬਿੱਲ, ਵਾਊਚਰ, ਰਿਕਾਰਡ ਅਤੇ ਆਡਿਟ ਦੀ ਪੂਰੀ ਪ੍ਰਕਿਰਿਆ ਵਿੱਚ ਅਧਿਆਪਕ ਦਾ ਕਾਫ਼ੀ ਸਮਾਂ ਲੱਗਦਾ ਹੈ। ਜਿਨ੍ਹਾਂ ਸਕੂਲਾਂ ਵਿੱਚ ਕਲਰਕ, ਕੰਪਿਊਟਰ ਅਧਿਆਪਕ ਜਾਂ ਲੋੜੀਂਦੇ ਪ੍ਰਬੰਧਕੀ ਕਰਮਚਾਰੀ ਨਹੀਂ ਹੁੰਦੇ, ਉੱਥੇ ਇਹ ਵਾਧੂ ਜ਼ਿੰਮੇਵਾਰੀਆਂ ਅਕਸਰ ਸੀਨੀਅਰ ਅਧਿਆਪਕਾਂ 'ਤੇ ਆ ਪੈਂਦੀਆਂ ਹਨ।





ਜੀਵਨ ਕੁਮਾਰ 'ਜੀਵਨ'

ਸਭ ਤੋਂ ਗੰਭੀਰ ਸਥਿਤੀ ਉਸ ਵੇਲੇ ਪੈਦਾ ਹੁੰਦੀ ਹੈ ਜਦੋਂ ਅਧਿਆਪਕਾਂ ਨੂੰ ਲੰਬੇ ਸਮੇਂ ਲਈ ਚੋਣ ਡਿਊਟੀ, ਵੋਟਰ ਸੂਚੀਆਂ ਨਾਲ ਸਬੰਧਤ ਕੰਮ, ਮਰਦਮਸ਼ੁਮਾਰੀ ਜਾਂ ਸਮਾਜਿਕ-ਆਰਥਿਕ ਸਰਵੇਖਣ ਵਰਗੇ ਕੰਮਾਂ ਲਈ ਸਕੂਲ ਤੋਂ ਬਾਹਰ ਲਗਾਇਆ ਜਾਂਦਾ ਹੈ। ਪ੍ਰਸ਼ਾਸਨ ਲਈ ਇਹ ਕੰਮ ਵੀ ਮਹੱਤਵਪੂਰਨ ਹਨ ਅਤੇ ਇਨ੍ਹਾਂ ਦੀ ਲੋੜ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਸਵਾਲ ਇਹ ਹੈ ਕਿ ਇਨ੍ਹਾਂ ਕੰਮਾਂ ਦਾ ਬੋਝ ਕਿਸ ਵਰਗ 'ਤੇ ਪਾਇਆ ਜਾਵੇ? ਜਦੋਂ ਮਹੀਨਿਆਂ ਤੱਕ ਅਧਿਆਪਕ ਸਕੂਲ ਤੋਂ ਬਾਹਰ ਰਹੇਗਾ ਤਾਂ ਵਿਦਿਆਰਥੀਆਂ ਦੀ ਪੜ੍ਹਾਈ ਦਾ ਹੋਣ ਵਾਲਾ ਨੁਕਸਾਨ ਵੀ ਕਿਸੇ ਨਾ ਕਿਸੇ ਰੂਪ ਵਿੱਚ ਸਾਹਮਣੇ ਆਵੇਗਾ।

ਸਕੂਲਾਂ ਵਿੱਚ ਚੌਕੀਦਾਰਾਂ ਅਤੇ ਸੁਰੱਖਿਆ ਦੇ ਢੁਕਵੇਂ ਪ੍ਰਬੰਧਾਂ ਦੀ ਘਾਟ ਵੀ ਚਿੰਤਾ ਦਾ ਵਿਸ਼ਾ ਹੈ। ਸਕੂਲਾਂ ਵਿੱਚ ਪਿਆ ਕੀਮਤੀ ਸਮਾਨ ਚੋਰੀ ਹੋ ਜਾਣ ਦੀਆਂ ਘਟਨਾਵਾਂ ਅਕਸਰ ਸਾਹਮਣੇ ਆਉਂਆਂ ਹਨ। ਇਸ ਦੀ ਜਵਾਬਦੇਹੀ ਵੀ ਕਈ ਵਾਰ ਅਧਿਆਪਕਾਂ ਦੇ ਸਿਰ ਆ ਜਾਂਦੀ ਹੈ। ਇਸ ਤਰ੍ਹਾਂ ਅਧਿਆਪਕ ਪੜ੍ਹਾਉਣ ਦੇ ਨਾਲ-ਨਾਲ ਸਕੂਲ ਦੀ ਸੰਪਤੀ ਦੀ ਰਾਖੀ ਦੀ ਚਿੰਤਾ ਵਿੱਚ ਵੀ ਘਿਰਿਆ ਰਹਿੰਦਾ ਹੈ।

ਇਸ ਤੋਂ ਇਲਾਵਾ ਤਰੱਕੀ ਦੇ ਮੌਕਿਆਂ ਦੀ ਘਾਟ, ਅਧਿਆਪਕਾਂ ਦੀ ਭਰਤੀ ਵਿੱਚ ਵੱਖ-ਵੱਖ ਸ਼੍ਰੇਣੀਆਂ ਅਤੇ ਨਿਯਮਾਂ ਕਾਰਨ ਪੈਦਾ ਹੋਣ ਵਾਲੇ ਵਿਵਾਦ ਅਤੇ ਅਦਾਲਤੀ ਮਾਮਲੇ ਵੀ ਅਧਿਆਪਕ ਵਰਗ ਲਈ ਚਿੰਤਾ ਦਾ ਕਾਰਨ ਬਣਦੇ ਹਨ। ਇੱਕ ਅਧਿਆਪਕ ਜਿਸ ਨੂੰ ਆਪਣੀ ਊਰਜਾ ਵਿਦਿਆਰਥੀਆਂ ਦੇ ਭਵਿੱਖ ਲਈ ਲਗਾਉਣੀ ਚਾਹੀਦੀ ਹੈ, ਜੇਕਰ ਉਹ ਆਪਣੀਆਂ ਸੇਵਾ-ਸਬੰਧੀ ਸਮੱਸਿਆਵਾਂ ਵਿੱਚ ਹੀ ਉਲਝਿਆ ਰਹੇ ਤਾਂ ਇਸ ਦਾ ਪ੍ਰਭਾਵ ਉਸ ਦੀ ਕਾਰਗੁਜ਼ਾਰੀ 'ਤੇ ਪੈਣਾ ਸੁਭਾਵਿਕ ਹੈ।

ਇੱਥੇ ਇਹ ਸਪੱਸ਼ਟ ਕਰਨਾ ਵੀ ਜ਼ਰੂਰੀ ਹੈ ਕਿ ਪ੍ਰਸ਼ਾਸਨਿਕ ਕੰਮ, ਚੋਣਾਂ, ਸਰਵੇਖਣ ਅਤੇ ਹੋਰ ਸਰਕਾਰੀ ਕਾਰਜ ਵੀ ਦੇਸ਼ ਦੀ ਪ੍ਰਣਾਲੀ ਦਾ ਅਹਿਮ ਹਿੱਸਾ ਹਨ। ਇਨ੍ਹਾਂ ਕੰਮਾਂ ਦੀ ਲੋੜ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਸਵਾਲ ਇਹ ਹੈ ਕਿ ਕੀ ਹਰ ਸਰਕਾਰੀ ਕੰਮ ਲਈ ਅਧਿਆਪਕ ਹੀ ਸਭ ਤੋਂ ਢੁਕਵਾਂ ਸਰੋਤ ਹੈ?

ਜੇ ਸਰਕਾਰਾਂ ਸੱਚਮੁੱਚ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਉੱਚਾ ਚੁੱਕਣਾ ਚਾਹੁੰਦੀਆਂ ਹਨ ਤਾਂ ਸਭ ਤੋਂ ਪਹਿਲਾਂ ਸਕੂਲਾਂ ਵਿੱਚ ਲੋੜੀਂਦੀਆਂ ਅਧਿਆਪਕ ਅਤੇ ਗੈਰ-ਅਧਿਆਪਕ ਅਸਾਮੀਆਂ ਨੂੰ ਪੂਰਾ ਕਰਨਾ ਹੋਵੇਗਾ। ਕਲਰਕ, ਦਰਜਾ ਚਾਰ ਕਰਮਚਾਰੀ, ਸੁਰੱਖਿਆ ਕਰਮਚਾਰੀ ਅਤੇ ਹੋਰ ਲੋੜੀਂਦਾ ਸਟਾਫ਼ ਮੁਹੱਈਆ ਕਰਵਾਉਣਾ ਚਾਹੀਦਾ ਹੈ। ਗੈਰ-ਵਿੱਦਿਅਕ ਕੰਮਾਂ ਲਈ ਵੱਖਰੇ ਤੌਰ 'ਤੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਨਿਯੁਕਤ ਕਰਕੇ ਉਨ੍ਹਾਂ ਨੂੰ ਲੋੜੀਂਦੀ ਸਿਖਲਾਈ ਦਿੱਤੀ ਜਾ ਸਕਦੀ ਹੈ।

ਅਧਿਆਪਕ ਦਾ ਅਸਲ ਕੰਮ ਅਧਿਆਪਣ, ਵਿਦਿਆਰਥੀਆਂ ਦਾ ਮਾਰਗਦਰਸ਼ਨ ਅਤੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਵਿੱਚ ਯੋਗਦਾਨ ਪਾਉਣਾ ਹੈ। ਜੇਕਰ ਉਸ ਨੂੰ ਇਸ ਕੰਮ ਲਈ ਸਮਾਂ, ਸਾਧਨ ਅਤੇ ਸੁਖਾਵਾਂ ਵਾਤਾਵਰਨ ਮਿਲੇ ਤਾਂ ਉਹ ਆਪਣੀ ਪੂਰੀ ਸਮਰੱਥਾ ਨਾਲ ਕੰਮ ਕਰ ਸਕਦਾ ਹੈ।

ਅੱਜ ਦੇ ਵਿਦਿਆਰਥੀ ਹੀ ਕੱਲ੍ਹ ਦੇ ਦੇਸ਼ ਦੇ ਨਾਗਰਿਕ ਅਤੇ ਭਵਿੱਖ ਦੇ ਨਿਰਮਾਤਾ ਹਨ। ਉਨ੍ਹਾਂ ਦੇ ਭਵਿੱਖ ਦੀ ਨੀਂਹ ਮਜ਼ਬੂਤ ਕਰਨ ਲਈ ਅਧਿਆਪਕ ਨੂੰ ਵੀ ਮਜ਼ਬੂਤ, ਨਿਸ਼ਚਿੰਤ ਅਤੇ ਤਣਾਅ-ਮੁਕਤ ਬਣਾਉਣਾ ਜ਼ਰੂਰੀ ਹੈ। ਜਦੋਂ ਅਧਿਆਪਕ ਨੂੰ ਗੈਰ-ਵਿੱਦਿਅਕ ਜ਼ਿੰਮੇਵਾਰੀਆਂ ਦੇ ਬੋਝ ਤੋਂ ਮੁਕਤ ਕਰਕੇ ਸਿਰਫ਼ ਸਿੱਖਿਆ 'ਤੇ ਧਿਆਨ ਦੇਣ ਦਾ ਮੌਕਾ ਮਿਲੇਗਾ, ਉਦੋਂ ਹੀ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੀ ਗੁਣਵੱਤਾ ਨੂੰ ਨਵੀਆਂ ਉਚਾਈਆਂ ਤੱਕ ਲਿਜਾਇਆ ਜਾ ਸਕਦਾ ਹੈ। ਅਧਿਆਪਕ ਨੂੰ ਸਿਰਫ਼ ਅਧਿਆਪਕ ਰਹਿਣ ਦਿਓ—ਕਿਉਂਕਿ ਉਹ ਅੱਜ ਦੇ ਵਿਦਿਆਰਥੀ ਰੂਪੀ ਪੌਦਿਆਂ ਨੂੰ ਕੱਲ੍ਹ ਦੇ ਮਜ਼ਬੂਤ ਦਰੱਖਤ ਬਣਾਉਣ ਵਾਲਾ ਮਾਲੀ ਹੈ।

ਪੰਜਾਬੀਆਂ ਦੀ ਸ਼ਾਨ ਵੱਖਰੀ



ਪਾਣੀ ਪੀਤਾ ਅਸੀਂ, ਪੰਜੇ ਆਬ ਦਾ ਸੀ,
ਮਾਣ ਰਚਿਆ, ਖੂਨ 'ਚ ਪੰਜਾਬੀ ਅਤੇ ਪੰਜਾਬ ਦਾ ਸੀ।
ਝੱਲ ਸਕਿਆ ਨਾ, ਸਾਡੇ ਜੁੱਸੇ ਦੀ ਕੋਈ ਤਾਬ ਸੀ,
ਪਾਣੀ ਪੀਤਾ ਅਸੀਂ...
ਜਿਹੜੇ ਚੱਲ ਆਉਂਦੇ ਸੀ, ਇਕ ਦਰ੍ਹੇ ਵਿਚੋਂ,
ਦੇਖਿਆ ਨਜ਼ਾਰਾ, ਸਾਡੀ ਤਲਵਾਰ ਦਾ ਸੀ।
ਆਪਣੇ ਆਪ ਨੂੰ, ਖੱਬੀ ਖਾਨ ਸਮਝਣ,
ਕਹਿਣ ਏਕਾ ਲਾ ਅੱਗੇ, ਸਵਾ ਲੱਖ ਦੱਸਣ ਸਰਦਾਰ ਦਾ ਸੀ।
ਕਰਮ ਸੇਵਾ ਦਾ, ਜੋਸ਼ ਕਪੂਰ ਨਵਾਬ ਦਾ ਸੀ,
ਪਾਣੀ ਪੀਤਾ ਅਸੀਂ...
ਸੱਤ ਫੁੱਟੇ ਦੇਖ ਗਭਰੂ, ਉਹ ਕਰਨ ਗੱਲਾਂ,
ਲੱਸੀ ਦੁੱਧ ਦੇ ਗੜਬੇ ਭਰੇ ਪੀਂਵਦੇ ਸੀ ਪੰਜਾਬੀ।
ਲੜਦੇ, ਕਰਨ ਮੌਤ ਨੂੰ ਮਖੌਲਾਂ, ਕਹਿਣ ਮਰਨ ਵਿਚ ਕੀ ਏ ਖਰਾਬੀ ?
ਬਸ ਰੱਖਦੇ ਨੇ ਅੱਡੀ, ਵਿਚ ਘੋੜੇ ਦੇ ਰਕਾਬ ਦੀ ਸੀ।
ਪਾਣੀ ਪੀਤਾ ਅਸੀਂ...
ਚੜ੍ਹ ਕੇ ਜੋ ਆਵੇ, ਫਿਰ ਮੁੜ ਕੇ ਨਾ ਜਾਵੇ,
ਐਸੀ ਦੇਂਦੇ ਦੁਸ਼ਮਣ ਨੂੰ ਝਟਕੇ, ਲਲਕਾਰ ਦੇ।
ਹਰ ਕੋਈ ਹੈਰਾਨ ਹੁੰਦਾ, ਦੇਖ ਜ਼ੋਹਰ ਤਲਵਾਰ ਦੇ,
ਬੋਲਦੇ ਨੇ ਹੱਲੇ, ਬੋਲ ਫਤਿਹ ਸਤਿ ਸ੍ਰੀ ਕਰਤਾਰ ਦੇ।
ਕੇਵਲ ਲੜਨ ਮਰਨ ਦਾ ਚਾਓ, ਨਹੀਂ ਸ਼ੌਕ ਸ਼ਬਾਬ ਦਾ ਸੀ
ਪਾਣੀ ਪੀਤਾ ਅਸੀਂ...
ਜਾਂਦਾ ਜੋ ਪੰਜਾਬ ਵੱਲ, ਝੁੱਕ ਕੇ ਹੀ ਆਉਂਦਾ ਏ,
ਗੌਰੀ, ਗਜ਼ਨਬੀ, ਅਬਦਾਲੀ ਵਾਂਗ, ਸਿਰ ਸੁਆਹ ਪੁਆਉਂਦਾ ਏ।
'ਗੋਸਲ' ਨਾ ਮੁਆਫ ਕਰੇ, ਹਰ ਪੰਜਾਬੀ ਇਓ ਮਨ ਭਾਉਂਦਾ ਏ,
ਅੱਲਾ ਮੁੜ ਨਾ ਪੰਜਾਬ ਭੇਜੇ, ਹੱਥ ਕੰਨਾਂ ਤਾਈ ਲਾਉਂਦਾ ਏ।
ਨਾ ਰੀਸ ਕਰੇ, ਕੋਈ ਸਤਲੁਜ, ਰਾਵੀ, ਝਨਾਬ ਦੀ,
ਪਾਣੀ ਪੀਤਾ ਅਸੀਂ...

-ਬਹਾਦਰ ਸਿੰਘ ਗੋਸਲ, ਮਕਾਨ ਨੰਬਰ 3098, ਸੈਕਟਰ 37-ਡੀ, ਚੰਡੀਗੜ੍ਹ।

ਮਾਂ ਤੋਂ ਦੂਰ


ਮੈਂ ਪਰਦੇਸੀ ਵੱਸਦਾ,
ਸੁਣ ਮੇਰੇ ਮਿੱਤਰ ਕਾਂ।
ਤੂਹੀਂ ਤਾਂ ਇੱਕ ਹੀ ਜਾਣਦਾ,
ਮੇਰਾ ਦੇਸ ਗਰਾਂ।
ਤੂੰ ਛੇਤੀ ਉੱਡ ਜਾ ਸੋਹਣਿਆਂ,
ਤੈਨੂੰ ਉਡੀਕੇ ਮੇਰੀ ਮਾਂ।
ਮੈਂ ਫੋਨ ਕਰ ਕਰ ਹੰਭਿਆ,
ਤੇ ਲਿਖ-ਲਿਖ ਚਿੱਠੀਆਂ ਪਾ।
ਉਹਨੂੰ ਢਾਰਸ ਨਹੀਂ ਮਿਲਦਾ,
ਤੂੰ ਜਾ ਹਾਲ ਸੁਣਾ।
ਉਸ ਬਿਨ ਮੇਰਾ ਜੀਵਣਾ,
ਰਿਹਾ ਕਿਵੇਂ ਤੜਫ਼ਾਂ।
ਪਲ ਭਰ ਵੀ ਚੈਨ ਨਾ ਮਿਲਦਾ,
ਨਾ ਲੱਭੇ ਹੋਰ ਕੋਈ ਮਾਂ।
ਕੀ ਹੋਇਆ ਜੇ ਰੋਜ਼ ਦੇ,
ਮੈਂ ਡਾਲਰ ਰਿਹਾ ਕਮਾ।
ਪਰ ਮੇਰੇ ਮਨ ਤੇ ਉੱਕਰਿਆ,
ਮੇਰੇ ਭਾਰਤ ਦਾ ਨਾਂ।
ਕਿੰਨਾ ਦਰਦ ਦੂਰ ਰਹਿਣ ਦਾ,
ਚੇਤੇ ਆਉਣ ਭੈਣ-ਭਰਾ।
ਮੈਂ ਮਨ ਵਿੱਚ ਫੋਟੋ ਦੇਖਦਾ,
ਬਾਪੂ ਨੱਕੋ ਰਿਹਾ ਲਗਾ।
ਮਨ ਕਹੇ ਭੱਜ ਮਿਲਣ ਨੂੰ,
ਪਰ ਕਦਮ ਨਾ ਪੁੱਟਿਆ ਜਾ।
ਮੈਂ ਸੁਪਨਿਆਂ ਦੇ ਵਿੱਚ ਸੌਂਦਾ,
ਦੇਖ ਪਿੰਡ ਦੀ ਹਰ ਇੱਕ ਥਾਂ।
ਜਦ ਤੂੰ ਮਿਲੇਗਾ ਮੇਰੀ ਮਾਂ ਨੂੰ,
ਤੂੰ ਸੱਚ ਸੱਚ ਦੇਈਂ ਬਤਾ।
ਝੱਲਾ ਹੋਇਆ ਤੇਰਾ ਲਾਡਲਾ,
ਭਾਲੇ ਬੁੱਕਲ ਤੇਰੀ ਦੀ ਛਾਂ।
ਦੇਖ ਮਜ਼ਬੂਰੀ ਘਰ ਦੀ,
ਮੈਂ ਕਰ ਨਾ ਸਕਿਆ ਨਾਂਹ।
ਤੂੰ ਛੇਤੀ ਉੱਡ ਜਾ ਸੋਹਣਿਆਂ,
ਤੈਨੂੰ ਉਡੀਕੇ ਮੇਰੀ ਮਾਂ।
ਨਹੀਂ ਤਾਂ ਖੰਭ ਉਧਾਰੇ ਦੇ ਦੇ,
'ਗੋਸਲ' ਆਪ ਹੀ ਮਿਲੇ ਉੱਡ ਜਾ।

ਬਹਾਦਰ ਸਿੰਘ ਗੋਸਲ, ਮਕਾਨ ਨੰਬਰ 3098, ਸੈਕਟਰ-37ਡੀ,ਚੰਡੀਗੜ੍ਹ।

ਸਾਹਿਤਕ ਸੱਥ ਖਰੜ ਵੱਲੋਂ ਰਾਹੀ ਦਾ ਗ਼ਜ਼ਲ ਸੰਗ੍ਰਹਿ "ਚੀਸ ਦਾ ਲੋਕ ਅਰਪਣ 28 ਸਤੰਬਰ ਨੂੰ

ਸੱਥ ਦੇ ਪ੍ਰਧਾਨ ਜਸਵਿੰਦਰ ਸਿੰਘ ਕਾਈਨੌਰ ਦੁਆਰਾ ਦਿੱਤੀ ਜਾਣਕਾਰੀ ਮੁਤਾਬਿਕ ਮਿਤੀ 28.9.2026 (ਸੋਮਵਾਰ) ਨੂੰ ਠੀਕ ਸਵੇਰੇ 10.00 ਵਜੇ ਜੋਤੀ ਸਰੂਪ ਕੰਨਿਆ ਆਸਰਾ (ਰਜਿ.), ਬਡਾਲਾ ਰੋਡ, ਖਰੜ ਵਿਖੇ ਪਿਆਰਾ ਸਿੰਘ 'ਰਾਹੀ'ਦੇ ਛਪੇ ਨਵੇਂ ਗ਼ਜ਼ਲ ਸੰਗ੍ਰਹਿ "ਚੀਸ ਦਾ ਲੋਕ ਅਰਪਣ ਸਮਾਗਮ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਡਾ.ਦਵਿੰਦਰ ਸਿੰਘ ਬੋਹਾ, ਪੰਜਾਬੀ ਦੇ ਨਾਮਵਰ ਲੇਖਕ, ਅਲੋਚਕ ਤੇ ਸਾਬਕਾ ਜ਼ਿਲ੍ਹਾ ਭਾਸ਼ਾ ਅਫ਼ਸਰ ਪੰਜਾਬ, ਹੋਣਗੇ। ਡਾ.ਹਰਮਿੰਦਰ ਸਿੰਘ, ਸੰਸਥਾਪਕ, ਜੋਤੀ ਸਰੂਪ ਕੰਨਿਆ ਆਸਰਾ (ਰਜਿ.) ਵਿਸ਼ੇਸ਼ ਮਹਿਮਾਨ ਹੋਣਗੇ। ਸ੍ਰ. ਜਸਵਿੰਦਰ ਸਿੰਘ ਕਾਈਨੌਰ ਪੁਸਤਕ 'ਤੇ ਪੇਪਰ ਪੜ੍ਹਨਗੇ। ਪ੍ਰਸਿੱਧ ਗਾਇਕ ਕਲਾਕਾਰ ਗੁਰਵਿੰਦਰ ਗੁਰੀ ਤੇ ਕ੍ਰਿਸ਼ਨ ਰਾਹੀ ਜੀ ਗ਼ਜ਼ਲ ਗਾਇਨ ਕਰਨਗੇ। ਸਮੇਂ ਅਨੁਸਾਰ ਹਾਜ਼ਰ ਸ਼ਾਇਰਾਂ ਦੀਆਂ ਰਚਨਾਵਾਂ ਦਾ ਅਨੰਦ ਵੀ ਮਾਣਿਆ ਜਾਵੇਗਾ। ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ ਜੀ।





ਜਸਵਿੰਦਰ ਸਿੰਘ ਕਾਈਨੌਰ, ਪ੍ਰਧਾਨ (ਮੋ.ਨੰ.98888 42244)

ਚਿੱਟੇ ਕੋਟ, ਨਵੇਂ ਸੁਪਨੇ: ਐਮਬੀਬੀਸੀ

ਵਿਦਿਆਰਥੀਆਂ ਦੀ ਡਾਕਟਰੀ ਯਾਤਰਾ ਦੀ ਸ਼ੁਰੂਆਤ

ਚਿੱਟਾ ਕੋਟ ਦੇਖਣ ਵਿੱਚ ਭਾਵੇਂ ਇੱਕ ਸਧਾਰਨ ਪਹਿਰਾਵਾ ਲੱਗ ਸਕਦਾ ਹੈ, ਪਰ ਇੱਕ ਮੈਡੀਕਲ ਵਿਦਿਆਰਥੀ ਲਈ ਇਸ ਦਾ ਅਰਥ ਇਸ ਦੀ ਦਿੱਖ ਨਾਲੋਂ ਕਿਤੇ ਵੱਧ ਹੁੰਦਾ ਹੈ। ਇਹ ਗਿਆਨ, ਜ਼ਿੰਮੇਵਾਰੀ, ਦਇਆ, ਅਨੁਸ਼ਾਸਨ ਅਤੇ ਮਨੁੱਖੀ ਜੀਵਨ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਹੈ। ਇਸ ਲਈ ਵ੍ਹਾਈਟ ਕੋਟ ਸਮਾਰੋਹ ਸਿਰਫ਼ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਕਰਨ ਵਾਲਾ ਇੱਕ ਰਸਮੀ ਸਮਾਗਮ ਨਹੀਂ ਹੁੰਦਾ, ਸਗੋਂ ਉਹ ਇੱਕ ਪ੍ਰਤੀਕਾਤਮਕ ਪਲ ਹੁੰਦਾ ਹੈ ਜਦੋਂ ਨੌਜਵਾਨ ਵਿਦਿਆਰਥੀ ਡਾਕਟਰ ਬਣਨ ਵੱਲ ਆਪਣਾ ਪਹਿਲਾ ਮਹੱਤਵਪੂਰਨ ਕਦਮ ਚੁੱਕਦੇ ਹਨ।

ਨਵੇਂ ਦਾਖ਼ਲ ਹੋਏ ਐਮਬੀਬੀਸੀ ਵਿਦਿਆਰਥੀਆਂ ਲਈ ਇਹ ਸਮਾਰੋਹ ਅਕਸਰ ਇੱਕ ਅਭੁੱਲ ਅਨੁਭਵ ਹੁੰਦਾ ਹੈ। ਕਈ ਸਾਲਾਂ ਦੀ ਤਿਆਰੀ, ਪ੍ਰੀਖਿਆਵਾਂ, ਮੁਕਾਬਲੇ ਅਤੇ ਅਨਿਸ਼ਚਿਤਤਾਵਾਂ ਤੋਂ ਬਾਅਦ ਉਹ ਆਖ਼ਰ ਉਸ ਮੈਡੀਕਲ ਕਾਲਜ ਵਿੱਚ ਦਾਖ਼ਲ ਹੁੰਦੇ ਹਨ ਜਿਸ ਦਾ ਉਨ੍ਹਾਂ ਨੇ ਸੁਪਨਾ ਦੇਖਿਆ ਹੁੰਦਾ ਹੈ। ਜਦੋਂ ਚਿੱਟਾ ਕੋਟ ਉਨ੍ਹਾਂ ਦੇ ਮੋਢਿਆਂ 'ਤੇ ਪਾਇਆ ਜਾਂਦਾ ਹੈ, ਤਾਂ ਇੱਕ ਨਵਾਂ ਅਧਿਆਇ ਸ਼ੁਰੂ ਹੁੰਦਾ ਹੈ—ਇੱਕ ਅਜਿਹਾ ਅਧਿਆਇ ਜੋ ਬੌਧਿਕ ਉਤਸੁਕਤਾ, ਭਾਵਨਾਤਮਕ ਪਰਿਪੱਕਤਾ, ਲਗਨ ਅਤੇ ਡੂੰਘੀ ਜ਼ਿੰਮੇਵਾਰੀ ਦੀ ਮੰਗ ਕਰਦਾ ਹੈ।

ਸਿਰਫ਼ ਇੱਕ ਕੋਟ ਤੋਂ ਕਿਤੇ ਵੱਧ

ਚਿੱਟਾ ਕੋਟ ਡਾਕਟਰੀ ਪੇਸ਼ੇ ਦੇ ਸਭ ਤੋਂ ਪਛਾਣਯੋਗ ਪ੍ਰਤੀਕਾਂ ਵਿੱਚੋਂ ਇੱਕ ਬਣ ਚੁੱਕਾ ਹੈ। ਇਹ ਉਸ ਭਰੋਸੇ ਨੂੰ ਦਰਸਾਉਂਦਾ ਹੈ ਜੋ ਸਮਾਜ ਸਿਹਤ-ਸੇਵਾ ਨਾਲ ਜੁੜੇ ਪੇਸ਼ੇਵਰਾਂ 'ਤੇ ਕਰਦਾ ਹੈ। ਹਸਪਤਾਲ ਵਿੱਚ ਦਾਖ਼ਲ ਹੋਣ ਵਾਲਾ ਮਰੀਜ਼ ਅਕਸਰ ਚਿੱਟੇ ਕੋਟ ਨੂੰ ਗਿਆਨ ਅਤੇ ਆਸ ਦੇ ਪ੍ਰਤੀਕ ਵਜੋਂ ਵੇਖਦਾ ਹੈ। ਇਸ ਲਈ ਇਸ ਨੂੰ ਸਿਰਫ਼ ਪੇਸ਼ੇਵਰ ਦਿੱਖ ਦਾ ਹਿੱਸਾ ਸਮਝਣਾ ਠੀਕ ਨਹੀਂ।

ਇੱਕ ਐਮਬੀਬੀਸੀ ਵਿਦਿਆਰਥੀ ਲਈ ਚਿੱਟਾ ਕੋਟ ਇਹ ਯਾਦ ਦਿਵਾਉਂਦਾ ਹੈ ਕਿ ਡਾਕਟਰੀ ਸਿੱਖਿਆ ਦਾ ਅੰਤਿਮ ਉਦੇਸ਼ ਮਨੁੱਖੀ ਸੇਵਾ ਹੈ। ਹਰ ਨਿਦਾਨ ਦੇ ਪਿੱਛੇ ਇੱਕ ਮਨੁੱਖ ਹੁੰਦਾ ਹੈ। ਹਰ ਮੈਡੀਕਲ ਰਿਪੋਰਟ ਦੇ ਪਿੱਛੇ ਇੱਕ ਮਰੀਜ਼ ਅਤੇ ਉਸ ਦਾ ਪਰਿਵਾਰ ਜਵਾਬ ਦੀ ਉਡੀਕ ਕਰ ਰਿਹਾ ਹੁੰਦਾ ਹੈ। ਹਰ ਕਲੀਨਿਕਲ ਫ਼ੈਸਲਾ ਕਿਸੇ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸ ਲਈ ਚਿੱਟਾ ਕੋਟ ਸਨਮਾਨ ਦੇ ਨਾਲ-ਨਾਲ ਜ਼ਿੰਮੇਵਾਰੀ ਵੀ ਲੈ ਕੇ ਆਉਂਦਾ ਹੈ।

ਉਮੀਦਵਾਰ ਤੋਂ ਮੈਡੀਕਲ ਵਿਦਿਆਰਥੀ ਤੱਕ

ਮੈਡੀਕਲ ਕਾਲਜ ਤੱਕ ਪਹੁੰਚਣ ਦੀ ਯਾਤਰਾ ਆਮ ਤੌਰ 'ਤੇ ਆਸਾਨ ਨਹੀਂ ਹੁੰਦੀ। ਵਿਦਿਆਰਥੀ ਕਈ ਸਾਲ ਦਾਖ਼ਲਾ ਪ੍ਰੀਖਿਆਵਾਂ ਦੀ ਤਿਆਰੀ ਕਰਦੇ ਹਨ, ਸਕੂਲੀ ਪੜ੍ਹਾਈ ਦੇ ਨਾਲ ਗਹਿਰੀ ਤਿਆਰੀ ਕਰਦੇ ਹਨ ਅਤੇ ਆਪਣੇ ਸਮਾਜਿਕ ਤੇ ਨਿੱਜੀ ਜੀਵਨ ਵਿੱਚ ਕਈ ਤਰ੍ਹਾਂ ਦੇ ਸਮਝੌਤੇ ਕਰਦੇ ਹਨ। ਪਰਿਵਾਰ ਵੀ ਇਸ ਸੁਪਨੇ ਲਈ ਸਮਾਂ, ਸਰੋਤ ਅਤੇ ਭਾਵਨਾਤਮਕ ਸਹਿਯੋਗ ਦਿੰਦੇ ਹਨ। ਇਸ ਲਈ ਐਮਬੀਬੀਸੀ ਵਿੱਚ ਦਾਖ਼ਲਾ ਇੱਕ ਮਹੱਤਵਪੂਰਨ ਪ੍ਰਾਪਤੀ ਹੈ। ਪਰ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਦਾਖ਼ਲਾ ਮੰਜ਼ਿਲ ਨਹੀਂ, ਸਗੋਂ ਇੱਕ ਲੰਮੀ ਯਾਤਰਾ ਦੀ ਸ਼ੁਰੂਆਤ ਹੈ। ਦਾਖ਼ਲਾ ਪ੍ਰੀਖਿਆ ਤਿਆਰੀ ਅਤੇ ਅਕਾਦਮਿਕ ਯੋਗਤਾ ਨੂੰ ਪਰਖਦੀ ਹੈ। ਪਰ ਮੈਡੀਕਲ ਸਿੱਖਿਆ ਇਸ ਤੋਂ ਕਿਤੇ ਵੱਧ ਦੀ ਮੰਗ ਕਰਦੀ ਹੈ—ਜਟਿਲ ਵਿਗਿਆਨਕ ਧਾਰਨਾਵਾਂ ਨੂੰ ਸਮਝਣਾ, ਗਿਆਨ ਨੂੰ ਅਸਲ ਸਥਿਤੀਆਂ ਵਿੱਚ ਲਾਗੂ ਕਰਨਾ, ਮਰੀਜ਼ਾਂ ਨਾਲ ਸੰਚਾਰ ਕਰਨਾ, ਟੀਮ ਵਜੋਂ ਕੰਮ ਕਰਨਾ, ਅਨਿਸ਼ਚਿਤਤਾ ਦਾ ਸਾਹਮਣਾ ਕਰਨਾ ਅਤੇ ਜੀਵਨ ਭਰ ਸਿੱਖਦੇ ਰਹਿਣਾ।

ਵ੍ਹਾਈਟ ਕੋਟ ਸਮਾਰੋਹ ਇਸ ਤਬਦੀਲੀ ਦਾ ਪ੍ਰਤੀਕ ਹੈ—ਤਿਆਰੀ ਤੋਂ ਪੇਸ਼ੇਵਰ ਨਿਰਮਾਣ ਵੱਲ ਇੱਕ ਕਦਮ।

ਚਿੱਟੇ ਕੋਟ ਦੇ ਪਿੱਛੇ ਵਿਗਿਆਨ

ਡਾਕਟਰੀ ਪੇਸ਼ਾ ਵਿਗਿਆਨ ਦੀ ਮਜ਼ਬੂਤ ਨੀਂਹ 'ਤੇ ਟਿਕਿਆ ਹੋਇਆ ਹੈ। ਐਨਾਟਮੀ ਵਿਦਿਆਰਥੀਆਂ ਨੂੰ ਮਨੁੱਖੀ ਸਰੀਰ ਦੀ ਬਣਤਰ ਸਿਖਾਉਂਦੀ ਹੈ। ਫਿਜ਼ਿਓਲੋਜੀ ਸਰੀਰ ਦੇ ਵੱਖ-ਵੱਖ ਤੰਤਰਾਂ ਦੇ ਕੰਮ ਕਰਨ ਦੀ ਪ੍ਰਕਿਰਿਆ ਸਮਝਾਉਂਦੀ ਹੈ। ਬਾਇਓਕੈਮਿਸਟਰੀ ਜੀਵਨ ਨੂੰ ਚਲਾਉਣ ਵਾਲੀਆਂ ਰਸਾਇਣਕ ਪ੍ਰਕਿਰਿਆਵਾਂ ਦਾ ਅਧਿਐਨ ਕਰਦੀ ਹੈ। ਫਾਰਮਾਕੋਲੋਜੀ ਦਵਾਈਆਂ ਅਤੇ ਉਨ੍ਹਾਂ ਦੇ ਪ੍ਰਭਾਵਾਂ ਬਾਰੇ ਦੱਸਦੀ ਹੈ। ਪੈਥੋਲੋਜੀ ਰੋਗਾਂ ਨੂੰ ਸਮਝਣ ਵਿੱਚ ਮਦਦ ਕਰਦੀ ਹੈ, ਜਦਕਿ ਮਾਈਕ੍ਰੋਬਾਇਓਲੋਜੀ ਸੰਕਰਮਣ ਪੈਦਾ ਕਰਨ ਵਾਲੇ ਜੀਵਾਣੂਆਂ ਦਾ ਅਧਿਐਨ ਕਰਦੀ ਹੈ।

ਇਸ ਤੋਂ ਬਾਅਦ ਕਲੀਨਿਕਲ ਵਿਸ਼ੇ ਅਤੇ ਪ੍ਰੈਕਟੀਕਲ ਅਨੁਭਵ ਆਉਂਦੇ ਹਨ, ਜਿੱਥੇ ਸਿਧਾਂਤਕ ਗਿਆਨ ਨੂੰ ਅਸਲ ਮਰੀਜ਼ਾਂ 'ਤੇ ਲਾਗੂ ਕਰਨਾ ਸਿੱਖਿਆ ਜਾਂਦਾ ਹੈ। ਜਾਣਕਾਰੀ ਦੀ ਮਾਤਰਾ ਕਈ ਵਾਰ ਬਹੁਤ ਵੱਡੀ ਲੱਗ ਸਕਦੀ ਹੈ। ਪਰ ਡਾਕਟਰੀ ਸਿੱਖਿਆ ਦਾ ਉਦੇਸ਼ ਸਿਰਫ਼ ਹਜ਼ਾਰਾਂ ਤੱਥ ਯਾਦ ਕਰਵਾਉਣਾ ਨਹੀਂ ਹੈ। ਵਿਦਿਆਰਥੀਆਂ ਨੂੰ ਹੌਲੀ-ਹੌਲੀ ਵਿਗਿਆਨਕ ਢੰਗ ਨਾਲ ਸੋਚਣ, ਢੁਕਵੇਂ ਸਵਾਲ ਪੁੱਛਣ, ਸਬੂਤਾਂ ਨੂੰ ਸਮਝਣ ਅਤੇ ਤਰਕਸੰਗਤ ਫ਼ੈਸਲੇ ਲੈਣ ਦੀ ਸਮਰੱਥਾ ਵਿਕਸਿਤ ਕਰਨੀ ਪੈਂਦੀ ਹੈ। ਡਾਕਟਰੀ ਵਿਗਿਆਨ ਲਗਾਤਾਰ ਬਦਲ ਰਿਹਾ ਹੈ। ਨਵੀਆਂ ਬਿਮਾਰੀਆਂ ਸਾਹਮਣੇ ਆਉਂਦੀਆਂ ਹਨ, ਇਲਾਜ ਦੇ ਤਰੀਕੇ ਸੁਧਰਦੇ ਹਨ, ਨਿਦਾਨ ਤਕਨੀਕਾਂ ਵਿਕਸਿਤ ਹੁੰਦੀਆਂ ਹਨ ਅਤੇ ਵਿਗਿਆਨਕ ਸਮਝ ਵਿੱਚ ਵਾਧਾ ਹੁੰਦਾ ਹੈ। ਇਸ ਲਈ ਭਵਿੱਖ ਦਾ ਡਾਕਟਰ ਸਿਰਫ਼ ਮੈਡੀਕਲ ਕਾਲਜ ਵਿੱਚ ਸਿੱਖੀ ਜਾਣਕਾਰੀ 'ਤੇ ਨਿਰਭਰ ਨਹੀਂ ਰਹਿ ਸਕਦਾ। ਇੱਕ ਚੰਗੇ ਡਾਕਟਰ ਨੂੰ ਜੀਵਨ ਭਰ ਸਿੱਖਦੇ ਰਹਿਣਾ ਪਵੇਗਾ।

ਸਿਰਫ਼ ਬਿਮਾਰੀ ਨਹੀਂ, ਮਰੀਜ਼ ਨੂੰ ਦੇਖਣਾ ਸਿੱਖੋ

ਡਾਕਟਰੀ ਸਿੱਖਿਆ ਦਾ ਸਭ ਤੋਂ ਮਹੱਤਵਪੂਰਨ ਸਬਕ ਇਹ ਹੈ ਕਿ ਮਰੀਜ਼ ਸਿਰਫ਼ ਇੱਕ ਨਿਦਾਨ ਨਹੀਂ ਹੁੰਦਾ। ਸ਼ੂਗਰ ਵਾਲਾ ਵਿਅਕਤੀ ਸਿਰਫ਼ ਸ਼ੂਗਰ ਦਾ ਮਰੀਜ਼ ਨਹੀਂ ਹੈ। ਕੈਂਸਰ ਨਾਲ ਪੀੜਤ ਵਿਅਕਤੀ ਸਿਰਫ਼ ਕੈਂਸਰ ਦਾ ਕੇਸ ਨਹੀਂ ਹੈ। ਬੁਖ਼ਾਰ ਵਾਲਾ ਬੱਚਾ, ਸਾਹ ਲੈਣ ਵਿੱਚ ਤਕਲੀਫ਼ ਵਾਲਾ ਬਜ਼ੁਰਗ ਜਾਂ ਚਿੰਤਾ ਦਾ ਸਾਹਮਣਾ ਕਰ ਰਿਹਾ ਨੌਜਵਾਨ—ਹਰ ਇੱਕ ਦੀ ਆਪਣੀ ਕਹਾਣੀ, ਪਰਿਵਾਰਕ ਪਿਛੋਕੜ ਅਤੇ ਭਾਵਨਾਤਮਕ ਅਨੁਭਵ ਹੁੰਦਾ ਹੈ।

ਇਸ ਲਈ ਮੈਡੀਕਲ ਵਿਦਿਆਰਥੀਆਂ ਨੂੰ ਧਿਆਨ ਨਾਲ ਸੁਣਨ ਦੀ ਕਲਾ ਸਿੱਖਣੀ ਚਾਹੀਦੀ ਹੈ। ਕਈ ਵਾਰ ਮਰੀਜ਼ ਆਪਣੇ ਲੱਛਣ ਸਪਸ਼ਟ ਤਰੀਕੇ ਨਾਲ ਨਹੀਂ ਦੱਸ ਸਕਦਾ। ਕਈ ਵਾਰ ਡਰ ਉਸ ਨੂੰ ਸਵਾਲ ਪੁੱਛਣ ਤੋਂ ਰੋਕ ਸਕਦਾ ਹੈ। ਕਈ ਵਾਰ ਪਰਿਵਾਰ ਨੂੰ ਮੈਡੀਕਲ ਜਾਣਕਾਰੀ ਦੇ ਨਾਲ-ਨਾਲ ਭਰੋਸੇ ਅਤੇ ਹੌਸਲੇ ਦੀ ਵੀ ਲੋੜ ਹੁੰਦੀ ਹੈ। ਮਰੀਜ਼ ਨੂੰ ਧੀਰਜ ਨਾਲ ਸੁਣਨ ਦੀ ਡਾਕਟਰ ਦੀ ਯੋਗਤਾ ਕਈ ਵਾਰ ਲੈਬ ਰਿਪੋਰਟ ਦੀ ਵਿਆਖਿਆ ਕਰਨ ਦੀ ਯੋਗਤਾ ਜਿੰਨੀ ਹੀ ਮਹੱਤਵਪੂਰਨ ਹੋ ਸਕਦੀ ਹੈ।

ਯੋਗਤਾ ਦੇ ਨਾਲ ਦਇਆ

ਡਾਕਟਰੀ ਯੋਗਤਾ ਅਤੇ ਦਇਆ ਦਾ ਵਿਕਾਸ ਇਕੱਠੇ ਹੋਣਾ ਚਾਹੀਦਾ ਹੈ। ਵਿਗਿਆਨਕ ਗਿਆਨ ਡਾਕਟਰ ਨੂੰ ਬਿਮਾਰੀ ਸਮਝਣ ਵਿੱਚ ਮਦਦ ਕਰਦਾ ਹੈ, ਪਰ ਦਇਆ ਉਸ ਨੂੰ ਪੀੜਤ ਮਨੁੱਖ ਨੂੰ ਸਮਝਣ ਵਿੱਚ ਮਦਦ ਕਰਦੀ ਹੈ। ਤਕਨੀਕੀ ਹੁਨਰ ਕਿਸੇ ਪ੍ਰਕਿਰਿਆ ਨੂੰ ਸਹੀ ਢੰਗ ਨਾਲ ਕਰਨ ਵਿੱਚ ਮਦਦ ਕਰ ਸਕਦਾ ਹੈ, ਪਰ ਹਮਦਰਦੀ ਮਰੀਜ਼ ਨੂੰ ਸਨਮਾਨ ਅਤੇ ਸੁਰੱਖਿਆ ਦਾ ਅਹਿਸਾਸ ਕਰਵਾ ਸਕਦੀ ਹੈ। ਮੈਡੀਕਲ ਕਾਲਜ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਨੂੰ ਸ਼ੁਰੂ ਤੋਂ ਹੀ ਦੋਵੇਂ ਗੁਣ ਵਿਕਸਿਤ ਕਰਨੇ ਚਾਹੀਦੇ ਹਨ।

ਉਨ੍ਹਾਂ ਨੂੰ ਮਰੀਜ਼ਾਂ ਨਾਲ ਨਿਮਰਤਾ ਨਾਲ ਗੱਲ ਕਰਨੀ, ਨਿੱਜਤਾ ਦਾ ਸਨਮਾਨ ਕਰਨਾ, ਗੁਪਤ ਜਾਣਕਾਰੀ ਦੀ ਰੱਖਿਆ ਕਰਨੀ ਅਤੇ ਬਿਨਾਂ ਲੋੜ ਕਿਸੇ ਬਾਰੇ ਨਿਰਣਾ ਨਾ ਕਰਨਾ ਸਿੱਖਣਾ ਚਾਹੀਦਾ ਹੈ। ਹਰ ਮਰੀਜ਼ ਉਮਰ, ਸਮਾਜਿਕ ਸਥਿਤੀ, ਆਰਥਿਕ ਪਿਛੋਕੜ ਜਾਂ ਸਿੱਖਿਆ ਦੇ ਪੱਧਰ ਤੋਂ ਇਲਾਵਾ ਸਨਮਾਨ ਦਾ ਹੱਕਦਾਰ ਹੈ। ਇੱਕ ਸਫਲ ਡਾਕਟਰੀ ਕਰੀਅਰ ਸਿਰਫ਼ ਪ੍ਰੀਖਿਆਵਾਂ ਅਤੇ ਡਿਗਰੀਆਂ ਨਾਲ ਨਹੀਂ ਬਣਦਾ। ਇਹ ਭਰੋਸੇ ਨਾਲ ਬਣਦਾ ਹੈ।

ਅੱਗੇ ਆਉਣ ਵਾਲੀਆਂ ਚੁਣੌਤੀਆਂ

ਮੈਡੀਕਲ ਸਿੱਖਿਆ ਦੀ ਯਾਤਰਾ ਵਿੱਚ ਮੁਸ਼ਕਲ ਪਲ ਜ਼ਰੂਰ ਆਉਣਗੇ। ਔਖੀਆਂ ਪ੍ਰੀਖਿਆਵਾਂ, ਵਿਸ਼ਾਲ ਸਿਲੇਬਸ, ਲੰਬੀਆਂ ਕਲੀਨਿਕਲ ਡਿਊਟੀਆਂ ਅਤੇ ਭਾਵਨਾਤਮਕ ਤੌਰ 'ਤੇ ਚੁਣੌਤੀਪੂਰਨ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਈ ਵਾਰ ਆਤਮ-ਵਿਸ਼ਵਾਸ ਵਿੱਚ ਵੀ ਕਮੀ ਆ ਸਕਦੀ ਹੈ। ਜਿਹੜੇ ਵਿਦਿਆਰਥੀ ਸਕੂਲ ਵਿੱਚ ਹਮੇਸ਼ਾ ਵਧੀਆ ਪ੍ਰਦਰਸ਼ਨ ਕਰਦੇ ਰਹੇ ਹਨ, ਉਹ ਪਾ ਸਕਦੇ ਹਨ ਕਿ ਮੈਡੀਕਲ ਸਿੱਖਿਆ ਸਕੂਲੀ ਪੜ੍ਹਾਈ ਤੋਂ ਬਿਲਕੁਲ ਵੱਖਰੀ ਹੈ। ਗਿਆਨ ਦੀ ਮਾਤਰਾ ਅਤੇ ਜਟਿਲਤਾ ਕਾਰਨ ਪੜ੍ਹਾਈ ਦੇ ਨਵੇਂ ਢੰਗ ਅਪਣਾਉਣੇ ਪੈ ਸਕਦੇ ਹਨ। ਕੁਝ ਵਿਦਿਆਰਥੀਆਂ ਨੂੰ ਸ਼ੁਰੂ ਵਿੱਚ ਕੋਰਸ ਦੀ ਗਤੀ ਨਾਲ ਤਾਲਮੇਲ ਬਿਠਾਉਣ ਵਿੱਚ ਮੁਸ਼ਕਲ ਆ ਸਕਦੀ ਹੈ।



ਇਨ੍ਹਾਂ ਮੁਸ਼ਕਲਾਂ ਨੂੰ ਅਸਫਲਤਾ ਨਹੀਂ ਸਮਝਣਾ ਚਾਹੀਦਾ। ਇਹ ਪੇਸ਼ੇਵਰ ਵਿਕਾਸ ਦਾ ਹਿੱਸਾ ਹਨ। ਮੈਡੀਕਲ ਵਿਦਿਆਰਥੀਆਂ ਲਈ ਅਨੁਸ਼ਾਸਨ, ਸਮੇਂ ਦੀ ਸਹੀ ਵਰਤੋਂ ਅਤੇ ਨਿਰੰਤਰਤਾ ਬਹੁਤ ਜ਼ਰੂਰੀ ਹੈ। ਨਿਯਮਿਤ ਪੜ੍ਹਾਈ ਆਖ਼ਰੀ ਸਮੇਂ ਦੀ ਤਿਆਰੀ 'ਤੇ ਪੂਰੀ ਤਰ੍ਹਾਂ ਨਿਰਭਰ ਰਹਿਣ ਨਾਲੋਂ ਵਧੇਰੇ ਲਾਭਦਾਇਕ ਹੁੰਦੀ ਹੈ। ਨੀਂਦ, ਪੋਸ਼ਣ, ਸਰੀਰਕ ਸਰਗਰਮੀ ਅਤੇ ਸਿਹਤਮੰਦ ਰਿਸ਼ਤੇ ਵੀ ਮਹੱਤਵਪੂਰਨ ਹਨ, ਕਿਉਂਕਿ ਲੰਬੇ ਸਮੇਂ ਤੱਕ ਪ੍ਰਭਾਵਸ਼ਾਲੀ ਸਿੱਖਣ ਲਈ ਸਿਹਤਮੰਦ ਮਨ ਅਤੇ ਸਰੀਰ ਦੀ ਲੋੜ ਹੁੰਦੀ ਹੈ।



ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ, ਮਲੋਟ, ਪੰਜਾਬ

ਮਾਰਗਦਰਸ਼ਕਾਂ ਦੀ ਮਹੱਤਤਾ

ਅਧਿਆਪਕ ਭਵਿੱਖ ਦੇ ਡਾਕਟਰਾਂ ਨੂੰ ਆਕਾਰ ਦੇਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਇੱਕ ਮੈਡੀਕਲ ਅਧਿਆਪਕ ਸਿਰਫ਼ ਐਨਾਟਮੀ, ਪੈਥੋਲੋਜੀ ਜਾਂ ਕਲੀਨਿਕਲ ਪ੍ਰਕਿਰਿਆਵਾਂ ਨਹੀਂ ਸਮਝਾਉਂਦਾ। ਆਪਣੇ ਰੋਜ਼ਾਨਾ ਵਿਹਾਰ ਰਾਹੀਂ ਅਧਿਆਪਕ ਇਹ ਵੀ ਦਿਖਾਉਂਦੇ ਹਨ ਕਿ ਮਰੀਜ਼ਾਂ ਨਾਲ ਕਿਵੇਂ ਗੱਲ ਕਰਨੀ ਹੈ, ਅਨਿਸ਼ਚਿਤਤਾ ਨਾਲ ਕਿਵੇਂ ਨਜਿੱਠਣਾ ਹੈ, ਗਲਤੀਆਂ ਨੂੰ ਕਿਵੇਂ ਸਵੀਕਾਰਨਾ ਹੈ ਅਤੇ ਪੇਸ਼ੇਵਰ ਵਿਹਾਰ ਕਿਵੇਂ ਕਰਨਾ ਹੈ। ਵਿਦਿਆਰਥੀ ਅਕਸਰ ਆਪਣੇ ਅਧਿਆਪਕਾਂ ਦਾ ਵਿਹਾਰ ਕਈ ਸਾਲਾਂ ਬਾਅਦ ਵੀ ਯਾਦ ਰੱਖਦੇ ਹਨ, ਭਾਵੇਂ ਉਹ ਹਰ ਲੈਕਚਰ ਦੀਆਂ ਗੱਲਾਂ ਭੁੱਲ ਜਾਣ।

ਇਸ ਲਈ ਮਾਰਗਦਰਸ਼ਨ ਸਿਰਫ਼ ਇਹ ਨਹੀਂ ਨਿਰਧਾਰਤ ਕਰਦਾ ਕਿ ਵਿਦਿਆਰਥੀ ਕੀ ਜਾਣਦੇ ਹਨ, ਸਗੋਂ ਇਹ ਵੀ ਪ੍ਰਭਾਵਿਤ ਕਰ ਸਕਦਾ ਹੈ ਕਿ ਉਹ ਭਵਿੱਖ ਵਿੱਚ ਕਿਹੋ ਜਿਹੇ ਡਾਕਟਰ ਬਣਦੇ ਹਨ।

ਸੀਨੀਅਰ ਡਾਕਟਰ, ਰੈਜ਼ੀਡੈਂਟ, ਨਰਸਾਂ ਅਤੇ ਹੋਰ ਸਿਹਤ-ਸੇਵਾ ਪੇਸ਼ੇਵਰ ਵੀ ਮਹੱਤਵਪੂਰਨ ਸਬਕ ਦੇ ਸਕਦੇ ਹਨ। ਡਾਕਟਰੀ ਸੇਵਾ ਇੱਕ ਟੀਮ-ਅਧਾਰਿਤ ਪੇਸ਼ਾ ਹੈ ਅਤੇ ਵਿਦਿਆਰਥੀਆਂ ਨੂੰ ਸ਼ੁਰੂ ਤੋਂ ਹੀ ਸਿਹਤ-ਸੇਵਾ ਟੀਮ ਦੇ ਹਰ ਮੈਂਬਰ ਦੇ ਯੋਗਦਾਨ ਦਾ ਸਨਮਾਨ ਕਰਨਾ ਸਿੱਖਣਾ ਚਾਹੀਦਾ ਹੈ।

ਤਕਨਾਲੋਜੀ ਅਤੇ ਭਵਿੱਖ ਦਾ ਡਾਕਟਰ

ਅੱਜ ਦੇ ਮੈਡੀਕਲ ਵਿਦਿਆਰਥੀ ਤੇਜ਼ੀ ਨਾਲ ਬਦਲ ਰਹੀ ਤਕਨਾਲੋਜੀ ਦੇ ਦੌਰ ਵਿੱਚ ਡਾਕਟਰੀ ਪੇਸ਼ੇ ਵਿੱਚ ਦਾਖ਼ਲ ਹੋ ਰਹੇ ਹਨ। ਕ੍ਰਿਤ੍ਰਿਮ ਬੁੱਧੀ, ਡਿਜੀਟਲ ਸਿਹਤ ਰਿਕਾਰਡ, ਟੈਲੀਮੈਡੀਸਨ, ਆਧੁਨਿਕ ਇਮੇਜਿੰਗ, ਰੋਬੋਟਿਕ ਸਰਜਰੀ, ਵੇਅਰੇਬਲ ਉਪਕਰਨ ਅਤੇ ਡਾਟਾ-ਅਧਾਰਿਤ ਮੈਡੀਸਨ ਸਿਹਤ-ਸੇਵਾ ਨੂੰ ਬਦਲ ਰਹੇ ਹਨ।

ਇਹ ਤਕਨਾਲੋਜੀਆਂ ਨਿਦਾਨ, ਇਲਾਜ ਅਤੇ ਮਰੀਜ਼ਾਂ ਦੀ ਨਿਗਰਾਨੀ ਨੂੰ ਬਿਹਤਰ ਬਣਾਉਣ ਵਿੱਚ ਸਹਾਇਤਾ ਕਰ ਸਕਦੀਆਂ ਹਨ। ਪਰ ਤਕਨਾਲੋਜੀ ਨੂੰ ਡਾਕਟਰ ਅਤੇ ਮਰੀਜ਼ ਵਿਚਕਾਰ ਮਨੁੱਖੀ ਸੰਬੰਧ ਦੀ ਥਾਂ ਨਹੀਂ ਲੈਣੀ ਚਾਹੀਦੀ।

ਕੰਪਿਊਟਰ ਬੇਹੱਦ ਵੱਡੀ ਮਾਤਰਾ ਵਿੱਚ ਜਾਣਕਾਰੀ ਦੀ ਪ੍ਰਕਿਰਿਆ ਕਰ ਸਕਦਾ ਹੈ, ਪਰ ਮਰੀਜ਼ ਨੂੰ ਅਜੇ ਵੀ ਅਜਿਹੇ ਡਾਕਟਰ ਦੀ ਲੋੜ ਹੋ ਸਕਦੀ ਹੈ ਜੋ ਸੰਵੇਦਨਸ਼ੀਲਤਾ ਨਾਲ ਬਿਮਾਰੀ ਸਮਝਾ ਸਕੇ, ਉਸ ਦੇ ਡਰ ਨੂੰ ਸਮਝ ਸਕੇ ਅਤੇ ਭਰੋਸਾ ਦੇ ਸਕੇ। ਇਸ ਲਈ ਭਵਿੱਖ ਦੇ ਡਾਕਟਰ ਲਈ ਤਕਨੀਕੀ ਸਮਝ ਦੇ ਨਾਲ ਮਨੁੱਖੀ ਸੂਝ-ਬੂਝ ਵੀ ਜ਼ਰੂਰੀ ਹੋਵੇਗੀ।

ਡਾਕਟਰੀ ਪੇਸ਼ੇ ਦੇ ਕੇਂਦਰ ਵਿੱਚ ਨੈਤਿਕਤਾ

ਡਾਕਟਰੀ ਗਿਆਨ ਡਾਕਟਰਾਂ ਨੂੰ ਬਹੁਤ ਵੱਡੀ ਜ਼ਿੰਮੇਵਾਰੀ ਦਿੰਦਾ ਹੈ ਅਤੇ ਵੱਡੀ ਜ਼ਿੰਮੇਵਾਰੀ ਦੇ ਨਾਲ ਨੈਤਿਕਤਾ ਵੀ ਜ਼ਰੂਰੀ ਹੈ। ਵਿਦਿਆਰਥੀਆਂ ਨੂੰ ਮਰੀਜ਼ ਦੀ ਸਹਿਮਤੀ, ਗੁਪਤਤਾ, ਮਰੀਜ਼ ਦੀ ਖੁਦਮੁਖਤਿਆਰੀ, ਪੇਸ਼ੇਵਰ ਇਮਾਨਦਾਰੀ ਅਤੇ ਮਨੁੱਖੀ ਮਰਿਆਦਾ ਦੇ ਸਨਮਾਨ ਵਰਗੇ ਸਿਧਾਂਤਾਂ ਨੂੰ ਸਮਝਣਾ ਚਾਹੀਦਾ ਹੈ। ਉਨ੍ਹਾਂ ਨੂੰ ਇਹ ਸਿੱਖਣਾ ਚਾਹੀਦਾ ਹੈ ਕਿ ਮਰੀਜ਼ ਦੀ ਭਲਾਈ ਪੇਸ਼ੇਵਰ ਅਭਿਆਸ ਦੇ ਕੇਂਦਰ ਵਿੱਚ ਰਹਿਣੀ ਚਾਹੀਦੀ ਹੈ।

ਡਾਕਟਰੀ ਗਲਤੀਆਂ, ਔਖੇ ਫ਼ੈਸਲੇ ਅਤੇ ਨੈਤਿਕ ਦੁਵਿਧਾਵਾਂ ਕਰੀਅਰ ਦੌਰਾਨ ਸਾਹਮਣੇ ਆ ਸਕਦੀਆਂ ਹਨ। ਡਾਕਟਰਾਂ ਵਿੱਚ ਅਨਿਸ਼ਚਿਤਤਾ ਨੂੰ ਸਵੀਕਾਰ ਕਰਨ, ਲੋੜ ਪੈਣ 'ਤੇ ਸਲਾਹ ਲੈਣ ਅਤੇ ਮਰੀਜ਼ ਦੀ ਸੁਰੱਖਿਆ ਨੂੰ ਪਹਿਲ ਦੇਣ ਦੀ ਹਿੰਮਤ ਹੋਣੀ ਚਾਹੀਦੀ ਹੈ। ਇਸ ਲਈ ਚਿੱਟਾ ਕੋਟ ਸਿਰਫ਼ ਮਾਹਿਰਤਾ ਦਾ ਨਹੀਂ, ਸਗੋਂ ਇਮਾਨਦਾਰੀ ਦਾ ਵੀ ਪ੍ਰਤੀਕ ਹੋਣਾ ਚਾਹੀਦਾ ਹੈ।

ਪਰਿਵਾਰਾਂ ਦੀ ਭੂਮਿਕਾ

ਵ੍ਹਾਈਟ ਕੋਟ ਸਮਾਰੋਹ ਮਾਪਿਆਂ ਅਤੇ ਪਰਿਵਾਰਾਂ ਲਈ ਵੀ ਖ਼ੁਸ਼ੀ ਅਤੇ ਮਾਣ ਦਾ ਮੌਕਾ ਹੁੰਦਾ ਹੈ। ਕਈ ਸਫਲ ਮੈਡੀਕਲ ਵਿਦਿਆਰਥੀਆਂ ਦੇ ਪਿੱਛੇ ਅਜਿਹੇ ਮਾਪੇ ਹੁੰਦੇ ਹਨ ਜਿਨ੍ਹਾਂ ਨੇ ਔਖੇ ਸਮੇਂ ਵਿੱਚ ਉਨ੍ਹਾਂ ਦਾ ਹੌਸਲਾ ਵਧਾਇਆ, ਅਧਿਆਪਕਾਂ ਨੇ ਮਾਰਗਦਰਸ਼ਨ ਦਿੱਤਾ ਅਤੇ ਦੋਸਤਾਂ ਨੇ ਸਹਿਯੋਗ ਕੀਤਾ। ਪਰਿਵਾਰਾਂ ਨੇ ਲੰਬੀਆਂ ਤਿਆਰੀਆਂ, ਪ੍ਰੀਖਿਆਵਾਂ ਦੇ ਦਬਾਅ ਅਤੇ ਨਿਰਾਸ਼ਾ ਦੇ ਪਲ ਵੀ ਵੇਖੇ ਹੁੰਦੇ ਹਨ। ਜਦੋਂ ਇੱਕ ਵਿਦਿਆਰਥੀ ਆਖ਼ਰ ਚਿੱਟਾ ਕੋਟ ਪਹਿਨਦਾ ਹੈ, ਤਾਂ ਇਹ ਪ੍ਰਾਪਤੀ ਸਿਰਫ਼ ਉਸ ਦੀ ਨਹੀਂ ਰਹਿੰਦੀ, ਸਗੋਂ ਪੂਰੇ ਸਹਿਯੋਗੀ ਤੰਤਰ ਦੀ ਸਾਂਝੀ ਖ਼ੁਸ਼ੀ ਬਣ ਜਾਂਦੀ ਹੈ। ਮਾਪਿਆਂ ਲਈ ਇਹ ਭਾਵੁਕ ਪਲ ਹੁੰਦਾ ਹੈ, ਕਿਉਂਕਿ ਉਹ ਆਪਣੇ ਬੱਚੇ ਨੂੰ ਸਿਰਫ਼ ਵਿਦਿਆਰਥੀ ਵਜੋਂ ਨਹੀਂ, ਸਗੋਂ ਸੇਵਾ ਅਤੇ ਜ਼ਿੰਮੇਵਾਰੀ ਨਾਲ ਜੁੜੇ ਪੇਸ਼ੇ ਵਿੱਚ ਦਾਖ਼ਲ ਹੁੰਦੇ ਵੇਖਦੇ ਹਨ।

ਸਮਾਜ ਨਾਲ ਇੱਕ ਵਾਅਦਾ

ਡਾਕਟਰੀ ਉਹਨਾਂ ਪੇਸ਼ਿਆਂ ਵਿੱਚੋਂ ਇੱਕ ਹੈ ਜਿਸ ਵਿੱਚ ਵਿਅਕਤੀ ਦਾ ਗਿਆਨ ਸਿੱਧੇ ਤੌਰ 'ਤੇ ਦੂਜਿਆਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਸਮਾਜ ਡਾਕਟਰਾਂ 'ਤੇ ਵੱਡਾ ਭਰੋਸਾ ਕਰਦਾ ਹੈ। ਇਸ ਲਈ ਚਿੱਟੇ ਕੋਟ ਨੂੰ ਇੱਕ ਮੌਨ ਵਾਅਦੇ ਵਜੋਂ ਵੀ ਦੇਖਿਆ ਜਾ ਸਕਦਾ ਹੈ—ਲਗਾਤਾਰ ਸਿੱਖਦੇ ਰਹਿਣ ਦਾ, ਮਰੀਜ਼ਾਂ ਦੀ ਮਰਿਆਦਾ ਦਾ ਸਨਮਾਨ ਕਰਨ ਦਾ, ਇਮਾਨਦਾਰੀ ਨਾਲ ਕੰਮ ਕਰਨ ਦਾ, ਵਿਗਿਆਨਕ ਸਬੂਤਾਂ ਦਾ ਸਤਿਕਾਰ ਕਰਨ ਦਾ ਅਤੇ ਮਰੀਜ਼ ਦੀ ਭਲਾਈ ਨੂੰ ਪੇਸ਼ੇਵਰ ਜ਼ਿੰਮੇਵਾਰੀ ਦੇ ਕੇਂਦਰ ਵਿੱਚ ਰੱਖਣ ਦਾ।

ਇਸ ਦਾ ਇਹ ਅਰਥ ਨਹੀਂ ਕਿ ਡਾਕਟਰਾਂ ਤੋਂ ਗਲਤੀ ਰਹਿਤ ਹੋਣ ਦੀ ਉਮੀਦ ਕੀਤੀ ਜਾਂਦੀ ਹੈ। ਡਾਕਟਰ ਵੀ ਮਨੁੱਖ ਹਨ ਅਤੇ ਉਨ੍ਹਾਂ ਤੋਂ ਗਲਤੀਆਂ ਹੋ ਸਕਦੀਆਂ ਹਨ। ਪਰ ਪੇਸ਼ੇਵਰ ਉੱਤਮਤਾ ਲਈ ਆਪਣੀਆਂ ਗਲਤੀਆਂ ਨੂੰ ਪਛਾਣਨ, ਉਨ੍ਹਾਂ ਤੋਂ ਸਿੱਖਣ ਅਤੇ ਲਗਾਤਾਰ ਸੁਧਾਰ ਕਰਨ ਦੀ ਇੱਛਾ ਜ਼ਰੂਰੀ ਹੈ।

ਡਿਗਰੀ ਤੋਂ ਪਰੇ ਸੁਪਨੇ

ਹਰ ਨਵੇਂ ਐਮਬੀਬੀਸੀ ਵਿਦਿਆਰਥੀ ਦਾ ਆਪਣਾ ਵੱਖਰਾ ਸੁਪਨਾ ਹੁੰਦਾ ਹੈ। ਕੋਈ ਸਰਜਨ, ਕੋਈ ਫਿਜ਼ੀਸ਼ੀਅਨ, ਕੋਈ ਬਾਲ ਰੋਗ ਮਾਹਿਰ, ਕੋਈ ਰੇਡੀਓਲੋਜਿਸਟ, ਕੋਈ ਮਨੋਚਿਕਿਤਸਕ ਅਤੇ ਕੋਈ ਖੋਜਕਾਰ ਬਣਨਾ ਚਾਹ ਸਕਦਾ ਹੈ। ਕੁਝ ਵਿਦਿਆਰਥੀ ਪੇਂਡੂ ਸਿਹਤ-ਸੇਵਾ, ਜਨਤਕ ਸਿਹਤ, ਮੈਡੀਕਲ ਸਿੱਖਿਆ ਜਾਂ ਗਲੋਬਲ ਹੈਲਥ ਵਿੱਚ ਕੰਮ ਕਰ ਸਕਦੇ ਹਨ। ਕੁਝ ਬਾਇਓਮੈਡੀਕਲ ਖੋਜ ਜਾਂ ਨਵੀਆਂ ਮੈਡੀਕਲ ਤਕਨਾਲੋਜੀਆਂ ਦੇ ਵਿਕਾਸ ਵਿੱਚ ਯੋਗਦਾਨ ਪਾ ਸਕਦੇ ਹਨ।

ਐਮਬੀਬੀਸੀ ਦੀ ਡਿਗਰੀ ਕਈ ਦਰਵਾਜ਼ੇ ਖੋਲ੍ਹਦੀ ਹੈ, ਪਰ ਹਰ ਵਿਦਿਆਰਥੀ ਆਪਣੀ ਰੁਚੀ, ਯੋਗਤਾ, ਮੌਕਿਆਂ ਅਤੇ ਅਨੁਭਵਾਂ ਦੇ ਆਧਾਰ 'ਤੇ ਆਪਣੀ ਦਿਸ਼ਾ ਚੁਣੇਗਾ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਬੁਨਿਆਦ ਮਜ਼ਬੂਤ ਹੋਵੇ।

ਚਿੱਟੇ ਕੋਟ ਦਾ ਅਸਲ ਅਰਥ

ਚਿੱਟੇ ਕੋਟ ਦੀ ਮਹੱਤਤਾ ਸਮਾਰੋਹ ਖ਼ਤਮ ਹੋਣ ਦੇ ਨਾਲ ਖ਼ਤਮ ਨਹੀਂ ਹੋਣੀ ਚਾਹੀਦੀ।

ਇਸ ਦਾ ਅਰਥ ਵਿਦਿਆਰਥੀਆਂ ਦੇ ਰੋਜ਼ਾਨਾ ਵਿਹਾਰ ਵਿੱਚ ਦਿਖਾਈ ਦੇਣਾ ਚਾਹੀਦਾ ਹੈ—ਵਾਰਡ ਵਿੱਚ ਦਾਖ਼ਲ ਹੋਣ ਦੇ ਢੰਗ ਵਿੱਚ, ਮਰੀਜ਼ ਨਾਲ ਗੱਲ ਕਰਨ ਦੇ ਤਰੀਕੇ ਵਿੱਚ, ਨਰਸਾਂ ਨਾਲ ਵਿਹਾਰ ਵਿੱਚ, ਅਧਿਆਪਕਾਂ ਦੀ ਗੱਲ ਸੁਣਨ ਵਿੱਚ, ਗੁਪਤ ਜਾਣਕਾਰੀ ਸੰਭਾਲਣ ਵਿੱਚ ਅਤੇ ਆਪਣੀ ਪੜ੍ਹਾਈ ਪ੍ਰਤੀ ਰਵੱਈਏ ਵਿੱਚ। ਚਿੱਟੇ ਕੋਟ ਦੀ ਅਸਲ ਪਰਖ ਇਹ ਨਹੀਂ ਕਿ ਉਹ ਸਮਾਰੋਹ ਦੌਰਾਨ ਕਿੰਨਾ ਪ੍ਰਭਾਵਸ਼ਾਲੀ ਦਿਖਾਈ ਦਿੰਦਾ ਹੈ। ਅਸਲ ਪਰਖ ਇਹ ਹੈ ਕਿ ਜਦੋਂ ਕੋਈ ਦੇਖ ਨਹੀਂ ਰਿਹਾ ਹੁੰਦਾ, ਤਾਂ ਉਹ ਕੋਟ ਕਿਸ ਚੀਜ਼ ਦੀ ਨੁਮਾਇੰਦਗੀ ਕਰਦਾ ਹੈ।

ਜਿਹੜਾ ਮੈਡੀਕਲ ਵਿਦਿਆਰਥੀ ਇਮਾਨਦਾਰੀ ਨਾਲ ਪੜ੍ਹਦਾ ਹੈ, ਦੂਜਿਆਂ ਦਾ ਸਨਮਾਨ ਕਰਦਾ ਹੈ, ਆਲੋਚਨਾ ਨੂੰ ਸਵੀਕਾਰਦਾ ਹੈ, ਆਪਣੀਆਂ ਗਲਤੀਆਂ ਤੋਂ ਸਿੱਖਦਾ ਹੈ ਅਤੇ ਹਮੇਸ਼ਾ ਉਤਸੁਕ ਰਹਿੰਦਾ ਹੈ, ਉਹ ਜ਼ਿੰਮੇਵਾਰ ਡਾਕਟਰ ਬਣਨ ਦੇ ਗੁਣ ਪਹਿਲਾਂ ਹੀ ਵਿਕਸਿਤ ਕਰ ਰਿਹਾ ਹੁੰਦਾ ਹੈ।

ਗਿਆਨ ਅਤੇ ਸੇਵਾ ਦੀ ਯਾਤਰਾ

ਵ੍ਹਾਈਟ ਕੋਟ ਸਮਾਰੋਹ ਮੰਜ਼ਿਲ ਨਹੀਂ, ਸਗੋਂ ਸ਼ੁਰੂਆਤ ਦਾ ਪ੍ਰਤੀਕ ਹੈ। ਅੱਜ ਆਪਣੇ ਨਵੇਂ ਚਿੱਟੇ ਕੋਟ ਵਿੱਚ ਮਾਣ ਨਾਲ ਖੜ੍ਹੇ ਇਹ ਵਿਦਿਆਰਥੀ ਭਵਿੱਖ ਵਿੱਚ ਅਜਿਹੇ ਮਰੀਜ਼ਾਂ ਨੂੰ ਮਿਲਣਗੇ ਜਿਨ੍ਹਾਂ ਦੀ ਜ਼ਿੰਦਗੀ ਉਨ੍ਹਾਂ ਦੇ ਫ਼ੈਸਲਿਆਂ ਨਾਲ ਪ੍ਰਭਾਵਿਤ ਹੋ ਸਕਦੀ ਹੈ। ਉਹ ਗੁੰਝਲਦਾਰ ਬਿਮਾਰੀਆਂ, ਅਚਾਨਕ ਐਮਰਜੈਂਸੀਆਂ, ਔਖੀਆਂ ਗੱਲਬਾਤਾਂ ਅਤੇ ਮਨੁੱਖੀ ਪੀੜਾ ਦੇ ਬਹੁਤ ਸੰਵੇਦਨਸ਼ੀਲ ਪਲਾਂ ਦਾ ਸਾਹਮਣਾ ਕਰਨਗੇ।

ਉਨ੍ਹਾਂ ਦੀ ਸਿੱਖਿਆ ਉਨ੍ਹਾਂ ਨੂੰ ਸਰੀਰ ਦੀ ਬਣਤਰ ਅਤੇ ਬਿਮਾਰੀਆਂ ਦੇ ਇਲਾਜ ਬਾਰੇ ਸਿਖਾਏਗੀ। ਪਰ ਉਨ੍ਹਾਂ ਦੇ ਅਨੁਭਵ ਉਨ੍ਹਾਂ ਨੂੰ ਇੱਕ ਹੋਰ ਵੀ ਮਹੱਤਵਪੂਰਨ ਗੱਲ ਸਿਖਾਉਣਗੇ—ਦੂਜੇ ਮਨੁੱਖ ਦੀ ਸੱਚੇ ਦਿਲੋਂ ਦੇਖਭਾਲ ਕਰਨ ਦਾ ਅਰਥ।

ਇਹ ਯਾਤਰਾ ਮਿਹਨਤ ਦੀ ਮੰਗ ਕਰੇਗੀ, ਪਰ ਇਸ ਵਿੱਚ ਅਸਾਧਾਰਣ ਸੰਤੁਸ਼ਟੀ ਵੀ ਹੋ ਸਕਦੀ ਹੈ। ਇੱਕ ਦਿਨ ਇਹੀ ਵਿਦਿਆਰਥੀ ਉਸੇ ਚਿੱਟੇ ਕੋਟ ਨੂੰ ਪਹਿਨ ਕੇ ਓਪਰੇਸ਼ਨ ਥੀਏਟਰ ਵਿੱਚ ਦਾਖ਼ਲ ਹੋਣਗੇ, ਮਰੀਜ਼ ਦੀ ਜਾਂਚ ਕਰਨਗੇ, ਐਮਰਜੈਂਸੀ ਵਿਭਾਗ ਵਿੱਚ ਕੰਮ ਕਰਨਗੇ, ਖੋਜ ਕਰਨਗੇ ਜਾਂ ਮੈਡੀਕਲ ਵਿਦਿਆਰਥੀਆਂ ਦੀ ਅਗਲੀ ਪੀੜ੍ਹੀ ਨੂੰ ਪੜ੍ਹਾਉਣਗੇ। ਕੋਟ ਬਾਹਰੋਂ ਉਹੀ ਰਹੇਗਾ, ਪਰ ਹਰ ਅਨੁਭਵ ਦੇ ਨਾਲ ਉਸ ਦਾ ਅਰਥ ਹੋਰ ਡੂੰਘਾ ਹੁੰਦਾ ਜਾਵੇਗਾ।

ਨਿਸ਼ਕਰਸ਼

ਚਿੱਟੇ ਕੋਟ, ਨਵੇਂ ਸੁਪਨੇ—ਇਹ ਸ਼ਬਦ ਇੱਕ ਨਵੀਂ ਡਾਕਟਰੀ ਯਾਤਰਾ ਦੀ ਭਾਵਨਾ ਨੂੰ ਬਹੁਤ ਸੁੰਦਰ ਢੰਗ ਨਾਲ ਪ੍ਰਗਟ ਕਰਦੇ ਹਨ। ਚਿੱਟਾ ਕੋਟ ਗਿਆਨ ਦਾ ਪ੍ਰਤੀਕ ਹੈ, ਪਰ ਇਹ ਜ਼ਿੰਮੇਵਾਰੀ ਦਾ ਵੀ ਪ੍ਰਤੀਕ ਹੈ। ਇਹ ਪੇਸ਼ੇਵਰ ਪਛਾਣ ਨੂੰ ਦਰਸਾਉਂਦਾ ਹੈ, ਪਰ ਨਾਲ ਹੀ ਨਿਮਰਤਾ ਦੀ ਯਾਦ ਦਿਵਾਉਂਦਾ ਹੈ। ਇਹ ਪ੍ਰਾਪਤੀ ਦਾ ਪ੍ਰਤੀਕ ਹੈ, ਪਰ ਇਹ ਵੀ ਯਾਦ ਦਿਵਾਉਂਦਾ ਹੈ ਕਿ ਅਜੇ ਬਹੁਤ ਕੁਝ ਸਿੱਖਣਾ ਬਾਕੀ ਹੈ। ਅੱਜ ਦੇ ਐਮਬੀਬੀਸੀ ਵਿਦਿਆਰਥੀਆਂ ਦੀ ਯਾਤਰਾ ਹੁਣੇ ਸ਼ੁਰੂ ਹੋਈ ਹੈ। ਉਨ੍ਹਾਂ ਨੂੰ ਪ੍ਰੀਖਿਆਵਾਂ ਪਾਸ ਕਰਨੀਆਂ ਹਨ, ਹੁਨਰ ਸਿੱਖਣੇ ਹਨ, ਮਰੀਜ਼ਾਂ ਨੂੰ ਮਿਲਣਾ ਹੈ, ਚੁਣੌਤੀਆਂ ਦਾ ਸਾਹਮਣਾ ਕਰਨਾ ਹੈ ਅਤੇ ਅਣਗਿਣਤ ਸਬਕ ਸਿੱਖਣੇ ਹਨ। ਉਹ ਗਿਆਨ ਨੂੰ ਉਤਸੁਕਤਾ ਨਾਲ ਅਪਣਾਉਣ, ਡਾਕਟਰੀ ਪੇਸ਼ੇ ਨੂੰ ਇਮਾਨਦਾਰੀ ਨਾਲ ਨਿਭਾਉਣ, ਹਰ ਮਰੀਜ਼ ਨਾਲ ਹਮਦਰਦੀ ਨਾਲ ਪੇਸ਼ ਆਉਣ ਅਤੇ ਬਿਮਾਰੀ ਦੇ ਪਿੱਛੇ ਮੌਜੂਦ ਮਨੁੱਖ ਨੂੰ ਕਦੇ ਨਾ ਭੁੱਲਣ। ਚਿੱਟਾ ਕੋਟ ਪਹਿਨਣ ਦਾ ਅਸਲ ਸਨਮਾਨ ਉਸ ਪਹਿਰਾਵੇ ਤੋਂ ਨਹੀਂ, ਸਗੋਂ ਉਸ ਵਿਅਕਤੀ ਦੇ ਗਿਆਨ, ਚਰਿੱਤਰ, ਸੇਵਾ-ਭਾਵਨਾ ਅਤੇ ਮਨੁੱਖਤਾ ਤੋਂ ਮਿਲੇਗਾ ਜੋ ਇਸ ਨੂੰ ਪਹਿਨਦਾ ਹੈ।

'ਪੈਗਾਮ-ਏ-ਜਗਤ' 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਮੁਹਾਲੀ (ਚੰਡੀਗੜ੍ਹ) ਕੋਰਟ ਵਿੱਚ ਹੀ ਹੋਵੇਗਾ। ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। -ਸੰਪਾਦਕ, ਪੈਗਾਮ-ਏ-ਜਗਤ

ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਤਹਿਤ ਦਲਵੀਰ ਕੌਰ ਨੂੰ ਮਿਲਿਆ 2 ਲੱਖ ਰੁਪਏ ਦਾ ਕਲੇਮ

- ਐਸਬੀਆਈ ਬੈਂਕ ਹਮੀਦੀ ਬ੍ਰਾਂਚ ਵੱਲੋਂ ਬੀਮਾ ਕਲੇਮ ਦਾ ਚੈੱਕ ਭੇਟ; ਮੈਨੇਜਰ ਦੀਪਕ ਕੁਮਾਰ ਨੇ ਲੋਕਾਂ ਨੂੰ ਬੈਂਕ ਦੀਆਂ ਭਲਾਈ ਸਕੀਮਾਂ ਦਾ ਲਾਭ ਲੈਣ ਲਈ ਕੀਤਾ ਪ੍ਰੇਰਿਤ



ਪੈ.ਗਾਮ-ਏ-ਜਗਤ
ਬਰਨਾਲਾ/ਮਹਿਲ ਕਲਾਂ
(ਦਵਿੰਦਰਪਾਲ ਸਿੰਘ ਹਮੀਦੀ)

ਭਾਰਤੀ ਸਟੇਟ ਬੈਂਕ (ਐਸਬੀਆਈ) ਦੀ ਪਿੰਡ ਹਮੀਦੀ ਸਥਿਤ ਬ੍ਰਾਂਚ ਵੱਲੋਂ ਬੈਂਕ ਮੈਨੇਜਰ ਦੀਪਕ ਕੁਮਾਰ ਦੀ ਅਗਵਾਈ ਹੇਠ ਲੋਕਾਂ ਨੂੰ ਬੈਂਕ ਦੀਆਂ ਵੱਖ-ਵੱਖ ਲੋਕ-ਭਲਾਈ ਅਤੇ ਵਿੱਤੀ ਸੁਰੱਖਿਆ ਸਕੀਮਾਂ ਸਬੰਧੀ ਜਾਗਰੂਕ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਤਹਿਤ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਅਧੀਨ ਸਹਿਜੜਾ ਵਾਸੀ ਦਲਵੀਰ ਕੌਰ ਨੂੰ 2 ਲੱਖ ਰੁਪਏ ਦੇ ਬੀਮਾ ਕਲੇਮ ਦਾ ਚੈੱਕ ਭੇਟ ਕੀਤਾ ਗਿਆ।ਇਸ ਮੌਕੇ ਐਸਬੀਆਈ ਬੈਂਕ ਹਮੀਦੀ ਬ੍ਰਾਂਚ ਦੇ ਮੈਨੇਜਰ ਦੀਪਕ ਕੁਮਾਰ ਨੇ ਦਲਵੀਰ ਕੌਰ ਪਤਨੀ ਬਲਵੀਰ ਸਿੰਘ, ਪੁੱਤਰ ਜੰਗੀਰ ਸਿੰਘ, ਵਾਸੀ ਸਹਿਜੜਾ ਨੂੰ 2 ਲੱਖ ਰੁਪਏ ਦੇ ਕਲੇਮ ਦੀ ਰਕਮ ਦਾ ਚੈੱਕ ਸੌਂਪਿਆ।

ਬੈਂਕ ਵੱਲੋਂ ਕੀਤੀ ਇਸ ਪਹਿਲ ਨਾਲ ਲਾਭਪਾਤਰੀ ਪਰਿਵਾਰ ਨੂੰ ਆਰਥਿਕ ਸਹਾਰਾ ਮਿਲਿਆ ਹੈ। ਇਸ ਮੌਕੇ ਬੈਂਕ ਮੈਨੇਜਰ ਦੀਪਕ ਕੁਮਾਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਆਮ ਲੋਕਾਂ ਲਈ ਇੱਕ ਮਹੱਤਵਪੂਰਨ ਸਮਾਜਿਕ ਸੁਰੱਖਿਆ ਯੋਜਨਾ ਹੈ, ਜਿਸ ਦਾ ਮਕਸਦ ਕਿਸੇ ਅਣਸੁਖਾਵੀਂ ਘਟਨਾ ਦੀ ਸਥਿਤੀ ਵਿੱਚ ਬੀਮਾਧਾਰਕ ਦੇ ਪਰਿਵਾਰ ਨੂੰ ਆਰਥਿਕ ਸਹਾਇਤਾ ਪ੍ਰਦਾਨ ਕਰਨਾ ਹੈ।

ਉਨ੍ਹਾਂ ਕਿਹਾ ਕਿ ਲੋਕਾਂ ਨੂੰ ਅਜਿਹੀਆਂ ਸਰਕਾਰੀ ਬੀਮਾ ਯੋਜਨਾਵਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ ਅਤੇ ਯੋਗਤਾ ਅਨੁਸਾਰ ਇਨ੍ਹਾਂ ਦਾ ਲਾਭ ਲੈਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਹਰ ਪਰਿਵਾਰ ਲਈ ਆਰਥਿਕ ਸੁਰੱਖਿਆ ਬੇਹੱਦ ਜ਼ਰੂਰੀ ਹੈ। ਬੈਂਕ ਵੱਲੋਂ ਗਾਹਕਾਂ ਦੀ ਸਹੂਲਤ ਲਈ ਵੱਖ-ਵੱਖ ਬੈਂਕਿੰਗ ਅਤੇ ਲੋਕ-ਭਲਾਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਸਕੀਮਾਂ ਦਾ ਮਕਸਦ ਲੋਕਾਂ ਨੂੰ ਬੱਚਤ, ਬੀਮਾ ਅਤੇ ਹੋਰ ਵਿੱਤੀ ਸੇਵਾਵਾਂ ਨਾਲ ਜੋੜ ਕੇ ਉਨ੍ਹਾਂ ਦੇ ਭਵਿੱਖ ਨੂੰ ਵਧੇਰੇ ਸੁਰੱਖਿਅਤ ਬਣਾਉਣਾ ਹੈ।ਬੈਂਕ ਮੈਨੇਜਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬੈਂਕ ਦੀ ਬ੍ਰਾਂਚ ਨਾਲ ਸੰਪਰਕ ਕਰਕੇ ਉਪਲਬਧ ਵੱਖ-ਵੱਖ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਲੈਣ ਅਤੇ ਆਪਣੀ ਲੋੜ ਮੁਤਾਬਕ ਇਨ੍ਹਾਂ ਦਾ ਲਾਭ ਜ਼ਰੂਰ ਲੈਣ। ਉਨ੍ਹਾਂ ਕਿਹਾ ਕਿ ਬੈਂਕ ਸਿਰਫ਼ ਬੈਂਕਿੰਗ ਸੇਵਾਵਾਂ ਤੱਕ ਸੀਮਤ ਨਹੀਂ, ਸਗੋਂ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ-ਭਲਾਈ ਯੋਜਨਾਵਾਂ ਦਾ ਲਾਭ ਯੋਗ ਲੋਕਾਂ ਤੱਕ ਪਹੁੰਚਾਉਣ ਲਈ ਵੀ ਆਪਣੀ ਭੂਮਿਕਾ ਨਿਭਾ ਰਿਹਾ ਹੈ।ਇਸ ਮੌਕੇ ਬੈਂਕ ਦੇ ਸਹਾਇਕ ਸੰਦੀਪ ਸਿੰਘ, ਟੀਨੂ ਗਰਗ ਅਤੇ ਆਰਮਗਾਡ ਇੰਦਰਜੀਤ ਸਿੰਘ ਤੋਂ ਇਲਾਵਾ ਜਥੇਦਾਰ ਕੌਰ ਸਿੰਘ ਰਾਣੂ, ਮਹਿੰਦਰ ਸਿੰਘ ਹਮੀਦੀ, ਸੁਰਿੰਦਰ ਸਿੰਘ,ਸੇਵਾ ਮੁਕਤ ਪ੍ਰਿੰਸੀਪਲ, ਬਲਦੇਵ ਸਿੰਘ ਰਾਣੂ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ। ਬੈਂਕ ਪ੍ਰਬੰਧਕ ਵੱਲੋਂ ਲੋਕਾਂ ਨੂੰ ਸਰਕਾਰੀ ਬੀਮਾ ਯੋਜਨਾਵਾਂ ਸਬੰਧੀ ਜਾਗਰੂਕ ਕਰਦਿਆਂ ਕਿਹਾ ਗਿਆ ਕਿ ਅਜਿਹੀਆਂ ਯੋਜਨਾਵਾਂ ਨਾਲ ਜੁੜ ਕੇ ਪਰਿਵਾਰ ਅਣਸੁਖਾਵੀਂ ਸਥਿਤੀ ਵਿੱਚ ਪੈਦਾ ਹੋਣ ਵਾਲੀਆਂ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ ਕੁਝ ਹੱਦ ਤੱਕ ਸੁਰੱਖਿਆ ਪ੍ਰਾਪਤ ਕਰ ਸਕਦੇ ਹਨ। ਇਸ ਮੌਕੇ ਹਾਜ਼ਰ ਲੋਕਾਂ ਨੇ ਬੈਂਕ ਵੱਲੋਂ ਕੀਤੇ ਜਾ ਰਹੇ ਅਜਿਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਨੇ 50 ਵਿਦਿਆਰਥਣਾਂ ਨੂੰ ਵੰਡੀ ਸਟੇਸ਼ਨਰੀ



ਪਟਿਆਲਾ, 23 ਸਤੰਬਰ
(ਪੈ.ਗਾਮ-ਏ-ਜਗਤ)

ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਸਮਾਜ ਦੀ ਭਲਾਈ ਲਈ ਚੰਗਾ ਕਾਰਜ ਕਰ ਰਹੀ ਹੈ। ਸਮੇਂ—ਸਮੇਂ ਤੇ ਬੱਚਿਆਂ, ਅਧਿਆਪਕਾਂ ਦਾ ਸਨਮਾਨ ਵੀ ਕੀਤਾ ਜਾਂਦਾ ਹੈ।ਅੱਜ ਵੀ ਸਰਕਾਰੀ ਵਿਕਟੋਰੀਆ ਗਰਲਜ਼ ਸਕੂਲ ਵਿਖੇ 50 ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ ਅਤੇ ਬੱਚਿਆਂ ਨੂੰ ਹੌਂਸਲਾ ਦਿੱਤਾ ਕਿ ਇਹ ਉਹਨਾਂ ਨੂੰ ਇਨਾਮ ਵਜੋਂ ਦਿੱਤੀ ਗਈ ਹੈ ਅਤੇ ਪੜ੍ਹਾਈ ਵਿੱਚ ਮੱਲਾਂ ਮਾਰਨੀਆਂ ਹਨ। ਇਸ ਸਕੂਲ ਵਿੱਚ ਡਾ. ਦਿਨੇਸ਼ ਕੁਮਾਰ ਨੂੰ ਅਧਿਆਪਕ ਦੇ ਤੌਰ ਤੇ ਰਾਸ਼ਟਰੀ ਐਵਾਰਡ ਵੀ ਮਿਲ ਚੁੱਕਾ ਹੈ।ਜੋ ਇਸ ਸਕੂਲ ਲਈ ਮਾਣ ਦੀ ਗੱਲ ਹੈ। ਬੱਚੇ ਪੜ੍ਹਾਈ ਵਿੱਚ ਮੱਲਾਂ ਮਾਰਨ ਤਾਂ ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਖਾਸ ਤੌਰ ਤੇ ਇਨ੍ਹਾਂ ਦਾ ਸਨਮਾਨ ਕਰੇਗੀ। ਮੈਰਿਟ ਵਿੱਚ ਆ ਕੇ ਅਧਿਆਪਕਾਂ, ਮਾਤਾ—ਪਿਤਾ ਦਾ ਸਨਮਾਨ ਵੀ ਵਧਦਾ ਹੈ, ਪ੍ਰਿਸੀਪਲ ਰਾਜੇਸ਼ ਕੁਮਾਰ ਨੇ ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਵਿਜੇ ਕੁਮਾਰ ਗੋਇਲ ਅਤੇ ਵਿੱਤ ਸਕੱਤਰ ਸ੍ਰੀ ਕਮਲ ਗੋਇਲ ਦਾ ਬੱਚਿਆਂ ਨੂੰ ਸਟੇਸ਼ਨਰੀ ਦੇਣ ਤੇ ਧੰਨਵਾਦ ਵੀ ਕੀਤਾ ਗਿਆ।

ਇਸ ਮੌਕੇ ਅਧਿਆਪਕ ਮੀਨੂੰ ਗਰਗ, ਅਨੂ ਗਰਗ, ਰੀਤੂ ਜਿੰਦਲ, ਪ੍ਰਵੀਨ ਲਤਾ, ਮਹਿਕ ਅਤੇ ਪਟਿਆਲਾ ਸ਼ੋਸ਼ਲ ਵੈਲਫੇਅਰ ਸੁਸਾਇਟੀ ਦੇ ਵਿੱਤ ਸਕੱਤਰ ਕਮਲ ਗੋਇਲ ਵੀ ਹਾਜਰ ਸਨ।

ਹਰਚੰਦ ਸਿੰਘ ਬਰਸਟ ਨੇ ਪਟਿਆਲਾ ਸੋਸ਼ਲ ਵੈਲਫੇਅਰ ਸੁਸਾਇਟੀ ਦੀ 'ਪਲਾਸਟਿਕ ਮੁਕਤ ਮੁਹਿੰਮ' ਦਾ ਕੀਤਾ ਆਗਾਜ਼



ਪਟਿਆਲਾ, 23 ਸਤੰਬਰ
(ਪੈ.ਗਾਮ-ਏ-ਜਗਤ)

ਸ੍ਰ. ਹਰਚੰਦ ਸਿੰਘ ਬਰਸਟ ਚੇਅਰਮੈਨ ਪੰਜਾਬ ਮੰਡੀ ਬੋਰਡ ਨੂੰ ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਦਿੱਤੇ ਗਏ ਜੂਟ ਦੇ ਥੈਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਇਹ ਸੋਸਾਇਟੀ ਲਗਭਗ 20 ਸਾਲਾਂ ਤੋਂ ਪਲਾਸਟਿਕ ਦੇ ਸਿੰਗਲ ਵਰਤੋ ਵਾਲੇ ਲਿਫਾਫਿਆ ਦੀ ਵਰਤੋ ਨਾ ਕੀਤੀ ਜਾਵੇ, ਸਾਨੂੰ ਕੱਪੜੇ ਜਾਂ ਜੂਟ ਦੇ ਥੈਲਿਆਂ ਦੀ ਵਰਤੋ ਕੀਤੀ ਜਾਣੀ ਚਾਹੀਦੀ ਹੈ। ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਕਿ ਬਿਮਾਰੀਆਂ ਤੋਂ ਬੱਚਿਆ ਜਾ ਸਕੇ। ਪਲਾਸਟਿਕ ਦੀ ਵਰਤੋ ਨਾਲ ਕੈਂਸਰ ਜਾਂ ਹੋਰ ਬਿਮਾਰੀਆਂ ਵੀ ਹੋ ਜਾਂਦੀਆਂ ਹਨ।

ਸਭ ਤੋਂ ਵਧੀਆ ਬਚਾਓ ਦਾ ਤਰੀਕਾ ਹੈ ਅਸੀਂ ਬਜਾਰ ਤੋਂ ਸਮਾਨ ਕੱਪੜੇ ਜਾਂ ਜੂਟ ਦੇ ਥੈਲਿਆਂ ਵਿੱਚ ਲੈ ਕੇ ਆਓ, ਸਮਾਨ ਵੀ ਸੁਰੱਖਿਅਤ ਅਤੇ ਅਸੀਂ ਵੀ ਸੁਰੱਖਿਅਤ। ਪਲਾਸਟਿਕ ਦੇ ਲਿਫਾਫੇ ਵਿੱਚ ਲਿਆਦਾ ਸਮਾਨ ਵਿੱਚ ਉੱਲੀ ਲਗ ਜਾਂਦੀ ਹੈ, ਪਹਿਲਾਂ ਲੋਕ ਘਰਾਂ ਵਿੱਚ ਹੀ ਪੁਰਾਣੇ ਕੱਪੜਿਆਂ ਦੇ ਥੈਲੇ ਬਣਾ ਕੇ ਬਜਾਰ ਤੋਂ ਸਮਾਨ ਲੈ ਕੇ ਆਉਂਦੇ ਸਨ। ਪਲਾਸਟਿਕ ਦੇ ਲਿਫਾਫੇ ਵਿੱਚ ਲਿਆਦਾ ਸਮਾਨ ਲਿਫਾਫਾ ਫੱਟ ਕੇ ਨੁਕਸਾਨ ਵੀ ਹੁੰਦਾ ਹੈ ਅਤੇ ਬਿਮਾਰੀਆਂ ਨੂੰ ਵੀ ਸਹੇੜਦਾ ਹੈ। ਸ੍ਰ. ਹਰਚੰਦ ਸਿੰਘ ਬਰਸਟ ਚੇਅਰਮੈਨ ਨੇ ਭਰੋਸਾ ਦਿੱਤਾ ਕਿ ਉਹ ਵੀ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਪਲਾਸਟਿਕ ਦੇ ਲਿਫਾਫੇ ਦੀ ਬਜਾਏ ਕੱਪੜੇ ਜਾਂ ਜੂਟ ਦੇ ਥੈਲੇ ਦੀ ਵਰਤੋ ਕਰਨ। ਇਸ ਅਵਸਰ ਤੇ ਵਿਜੇ ਕੁਮਾਰ ਗੋਇਲ ਪ੍ਰਧਾਨ, ਡਾ. ਪਰਮਿੰਦਰ ਸਿੰਘ ਸਾਬਕਾ ਪ੍ਰਿੰਸੀਪਲ, ਪ੍ਰੋ. ਸੰਦੀਪ ਜਿੰਦਲ, ਸ੍ਰ. ਹਰਿੰਦਰ ਸਿੰਘ ਧਬਲਾਨ ਪੀ.ਏ. ਹਰਚੰਦ ਸਿੰਘ ਬਰਸਟ ਵੀ ਹਾਜਰ ਸਨ।

ਵੈਟਨਰੀ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਏਮਜ਼ ਨਵੀਂ ਦਿੱਲੀ ਵਿਖੇ ਰਾਸ਼ਟਰੀ ਜੈਵਿਕ- ਸੁਰੱਖਿਆ ਸੰਵਾਦ ਵਿੱਚ ਯੋਗਦਾਨ ਪਾਇਆ



ਲੁਧਿਆਣਾ 23 ਸਤੰਬਰ
(ਪੈ.ਗਾਮ-ਏ-ਜਗਤ)

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਦੇ 'ਸੈਂਟਰ ਫਾਰ ਵਨ ਹੈਲਥ' ਦੇ ਨਿਰਦੇਸ਼ਕ, ਡਾ. ਜਸਬੀਰ ਸਿੰਘ ਬੇਦੀ ਨੇ ÷ਭਾਰਤ ਵਿੱਚ ਜੈਵਿਕ- ਸੁਰੱਖਿਆ ਪ੍ਰਯੋਗਸ਼ਾਲਾਵਾਂ ਬਾਰੇ ਦੂਜੀ ਤਕਨੀਕੀ ਵਰਕਿੰਗ ਗਰੁੱਪ ਮੀਟਿੰਗ÷ ਵਿੱਚ ਹਿੱਸਾ ਲਿਆ। ਇਹ ਚਾਰ-ਰੋਜ਼ਾ ਸਮਾਗਮ ਏਮਜ਼, ਨਵੀਂ ਦਿੱਲੀ ਵਿਖੇ ਆਯੋਜਿਤ ਕੀਤਾ ਗਿਆ ਸੀ।

ਡਾ. ਜਤਿੰਦਰ ਪਾਲ ਸਿੰਘ ਗਿੱਲ, ਉਪ ਕੁਲਪਤੀ ਨੇ ਇਸ ਵੱਕਾਰੀ ਮੀਟਿੰਗ ਵਿੱਚ ਯੂਨੀਵਰਸਿਟੀ ਦੀ ਨੁਮਾਇੰਦਗੀ ਕਰਨ ਲਈ 'ਸੈਂਟਰ ਫਾਰ ਵਨ ਹੈਲਥ' ਦੇ ਵਿਗਿਆਨੀਆਂ ਨੂੰ ਵਧਾਈ ਦਿੱਤੀ।

ਇਹ ਸਮਾਗਮ ਜੈਵਿਕ- ਸੁਰੱਖਿਆ ਅਤੇ ਵਿਸ਼ੇਸ਼ ਰੋਗਾਣੂਆਂ ਬਾਰੇ ਖੋਜ ਦੀ ਤਿਆਰੀ 'ਤੇ ਰਾਸ਼ਟਰੀ ਰਣਨੀਤਕ ਸੰਵਾਦ ਦਾ ਮੁੱਖ ਹਿੱਸਾ ਸੀ। ਇਸ ਸੰਵਾਦ ਵਿੱਚ ਪ੍ਰਮੁੱਖ ਸੰਸਥਾਵਾਂ ਦੇ ਉੱਘੇ ਵਿਗਿਆਨੀ ਅਤੇ ਵਿਸ਼ਾ ਮਾਹਰ ਇਕੱਠੇ ਹੋਏ, ਜਿਨ੍ਹਾਂ ਵਿੱਚ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ, ਨੈਸ਼ਨਲ ਇੰਸਟੀਚਿਊਟ ਆਫ਼ ਵਾਇਰੋਲੋਜੀ, ਨੈਸ਼ਨਲ ਸੈਂਟਰ ਫਾਰ ਡਿਜ਼ੀਜ਼ ਕੰਟਰੋਲ, ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਆਰਗੇਨਾਈਜ਼ੇਸ਼ਨ/ ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਇਸਟੈਬਲਿਸ਼ਮੈਂਟ, ਏਮਜ਼ ਨਵੀਂ ਦਿੱਲੀ, ਬਾਇਓਟੈਕਨਾਲੋਜੀ ਵਿਭਾਗ, ਵਿਗਿਆਨ ਅਤੇ ਤਕਨਾਲੋਜੀ ਵਿਭਾਗ ਅਤੇ ਹੋਰ ਪ੍ਰਮੁੱਖ ਸੰਸਥਾਵਾਂ ਸ਼ਾਮਲ ਸਨ।

ਡਾ. ਬੇਦੀ ਨੇ ਦੇਸ਼ ਭਰ ਦੇ 25 ਚੋਣਵੇਂ ਵਿਗਿਆਨੀਆਂ ਦੇ ਸਮੂਹ ਨੂੰ ÷ਜ਼ੂਨੋਸਿਸ (ਜਾਨਵਰਾਂ ਤੋਂ ਮਨੁੱਖਾਂ ਵਿੱਚ ਫੈਲਣ ਵਾਲੀਆਂ ਬਿਮਾਰੀਆਂ) ਦੀ ਰੋਕਥਾਮ, ਨਿਗਰਾਨੀ ਅਤੇ ਜੋਖਮ ਘਟਾਉਣ ਲਈ ਭਾਈਚਾਰਾ-ਅਧਾਰਿਤ 'ਵਨ ਹੈਲਥ' ਰਣਨੀਤੀਆਂ÷ ਵਿਸ਼ੇ 'ਤੇ ਇੱਕ ਮਾਹਰ ਲੈਕਚਰ ਵੀ ਦਿੱਤਾ। ਡਾ. ਬੇਦੀ ਨੇ ਰਾਸ਼ਟਰੀ ਸਿਹਤ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਭਾਈਚਾਰਾ-ਕੇਂਦਰਿਤ ਨਿਗਰਾਨੀ, ਬਹੁ-ਖੇਤਰੀ ਤਾਲਮੇਲ, ਜ਼ੂਨੋਟਿਕ ਖਤਰਿਆਂ ਦੀ ਸ਼ੁਰੂਆਤੀ ਪਛਾਣ ਅਤੇ ਸਥਾਨਕ ਪੱਧਰ 'ਤੇ ਢੁੱਕਵੇਂ ਜੋਖਮ-ਘਟਾਉਣ ਦੇ ਉਪਾਵਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸੇ ਸੈਂਟਰ ਦੇ ਡਾ: ਪੰਕਜ ਢਾਕਾ ਨੂੰ ਤਕਨੀਕੀ ਕਾਰਜ ਸਮੂਹ ਲਈ ਵੀ ਨਾਮਜ਼ਦ ਕੀਤਾ ਗਿਆ ਸੀ, ਜਿਸ ਨਾਲ ਰਾਸ਼ਟਰੀ ਜੈਵਿਕ ਸੁਰੱਖਿਆ ਮਾਰਗਦਰਸ਼ਨ ਦੇ ਵਿਕਾਸ ਵਿੱਚ ਯੂਨੀਵਰਸਿਟੀ ਦੇ ਯੋਗਦਾਨ ਨੂੰ ਹੋਰ ਮਜ਼ਬੂਤੀ ਮਿਲੀ। ਡਾ: ਵਿਕਰਮ ਸੈਣੀ, ਏਮਜ਼, ਨਵੀਂ ਦਿੱਲੀ ਅਤੇ SOTER, ਰੋਸਵੈੱਲ, ਜਾਰਜੀਆ, ਅਮਰੀਕਾ ਤੋਂ ਅੰਤਰਰਾਸ਼ਟਰੀ ਮਾਹਰ ਨਤਾਸ਼ਾ ਕੇ. ਗ੍ਰਿਫਿਥ ਦੁਆਰਾ ਤਾਲਮੇਲ ਕੀਤਾ ਗਿਆ ਇਹ ਪ੍ਰੋਗਰਾਮ ਪ੍ਰਯੋਗਸ਼ਾਲਾ ਮਾਪਦੰਡਾਂ ਅਤੇ ਉੱਚ-ਨਿਯੰਤਰਣ ਸਹੂਲਤ ਕਾਰਜਾਂ 'ਤੇ ਕੇਂਦ੍ਰਿਤ ਸੀ। ਇਹ ਭਾਗੀਦਾਰੀ ਵਨ ਹੈਲਥ, ਜ਼ੂਨੋਸਿਸ ਰੋਕਥਾਮ ਅਤੇ ਜੈਵਿਕ ਸੁਰੱਖਿਆ ਤਿਆਰੀ ਵਿੱਚ ਯੂਨੀਵਰਸਿਟੀ ਦੀ ਵਧਦੀ ਰਾਸ਼ਟਰੀ ਅਗਵਾਈ ਨੂੰ ਦਰਸਾਉਂਦੀ ਹੈ।

ਫੋਟੋਗ੍ਰਾਫਰਸ ਵੈਲਫੇਅਰ ਕਲੱਬ, ਪਟਿਆਲਾ ਵੱਲੋਂ ਪੰਜਾਬ ਮੰਡੀ ਬੋਰਡ ਦੇ ਸੀਨੀਅਰ ਫੋਟੋਗ੍ਰਾਫਰ ਅਰਵਿੰਦਰ ਸਿੰਘ ਦਾ ਸਨਮਾਨ



ਐਸ.ਏ.ਐਸ. ਨਗਰ (ਮੁਹਾਲੀ),
23 ਸਤੰਬਰ (ਪੈ.ਗਾਮ-ਏ-ਜਗਤ)

ਫੋਟੋਗ੍ਰਾਫਰਸ ਵੈਲਫੇਅਰ ਕਲੱਬ, ਪਟਿਆਲਾ ਵੱਲੋਂ ਫੋਟੋਗ੍ਰਾਫਰਸ ਵੈਲਫੇਅਰ ਐਸੋਸੀਏਸ਼ਨ ਆਫ਼ ਪੰਜਾਬ ਦੇ ਸਹਿਯੋਗ ਨਾਲ ਫੋਰਟ ਪਟਿਆਲਾ ਵਿਖੇ ਪਟਿਆਲਾ ਫੋਟੋ ਐਗਜ਼ੀਬਿਸ਼ਨ 2026 ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਦੌਰਾਨ ਫੋਟੋਗ੍ਰਾਫਰਸ ਵੈਲਫੇਅਰ ਕਲੱਬ ਦੇ ਚੇਅਰਮੈਨ ਦਰਸ਼ਨ ਆਹੂਜਾ ਅਤੇ ਪ੍ਰਧਾਨ ਰਾਜ ਕੁਮਾਰ ਬੰਗਾ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਸ਼ਲਾਘਾਯੋਗ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਲੜੀ ਤਹਿਤ ਪੰਜਾਬ ਮੰਡੀ ਬੋਰਡ ਦੇ ਸੀਨੀਅਰ ਫੋਟੋਗ੍ਰਾਫਰ ਅਰਵਿੰਦਰ ਸਿੰਘ ਨੂੰ ਵੀ ਉਨ੍ਹਾਂ ਦੀਆਂ ਬਿਹਤਰੀਨ ਸੇਵਾਵਾਂ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਰਵਿੰਦਰ ਸਿੰਘ ਨੇ ਆਪਣੇ ਸਨਮਾਨ ਲਈ ਫੋਟੋਗ੍ਰਾਫਰਸ ਵੈਲਫੇਅਰ ਕਲੱਬ, ਪਟਿਆਲਾ ਦੀ ਸਮੁੱਚੀ ਟੀਮ ਦਾ ਤਹਿ ਦਿਲੋਂ ਧੰਨਵਾਦ ਪ੍ਰਗਟਾਇਆ। ਇੱਥੇ ਦੱਸਣਯੋਗ ਹੈ ਕਿ ਇਸ ਪ੍ਰਦਰਸ਼ਨੀ ਵਿੱਚ ਪੰਜਾਬ ਸਮੇਤ ਵੱਖ-ਵੱਖ ਰਾਜਾਂ, ਸਰਕਾਰੀ ਵਿਭਾਗਾਂ ਅਤੇ ਹੋਰ ਮੁੱਖ ਸੰਸਥਾਵਾਂ ਦੇ ਫੋਟੋਗ੍ਰਾਫਰਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।

ਇਸ ਮੌਕੇ ਵੱਖ-ਵੱਖ ਕੰਪਨੀਆਂ ਵੱਲੋਂ ਆਧੁਨਿਕ ਤਕਨਾਲੋਜੀ ਵਾਲੇ ਕੈਮਰਿਆਂ ਅਤੇ ਫੋਟੋਗ੍ਰਾਫੀ ਦੇ ਨਵੇਂ ਉਪਕਰਣਾਂ ਦੀ ਵਿਸ਼ੇਸ਼ ਪ੍ਰਦਰਸ਼ਨੀ ਵੀ ਲਗਾਈ ਗਈ, ਜੋ ਆਏ ਹੋਏ ਦਰਸ਼ਕਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ।

ਹਾਕੀ ਤੇ ਸਾਫਟਬਾਲ ਦੇ ਰੋਚਕ ਮੁਕਾਬਲਿਆਂ ਵਿੱਚ ਖਿਡਾਰੀਆਂ ਨੇ ਦਿਖਾਇਆ ਦਮਖਮ



ਪੈ.ਗਾਮ-ਏ-ਜਗਤ/ਬਠਿੰਡਾ
23 ਸਤੰਬਰ (ਪਰਵਿੰਦਰ ਜੀਤ ਸਿੰਘ)

ਜ਼ਿਲ੍ਹਾ ਸਿੱਖਿਆ ਅਫ਼ਸਰ ਮੈਡਮ ਮਮਤਾ ਖੁਰਾਣਾ ਸੇਠੀ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਚਮਕੌਰ ਸਿੰਘ ਸਿੱਧੂ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਸ੍ਰੀ ਜਸਵੀਰ ਸਿੰਘ ਗਿੱਲ ਦੀ ਅਗਵਾਈ ਹੇਠ ਟੂਰਨਾਮੈਂਟ ਦੇ ਦੂਜੇ ਦਿਨ ਹਾਕੀ ਅਤੇ ਸਾਫਟਬਾਲ ਦੇ ਰੋਚਕ ਮੁਕਾਬਲੇ ਕਰਵਾਏ ਗਏ। ਦੂਜੇ ਦਿਨ ਮੁੱਖ ਮਹਿਮਾਨ ਵਜੋਂ ਸਟੇਟ ਟੂਰਨਾਮੈਂਟ ਕਮੇਟੀ ਦੇ ਮੈਂਬਰ ਸ੍ਰੀ ਹਰਿੰਦਰ ਸਿੰਘ ਗਰੇਵਾਲ, ਜ਼ਿਲ੍ਹਾ ਪਟਿਆਲਾ, ਨੇ ਸੇਂਟ ਜੇਵਿਅਰ ਸਕੂਲ ਬਠਿੰਡਾ ਅਤੇ ਹਾਕੀ ਟਰਫ ਵਿਖੇ ਪਹੁੰਚ ਕੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ ਅਤੇ ਉਨ੍ਹਾਂ ਦਾ ਹੌਸਲਾ ਵਧਾਇਆ। ਬਠਿੰਡਾ ਪਹੁੰਚਣ 'ਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਸ੍ਰੀ ਜਸਵੀਰ ਸਿੰਘ ਗਿੱਲ, ਕਨਵੀਨਰ ਰਣਧੀਰ ਸਿੰਘ, ਜਗਮੋਹਨ ਸਿੰਘ ਅਤੇ ਸ੍ਰੀ ਰਹਿੰਦਰ ਸਿੰਘ ਵੱਲੋਂ ਬੁੱਕੇ ਭੇਟ ਕਰਕੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਗਿਆ।

ਇਸ ਮੌਕੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਹਰਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਸਾਫਟਬਾਲ ਸਿਰਫ਼ ਇੱਕ ਖੇਡ ਨਹੀਂ, ਸਗੋਂ ਹਿੰਮਤ, ਫੁਰਤੀ, ਅਨੁਸ਼ਾਸਨ ਅਤੇ ਟੀਮ ਭਾਵਨਾ ਪੈਦਾ ਕਰਨ ਵਾਲੀ ਖੇਡ ਹੈ। ਇਸ ਖੇਡ ਵਿੱਚ ਹਰ ਗੇਂਦ, ਹਰ ਦੌੜ ਅਤੇ ਹਰ ਪਲ ਖਿਡਾਰੀਆਂ ਦੀ ਮਿਹਨਤ, ਕਾਬਲੀਅਤ ਅਤੇ ਹੌਸਲੇ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਖਿਡਾਰੀਆਂ ਨੂੰ ਮੈਦਾਨ ਵਿੱਚ ਪੂਰੀ ਤਾਕਤ ਅਤੇ ਸਮਰੱਥਾ ਨਾਲ ਖੇਡਦਿਆਂ ਆਪਣੀ ਟੀਮ ਲਈ ਸਰਵੋਤਮ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਜਿੱਤ ਅਤੇ ਹਾਰ ਖੇਡ ਦਾ ਹਿੱਸਾ ਹਨ, ਪਰ ਪੂਰੀ ਮਿਹਨਤ, ਹੌਸਲੇ ਅਤੇ ਖੇਡ ਭਾਵਨਾ ਨਾਲ ਮੁਕਾਬਲਾ ਕਰਨਾ ਹੀ ਅਸਲ ਜਿੱਤ ਹੈ। ਉਨ੍ਹਾਂ ਕਿਹਾ ਕਿ ਸਾਫਟਬਾਲ ਸਾਨੂੰ ਮਿਲਜੁਲ ਕੇ ਅੱਗੇ ਵਧਣ ਅਤੇ ਇੱਕ-ਦੂਜੇ ਦਾ ਸਾਥ ਦੇਣ ਦੀ ਸਿੱਖਿਆ ਦਿੰਦੀ ਹੈ। ਉਨ੍ਹਾਂ ਖਿਡਾਰੀਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਨਾਲ ਜੁੜਨ ਅਤੇ ਆਪਣੇ ਮਾਪਿਆਂ, ਸਕੂਲ ਅਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਅੰਤ ਵਿੱਚ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਸ੍ਰੀ ਜਸਵੀਰ ਸਿੰਘ ਗਿੱਲ ਅਤੇ ਹਾਜ਼ਰ ਸਮੁੱਚੀ ਟੀਮ ਵੱਲੋਂ ਮੁੱਖ ਮਹਿਮਾਨ ਸ੍ਰੀ ਹਰਿੰਦਰ ਸਿੰਘ ਗਰੇਵਾਲ ਨੂੰ ਪੌਦਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਅੱਜ ਹੋਏ ਹਾਕੀ ਮੁਕਾਬਲਿਆਂ ਵਿੱਚ ਵੱਖ-ਵੱਖ ਟੀਮਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਲੁਧਿਆਣਾ ਨੇ ਗੁਰਦਾਸਪੁਰ ਨੂੰ 7-0 ਨਾਲ, ਪੀ.ਆਈ.ਐਸ. ਮੋਹਾਲੀ ਨੇ ਮਾਨਸਾ ਨੂੰ 13-0 ਨਾਲ, ਮਲੇਰਕੋਟਲਾ ਨੇ ਅੰਮ੍ਰਿਤਸਰ ਨੂੰ 11-1 ਨਾਲ, ਤਰਨਤਾਰਨ ਵਿੰਗ ਨੇ ਫਰੀਦਕੋਟ ਨੂੰ 3-0 ਨਾਲ, ਸੰਗਰੂਰ ਨੇ ਮੁਕਤਸਰ ਨੂੰ 2-0 ਨਾਲ ਅਤੇ ਬਠਿੰਡਾ ਨੇ ਤਰਨਤਾਰਨ ਨੂੰ 2-0 ਨਾਲ ਹਰਾਇਆ। ਪੀ.ਆਈ.ਐਸ. ਬਾਦਲ ਅਤੇ ਮੋਗਾ ਵਿਚਕਾਰ ਮੁਕਾਬਲਾ 0-0 ਨਾਲ ਬਰਾਬਰ ਰਿਹਾ, ਜਦਕਿ ਫਰੀਦਕੋਟ ਅਤੇ ਅੰਮ੍ਰਿਤਸਰ ਦੀਆਂ ਟੀਮਾਂ 2-2 ਨਾਲ ਬਰਾਬਰੀ 'ਤੇ ਰਹੀਆਂ।

ਅੰਡਰ-14 ਲੜਕੀਆਂ ਦੇ ਸਾਫਟਬਾਲ ਮੁਕਾਬਲਿਆਂ ਵਿੱਚ ਵੀ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ। ਫਿਰੋਜ਼ਪੁਰ ਨੇ ਪਟਿਆਲਾ ਨੂੰ 5-4 ਨਾਲ, ਫਾਜ਼ਿਲਕਾ ਨੇ ਜਲੰਧਰ ਨੂੰ 7-2 ਨਾਲ, ਸੰਗਰੂਰ ਨੇ ਮੋਗਾ ਨੂੰ 11-1 ਨਾਲ ਅਤੇ ਫਿਰੋਜ਼ਪੁਰ ਨੇ ਮੋਹਾਲੀ ਨੂੰ 9-0 ਨਾਲ ਹਰਾਇਆ। ਇਸ ਤੋਂ ਇਲਾਵਾ ਪਟਿਆਲਾ ਨੇ ਮੋਹਾਲੀ ਨੂੰ 9-0 ਨਾਲ ਹਰਾ ਕੇ ਜਿੱਤ ਦਰਜ ਕੀਤੀ। ਮੁਕਾਬਲਿਆਂ ਦੌਰਾਨ ਖਿਡਾਰੀਆਂ ਨੇ ਆਪਣੀ ਖੇਡ ਕਾਬਲੀਅਤ, ਮਿਹਨਤ ਅਤੇ ਜਿੱਤ ਲਈ ਪੂਰਾ ਜ਼ੋਰ ਲਗਾਇਆ।

ਇਸ ਮੌਕੇ ਹਰਜਿੰਦਰ ਸਿੰਘ ਲੈਕਚਰਾਰ ਫਿਜ਼ੀਕਲ, ਜਗਦੀਸ਼ ਕੁਮਾਰੀ ਲੈਕਚਰਾਰ ਫਿਜ਼ੀਕਲ, ਗੁਰਿੰਦਰਜੀਤ ਸਿੰਘ ਡੀ.ਪੀ.ਈ., ਰੇਸ਼ਮ ਸਿੰਘ ਡੀ.ਪੀ.ਈ., ਸੰਦੀਪ ਕੌਰ ਡੀ.ਪੀ.ਈ., ਰਾਜਪ੍ਰੀਤ ਕੌਰ ਪੀ.ਟੀ.ਆਈ., ਸਰਬਜੀਤ ਕੌਰ ਡੀ.ਪੀ.ਈ. ਅਤੇ ਹਰਭਗਵਾਨ ਦਾਸ ਪੀ.ਟੀ.ਆਈ. ਸਮੇਤ ਹੋਰ ਖੇਡ ਅਧਿਆਪਕ ਅਤੇ ਅਧਿਕਾਰੀ ਹਾਜ਼ਰ ਸਨ।

ਲੋਕ ਸ਼ਾਇਰ ਜਗਦੀਸ਼ ਰਾਣਾ ਦਾ ਗ਼ਜ਼ਲ ਸੰਗ੍ਰਹਿ ਪਥਰੀਲਾ ਜੰਗਲ ਹੋਇਆ ਲੋਕ ਅਰਪਣ



ਫ਼ਰੀਦਕੋਟ, 23 ਸਤੰਬਰ
(ਪੈ.ਗਾਮ-ਏ-ਜਗਤ)

ਫਰੀਦਕੋਟ ਵਿਖੇ ਚੱਲ ਰਹੇ ਪੁਸਤਕ ਮੇਲੇ ਦੇ ਆਖ਼ਰੀ ਦਿਨ ਮੇਲੇ ਵਿੱਚ ਲੱਗੇ ਹੋਏ ਸਹਿਜ ਪਬਲੀਕੇਸ਼ਨਜ਼ ਦੇ ਸਟਾਲ 'ਤੇ ਉੱਘੇ ਲੋਕ ਸ਼ਾਇਰ ਜਗਦੀਸ਼ ਰਾਣਾ ਦਾ ਦੂਜਾ ਗ਼ਜ਼ਲ ਸੰਗ੍ਰਹਿ ਪਥਰੀਲਾ ਜੰਗਲ ਉੱਘੇ ਸਾਹਿਤਕਾਰਾਂ ਕਰਮ ਸਿੰਘ ਮਹਿਮੀ (ਸਿੰਘ ਪਬਲੀਕੇਸ਼ਨਜ਼), ਸਤਨਾਮ ਸਿੰਘ ਕੈਂਥ (ਸਹਿਜ ਪਬਲੀਕੇਸ਼ਨਜ਼), ਕੁਲਵੰਤ ਸਰੋਤਾ, ਧਰਮ ਪਰਵਾਨਾ, ਪ੍ਰੋ. ਬੀਰਇੰਦਰ ਸਿੰਘ, ਬੇਅੰਤ ਗਿੱਲ ਅਤੇ ਅਨੰਤ ਗਿੱਲ ਅਤੇ ਜਸਵੀਰ ਫੀਰਾ ਦੁਆਰਾ ਸਾਂਝੇ ਤੌਰ 'ਤੇ ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਸਹਿਜ ਪਬਲੀਕੇਸ਼ਨਜ਼ ਦੇ ਮੁੱਖ ਸਤਨਾਮ ਸਿੰਘ ਕੈਂਥ ਨੇ ਕਿਹਾ ਕਿ ਜਗਦੀਸ਼ ਰਾਣਾ ਪੰਜਾਬੀ ਦਾ ਮਾਣਮੱਤਾ ਲੋਕ ਸ਼ਾਇਰ ਹੈ ਜਿਸਦੀਆਂ ਗ਼ਜ਼ਲਾਂ ਪਾਠਕ ਨਿੱਠ ਕੇ ਪੜ੍ਹਦੇ ਹਨ। ਅਜਿਹੇ ਪ੍ਰਸਿੱਧ ਤੇ ਲੋਕ ਪੱਖੀ ਸ਼ਾਇਰ ਦੀ ਪੁਸਤਕ ਪ੍ਰਕਾਸ਼ਿਤ ਕਰਨਾ ਉਹਨਾਂ ਦੇ ਪ੍ਰਕਾਸ਼ਨ ਲਈ ਮਾਣ ਵਾਲੀ ਗੱਲ ਹੈ ਤੇ ਪਾਠਕ ਗ਼ਜ਼ਲ ਸੰਗ੍ਰਹਿ ਪਥਰੀਲਾ ਜੰਗਲ ਨੂੰ ਕਾਫ਼ੀ ਪਸੰਦ ਵੀ ਕਰ ਰਹੇ ਹਨ। ਉੱਘੇ ਸਾਹਿਤਕਾਰ ਧਰਮ ਪਰਵਾਨਾ ਅਤੇ ਕੁਲਵੰਤ ਸਰੋਤਾ ਨੇ ਕਿਹਾ ਕਿ ਮੌਜੂਦਾ ਸਮਿਆਂ ਵਿੱਚ ਜਗਦੀਸ਼ ਰਾਣਾ ਦਾ ਨਾਮ ਪੰਜਾਬੀ ਗ਼ਜ਼ਲ ਦੇ ਅਹਿਮ ਸ਼ਾਇਰਾਂ ਵਿੱਚ ਬੜੇ ਆਦਰ ਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਜਗਦੀਸ਼ ਰਾਣਾ ਅਜਿਹਾ ਸ਼ਾਇਰ ਹੈ ਜਿਸਨੂੰ ਗ਼ਜ਼ਲ ਦੀਆਂ ਬੰਧਿਸ਼ਾਂ ਅਤੇ ਜ਼ਰੂਰਤਾਂ ਬਾਰੇ ਬਖ਼ੂਬੀ ਪਤਾ ਹੈ। ਉਹਨਾਂ ਦੀਆਂ ਗ਼ਜ਼ਲਾਂ ਸਮਾਜਿਕ, ਧਾਰਮਿਕ, ਰਾਜਨੀਤਕ ਅਤੇ ਸੱਭਿਆਚਾਰਕ ਕੁਰੀਤੀਆਂ ਅਤੇ ਗ਼ੈਰ ਬਰਾਬਰੀ ਵਾਲੀ ਵਿਵਸਥਾ 'ਤੇ ਤਿੱਖੀ ਚੋਟ ਹੀ ਨਹੀਂ ਕਰਦੀਆਂ ਸਗੋਂ ਹੱਕ ਹੀਣੇ ਲੋਕਾਂ ਨੂੰ ਸੰਘਰਸ਼ ਕਰਨ ਲਈ ਵੀ ਪ੍ਰੇਰਿਤ ਕਰਦੀਆਂ ਹਨ। ਪ੍ਰੋ. ਬੀਰਇੰਦਰ ਸਿੰਘ, ਬੇਅੰਤ ਗਿੱਲ, ਜਸਵੀਰ ਫ਼ੀਰਾ ਅਤੇ ਅਨੰਤ ਗਿੱਲ ਨੇ ਕਿਹਾ ਕਿ ਜਗਦੀਸ਼ ਰਾਣਾ ਪੰਜਾਬੀ ਦਾ ਚਰਚਿਤ ਤੇ ਹੋਣਹਾਰ ਲੋਕ ਸ਼ਾਇਰ ਹੈ ਜਿਸਦਾ ਪਹਿਲਾਂ ਇੱਕ ਗ਼ਜ਼ਲ ਸੰਗ੍ਰਹਿ ਅਧਖਿੜੇ ਗੁਲਾਬ ਵੀ ਬੜਾ ਮਕਬੂਲ ਹੋਇਆ ਸੀ ਤੇ ਦੂਜਾ ਗ਼ਜ਼ਲ ਸੰਗ੍ਰਹਿ ਪਥਰੀਲਾ ਜੰਗਲ ਵੀ ਨਵੇਂ ਤੇ ਸਿਖਾਂਦਰੂ ਗ਼ਜ਼ਲਕਾਰਾਂ ਲਈ ਗ਼ਜ਼ਲ ਦੀ ਜਾਣਕਾਰੀ ਸਬੰਧੀ ਅਹਿਮ ਸਾਬਿਤ ਹੋਵੇਗਾ।

ਜ਼ਮੀਨੀ ਪੱਧਰ 'ਤੇ ਕਾਂਗਰਸ ਨੂੰ ਮਜ਼ਬੂਤ ਕਰਨਾ ਟੀਚਾ: ਬਲਜੀਤ ਕੌਰ



ਪੈ.ਗਾਮ-ਏ-ਜਗਤ
ਖਰੜ, (ਦਵਿੰਦਰ ਕੌਰ)

ਪੰਜਾਬ ਮਹਿਲਾ ਕਾਂਗਰਸ ਦੀ ਕਾਰਜਕਾਰੀ ਪ੍ਰਧਾਨ ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਪਾਰਟੀ ਆਪਣੇ ਸੰਗਠਨ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪਾਰਟੀ ਵੱਲੋਂ ਬੂਥ ਪੱਧਰ ਤੱਕ ਸੰਗਠਨ ਨੂੰ ਸਰਗਰਮ ਕਰਨ ਅਤੇ ਵਰਕਰਾਂ ਨਾਲ ਸਿੱਧਾ ਤਾਲਮੇਲ ਵਧਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਕਾਂਗਰਸ ਵੱਲੋਂ ਪਹਿਲਾਂ ਚਲਾਈ ਗਈ 'ਹਰ ਬੂਥ, ਕਾਂਗਰਸ ਮਜ਼ਬੂਤ' ਮੁਹਿੰਮ ਵੀ ਇਸੇ ਸੰਗਠਨਾਤਮਕ ਤਿਆਰੀ ਦਾ ਹਿੱਸਾ ਰਹੀ ਹੈ।

ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਮਾਮਲਿਆਂ ਦੇ ਨਵੇਂ ਇੰਚਾਰਜ ਸਚਿਨ ਪਾਇਲਟ ਵੱਲੋਂ ਜ਼ਿਲ੍ਹਾ ਪ੍ਰਧਾਨਾਂ, ਯੂਥ ਕਾਂਗਰਸ ਅਤੇ ਹੋਰ ਸੰਗਠਨਾਤਮਕ ਅਹੁਦੇਦਾਰਾਂ ਨਾਲ ਸੰਪਰਕ ਕਰਕੇ ਪਾਰਟੀ ਦੀ ਦੂਜੀ ਕਤਾਰ ਦੀ ਲੀਡਰਸ਼ਿਪ ਨੂੰ ਮਜ਼ਬੂਤ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਹਾਲ ਹੀ ਵਿੱਚ ਕਾਂਗਰਸ ਦੇ ਵੱਖ-ਵੱਖ ਆਗੂਆਂ ਵੱਲੋਂ ਸਾਂਝੇ ਤੌਰ 'ਤੇ ਕੀਤੇ ਗਏ ਪ੍ਰੋਗਰਾਮਾਂ ਨੂੰ ਵੀ ਪਾਰਟੀ ਅੰਦਰ ਤਾਲਮੇਲ ਵਧਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ, "ਕਾਂਗਰਸ ਦੀ ਅਸਲ ਤਾਕਤ ਉਸ ਦਾ ਵਰਕਰ ਹੈ। ਪਿੰਡ, ਵਾਰਡ ਅਤੇ ਬੂਥ ਪੱਧਰ 'ਤੇ ਜਦੋਂ ਵਰਕਰ ਇਕਜੁੱਟ ਹੋ ਕੇ ਲੋਕਾਂ ਦੇ ਮੁੱਦੇ ਉਠਾਉਂਦੇ ਹਨ ਤਾਂ ਸੰਗਠਨ ਆਪਣੇ ਆਪ ਮਜ਼ਬੂਤ ਹੁੰਦਾ ਹੈ।"ਉਨ੍ਹਾਂ ਕਿਹਾ ਕਿ ਪੰਜਾਬ ਮਹਿਲਾ ਕਾਂਗਰਸ ਵੀ ਮਹਿਲਾਵਾਂ ਨੂੰ ਪਾਰਟੀ ਨਾਲ ਜੋੜਨ ਅਤੇ ਉਨ੍ਹਾਂ ਦੀ ਰਾਜਨੀਤਿਕ ਤੇ ਸਮਾਜਿਕ ਭਾਗੀਦਾਰੀ ਵਧਾਉਣ ਲਈ ਆਪਣੀ ਭੂਮਿਕਾ ਨਿਭਾਏਗੀ।

ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨਾਲ ਜੁੜੇ ਨਸ਼ਿਆਂ, ਬੇਰੁਜ਼ਗਾਰੀ, ਮਹਿੰਗਾਈ, ਕਾਨੂੰਨ-ਵਿਵਸਥਾ, ਮਹਿਲਾ ਸੁਰੱਖਿਆ, ਸਿੱਖਿਆ, ਸਿਹਤ ਅਤੇ ਕਿਸਾਨਾਂ-ਮਜ਼ਦੂਰਾਂ ਦੇ ਮੁੱਦਿਆਂ ਨੂੰ ਲੋਕਤੰਤਰਿਕ ਢੰਗ ਨਾਲ ਉਠਾਉਣਾ ਵਿਰੋਧੀ ਧਿਰ ਦੀ ਮਹੱਤਵਪੂਰਨ ਜ਼ਿੰਮੇਵਾਰੀ ਹੈ। ਪੰਜਾਬ ਮਹਿਲਾ ਕਾਂਗਰਸ ਦਾ ਯਤਨ ਰਹੇਗਾ ਕਿ ਮਹਿਲਾਵਾਂ ਨਾਲ ਸਬੰਧਤ ਮੁੱਦਿਆਂ ਨੂੰ ਪਿੰਡ ਤੋਂ ਲੈ ਕੇ ਸੂਬਾ ਪੱਧਰ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਉਠਾਇਆ ਜਾਵੇ।

ਉਨ੍ਹਾਂ ਕਿਹਾ ਕਿ ਪਾਰਟੀ ਲਈ ਸਭ ਤੋਂ ਮਹੱਤਵਪੂਰਨ ਗੱਲ ਇਕਜੁੱਟਤਾ ਅਤੇ ਜ਼ਮੀਨੀ ਸੰਗਠਨ ਹੈ। ਹਾਲੀਆ ਮਹੀਨਿਆਂ ਵਿੱਚ ਪੰਜਾਬ ਕਾਂਗਰਸ ਵਿੱਚ ਅੰਦਰੂਨੀ ਮਤਭੇਦ ਵੀ ਜਨਤਕ ਤੌਰ 'ਤੇ ਸਾਹਮਣੇ ਆਏ ਸਨ। ਨਵੀਂ ਸੂਬਾ ਇੰਚਾਰਜ ਵਿਵਸਥਾ ਤੋਂ ਬਾਅਦ ਪਾਰਟੀ ਲੀਡਰਸ਼ਿਪ ਨੇ ਇਨ੍ਹਾਂ ਮਤਭੇਦਾਂ ਨੂੰ ਘਟਾਉਣ ਅਤੇ ਸੰਗਠਨਾਤਮਕ ਤਾਲਮੇਲ ਵਧਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ।

ਬਲਜੀਤ ਕੌਰ ਨੇ ਕਿਹਾ ਕਿ, "ਸਾਡਾ ਟੀਚਾ ਸਿਰਫ਼ ਵੱਡੀਆਂ ਰੈਲੀਆਂ ਕਰਨਾ ਨਹੀਂ, ਸਗੋਂ ਹਰ ਬੂਥ 'ਤੇ ਮਜ਼ਬੂਤ ਸੰਗਠਨ ਖੜ੍ਹਾ ਕਰਨਾ ਅਤੇ ਲੋਕਾਂ ਨਾਲ ਸਿੱਧਾ ਸੰਪਰਕ ਬਣਾਉਣਾ ਹੈ। ਮਹਿਲਾ ਕਾਂਗਰਸ ਇਸ ਮੁਹਿੰਮ ਵਿੱਚ ਆਪਣੀ ਪੂਰੀ ਜ਼ਿੰਮੇਵਾਰੀ ਨਿਭਾਏਗੀ।

ਖ਼ਾਲਸਾ ਮਾਰਚ 'ਚ ਲੱਖਾਂ ਸੰਗਤਾਂ ਦੀ ਸ਼ਮੂਲੀਅਤ ਨੇ ਪੰਥ ਦੀ ਤਾਕਤ ਅਤੇ ਗੁਰੂ ਪ੍ਰਤੀ ਸਮਰਪਣ ਦਾ ਕੀਤਾ ਪ੍ਰਗਟਾਵਾ : ਗਿਆਨੀ ਕੁਲਦੀਪ ਸਿੰਘ ਗੜਗੱਜ



ਪੈ.ਗਾਮ-ਏ-ਜਗਤ/ਬਟਾਲਾ/ਅੰਮ੍ਰਿਤਸਰ
23 ਸਤੰਬਰ (ਹਰਮਿੰਦਰ ਸਿੰਘ ਨਾਗਪਾਲ)

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਇਆ ਮੀਰੀ ਪੀਰੀ ਖ਼ਾਲਸਾ ਮਾਰਚ ਆਪਣੇ ਤੀਜੇ ਪੜਾਅ ਤਹਿਤ ਅੱਜ ਗੁਰਦੁਆਰਾ ਪਾਤਸ਼ਾਹੀ ਪੰਜਵੀਂ, ਓਠੀਆਂ, ਬਟਾਲਾ ਤੋਂ ਖ਼ਾਲਸਈ ਜਾਹੋਜਲਾਲ ਨਾਲ ਆਪਣੇ ਅਗਲੇ ਪੜਾਅ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ

- ਨੌਜੁਆਨਾਂ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਬਾਣੀ ਬਾਣੇ ਨਾਲ ਜੋੜਨ ਦੀ ਵੱਡੀ ਲਹਿਰ ਬਣਿਆ ਮੀਰੀ ਪੀਰੀ ਖਾਲਸਾ ਮਾਰਚ- ਐਡਵੋਕੇਟ ਧਾਮੀ
- ਮੀਰੀ ਪੀਰੀ ਖਾਲਸਾ ਮਾਰਚ ਗੁਰਦੁਆਰਾ ਪਾਤਸ਼ਾਹੀ ਪੰਜਵੀਂ ਓਠੀਆਂ ਤੋਂ ਅਗਲੇ ਪੜਾਅ ਬਾਬਾ ਬਕਾਲਾ ਸਾਹਿਬ ਲਈ ਜੈਕਾਰਿਆਂ ਦੀ ਗੂੰਜ 'ਚ ਹੋਇਆ ਰਵਾਨਾ

ਸਾਹਿਬ ਲਈ ਰਵਾਨਾ ਹੋਇਆ। ਖ਼ਾਲਸਾ ਮਾਰਚ ਦੀ ਆਰੰਭਤਾ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਸਮੇਤ ਪ੍ਰਮੁੱਖ ਸਖਸ਼ੀਅਤਾਂ ਅਤੇ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ। ਇਸ ਮੌਕੇ ਸਜੇ ਧਾਰਮਿਕ ਦੀਵਾਨ ਸਮੇਂ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨੇ ਸੰਗਤ ਨਾਲ ਗੁਰ-ਇਤਿਹਾਸ ਦੀ ਸਾਂਝ ਪਾਈ ਅਤੇ ਗੁਰਮਤਿ ਆਸ਼ੇ ਅਨੁਸਾਰ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮੀਰੀ-ਪੀਰੀ ਖ਼ਾਲਸਾ ਮਾਰਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਪੰਥਕ ਜਾਗਰੂਕਤਾ, ਗੁਰਮਤਿ ਚੇਤਨਾ ਅਤੇ ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਘਰ-ਘਰ ਪਹੁੰਚਾਉਣ ਦੀ ਇੱਕ ਵੱਡੀ ਲਹਿਰ ਹੈ। ਇਸ ਮਾਰਚ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇਸ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਬਾਣੀ-ਬਾਣੇ ਨਾਲ ਜੋੜਨ ਦਾ ਸੁਨੇਹਾ ਪਿੰਡ-ਪਿੰਡ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ ਕਈ ਪਿੰਡਾਂ ਵਿੱਚ ਨਸ਼ਿਆਂ ਸਬੰਧੀ ਚਿੰਤਾਜਨਕ ਗੱਲਾਂ ਨੇ ਇਹ ਅਹਿਸਾਸ ਹੋਰ ਗਹਿਰਾ ਕੀਤਾ ਹੈ ਕਿ ਜੇ ਅਸੀਂ ਆਪਣੇ ਬੱਚਿਆਂ ਨੂੰ ਬਚਾਉਣਾ ਹੈ ਤਾਂ ਕੇਵਲ ਸਰਕਾਰੀ ਦਾਅਵਿਆਂ ਦੀ ਉਡੀਕ ਨਹੀਂ ਕੀਤੀ ਜਾ ਸਕਦੀ। ਨੌਜਾਵਾਨਾਂ ਨੂੰ ਗੁਰੂ ਦੀ ਵਿਚਾਰਧਾਰਾ, ਅੰਮ੍ਰਿਤ ਦੀ ਦਾਤ ਅਤੇ ਗੁਰਮਤਿ ਜੀਵਨ ਨਾਲ ਜੋੜਨਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਗੁਰਿੰਦਰਪਾਲ ਸਿੰਘ ਗੋਰਾ, ਸ. ਗੁਰਨਾਮ ਸਿੰਘ ਜੱਸਲ, ਸੀਨੀਅਰ ਅਕਾਲੀ ਆਗੂ ਤੇ ਹਲਕਾ ਇੰਚਾਰਜ ਸ. ਲਖਬੀਰ ਸਿੰਘ ਲੋਧੀ ਨੰਗਲ, ਸ੍ਰੀ ਨਰੇਸ਼ ਮਹਾਜਨ, ਮੀਤ ਸਕੱਤਰ ਸ. ਮਨਜੀਤ ਸਿੰਘ ਤਲਵੰਡੀ, ਸ. ਸਤਨਾਮ ਸਿੰਘ ਰਿਆੜ, ਇੰਚਾਰਜ ਸ. ਮਨਦੀਪ ਸਿੰਘ, ਵਧੀਕ ਮੈਨੇਜਰ ਸ. ਗੁਰਤਿੰਦਰਪਾਲ ਸਿੰਘ ਕਾਦੀਆਂ, ਅਕਾਲੀ ਆਗੂ ਸ. ਸੰਤੋਖ ਸਿੰਘ, ਸ. ਬਲਜਿੰਦਰ ਸਿੰਘ ਬੱਜੂਮਾਨ, ਸ. ਅਮਰੀਕ ਸਿੰਘ ਬਾਲੇਵਾਲ, ਗੁਰਦੁਆਰਾ ਪਾਤਸ਼ਾਹੀ ਪੰਜਵੀਂ ਓਠੀਆਂ ਦੇ ਮੈਨੇਜਰ ਸ. ਦਵਿੰਦਰ ਸਿੰਘ, ਬਾਬਾ ਮੇਜਰ ਸਿੰਘ ਸੋਢੀ ਵੱਲੋਂ ਨਿਹੰਗ ਸਿੰਘ, ਬਾਬਾ ਗੁਰਪ੍ਰੀਤ ਸਿੰਘ ਕਾਰ ਸੇਵਾ ਵਾਲੇ, ਬਾਬਾ ਮਨਜੀਤ ਸਿੰਘ ਮੜੀਆਂਵਾਲਾ, ਬਾਬਾ ਹਰਜਿੰਦਰ ਸਿੰਘ, ਬਾਬਾ ਬਲਦੇਵ ਸਿੰਘ ਲੋਪੋਕੇ, ਬਾਬਾ ਕਸ਼ਮੀਰ ਸਿੰਘ, ਬਾਬਾ ਬਲਦੇਵ ਸਿੰਘ ਮੁਤਫ਼ਾਪੁਰ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ, ਗਿਆਨੀ ਬਲਦੇਵ ਸਿੰਘ ਮੁਹਾਲੀ, ਸ. ਭੁਪਿੰਦਰ ਸਿੰਘ ਬੁੱਟਰ, ਸ. ਮੋਹਨਦੀਪ ਸਿੰਘ ਅਤੇ ਵੱਡੀ ਗਿਣਤੀ ਸੰਗਤਾਂ ਮੌਜੂਦ ਸਨ।

ਜ਼ਿਲ੍ਹੇ ਵਿੱਚ ਝੋਨੇ ਦੀ ਸੰਭਾਵੀ ਆਮਦ ਦਾ 2.05 ਲੱਖ ਮੀਟ੍ਰਿਕ ਟਨ ਦਾ ਟੀਚਾ; 18 ਖਰੀਦ ਕੇਂਦਰਾਂ 'ਤੇ ਮੁਕੰਮਲ ਪ੍ਰਬੰਧ ਯਕੀਨੀ ਬਣਾਏ ਜਾਣ: ਡਿਪਟੀ ਕਮਿਸ਼ਨਰ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 23 ਸਤੰਬਰ (ਪੈ.ਗ਼ਾਮ-ਏ-ਜਗਤ)

ਖਰੀਫ ਸੀਜ਼ਨ 2026-27 ਦੌਰਾਨ ਝੋਨੇ ਦੀ ਸਰਕਾਰੀ ਖਰੀਦ ਅਤੇ ਸਟੋਰੇਜ ਪ੍ਰਬੰਧਾਂ ਦੀ ਸਮੀਖਿਆ ਲਈ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਖਰੀਦ ਕੇਂਦਰਾਂ ਵਿੱਚ ਬੁਨਿਆਦੀ ਸਹੂਲਤਾਂ, ਬਾਰਦਾਨਾ, ਖਰੀਦ, ਲਿਫਟਿੰਗ, ਸਟਾਫ ਦੀ ਹਾਜ਼ਰੀ ਅਤੇ ਕਿਸਾਨਾਂ ਦੀ ਸਹੂਲਤ ਨਾਲ ਸਬੰਧਤ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।

ਮੀਟਿੰਗ ਵਿੱਚ ਦੱਸਿਆ ਗਿਆ ਕਿ ਜ਼ਿਲ੍ਹੇ ਵਿੱਚ ਲਗਭਗ 2.05 ਲੱਖ ਮੀਟਰਿਕ ਟਨ ਝੋਨੇ ਦੀ ਖਰੀਦ ਦਾ ਟੀਚਾ ਹੈ ਜਿਸ ਲਈ ਮੰਡੀ ਬੋਰਡ ਵੱਲੋਂ 18 ਖਰੀਦ ਕੇਂਦਰ ਨੋਟੀਫਾਈ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੀਆਂ ਮੰਡੀਆਂ ਵਿੱਚ ਫੜਾਂ ਦੀ ਸਫਾਈ, ਬਿਜਲੀ, ਪਾਣੀ ਅਤੇ ਛਾਂ ਸਮੇਤ ਲੋੜੀਂਦੇ ਪ੍ਰਬੰਧ ਮੁਕੰਮਲ ਕਰਕੇ ਇਸ ਸਬੰਧੀ ਰਿਪੋਰਟ ਪੇਸ਼ ਕੀਤੀ ਜਾਵੇ।

ਉਨ੍ਹਾਂ ਖਰੀਦ ਏਜੰਸੀਆਂ ਨੂੰ ਵੀ ਆਪਣੇ ਅਧੀਨ ਆਉਂਦੀਆਂ ਮੰਡੀਆਂ ਵਿੱਚ ਪ੍ਰਬੰਧਾਂ ਦਾ ਨਿਰੰਤਰ ਜਾਇਜ਼ਾ ਲੈਣ ਅਤੇ ਕਿਸੇ ਵੀ ਕਮੀ ਨੂੰ ਤੁਰੰਤ ਦੂਰ ਕਰਨ ਦੇ ਨਿਰਦੇਸ਼

- **ਡੀ.ਸੀ. ਵੱਲੋਂ ਮੀਟਿੰਗ ਦੌਰਾਨ ਖਰੀਦ ਏਜੰਸੀਆਂ ਨੂੰ ਨਿਰਵਿਘਨ ਲਿਫਟਿੰਗ ਅਤੇ ਮੰਡੀਆਂ ਵਿੱਚ ਸਟਾਫ ਦੀ 100 ਫੀਸਦੀ ਹਾਜ਼ਰੀ ਯਕੀਨੀ ਬਣਾਉਣ ਦੇ ਨਿਰਦੇਸ਼**



ਦਿੱਤੇ। ਕਿਸਾਨਾਂ ਨੂੰ ਜਾਗਰੂਕ ਕਰਨ ਲਈ ਪਿੰਡਾਂ ਵਿੱਚ ਮੁਨਿਆਦੀ ਕਰਵਾਉਣ ਅਤੇ ਉਨ੍ਹਾਂ ਨੂੰ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲਿਆਉਣ ਲਈ ਪ੍ਰੇਰਿਤ ਕਰਨ ਲਈ ਵੀ ਕਿਹਾ ਗਿਆ।

ਮੀਟਿੰਗ ਦੌਰਾਨ ਬਾਰਦਾਨੇ ਦੀ ਉਪਲਬਧਤਾ ਦਾ ਵੀ ਜਾਇਜ਼ਾ ਲਿਆ ਗਿਆ। ਅਧਿਕਾਰੀਆਂ ਵੱਲੋਂ ਦੱਸਿਆ ਗਿਆ ਕਿ ਸਰਕਾਰੀ ਖਰੀਦ ਦੇ ਟੀਚੇ ਅਨੁਸਾਰ ਖਰੀਦ ਏਜੰਸੀਆਂ ਕੋਲ 77 ਫੀਸਦੀ ਨਵਾਂ ਬਾਰਦਾਨਾ ਉਪਲਬਧ ਹੋ ਚੁੱਕਾ ਹੈ। ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਮੰਡੀਆਂ ਵਿੱਚ ਬਾਰਦਾਨੇ ਦੀ ਸਮੇਂ ਸਿਰ ਸਪਲਾਈ ਯਕੀਨੀ ਬਣਾਈ ਜਾਵੇ।

ਉਨ੍ਹਾਂ ਕਿਹਾ ਕਿ ਝੋਨੇ ਦੀ ਖਰੀਦ ਦੌਰਾਨ ਸਰਕਾਰੀ ਹਦਾਇਤਾਂ ਅਨੁਸਾਰ ਕਿਸਾਨਾਂ ਨੂੰ ਸਮੇਂ ਸਿਰ ਅਦਾਇਗੀ ਕੀਤੀ ਜਾਵੇ ਅਤੇ ਕਿਸੇ ਵੀ ਕਿਸਮ ਦੀ ਗੈਰ-ਕਾਨੂੰਨੀ ਕਟੌਤੀ ਨਾ ਕੀਤੀ ਜਾਵੇ। ਸਾਰੀਆਂ ਖਰੀਦ ਏਜੰਸੀਆਂ ਨੂੰ ਮੰਡੀਆਂ ਵਿੱਚ ਸਬੰਧਤ ਸਟਾਫ ਦੀ 100 ਫੀਸਦੀ ਹਾਜ਼ਰੀ ਯਕੀਨੀ ਬਣਾਉਣ ਲਈ ਵੀ ਕਿਹਾ ਗਿਆ।

ਮੀਟਿੰਗ ਮੌਜੂਦ ਆੜ੍ਹਤੀਆਂ ਵੱਲੋਂ ਪਿਛਲੇ ਸੀਜ਼ਨ ਦੌਰਾਨ ਲਿਫਟਿੰਗ ਸਬੰਧੀ ਆਈਆਂ ਮੁਸ਼ਕਲਾਂ ਦਾ ਮੁੱਦਾ ਉਠਾਏ ਜਾਣ 'ਤੇ ਡਿਪਟੀ ਕਮਿਸ਼ਨਰ ਨੇ ਸਬੰਧਤ ਏਜੰਸੀਆਂ ਅਤੇ ਟਰਾਂਸਪੋਰਟੇਸ਼ਨ ਠੇਕੇਦਾਰਾਂ ਨੂੰ ਹਰ ਮੰਡੀ ਵਿੱਚ ਲੋੜ ਅਨੁਸਾਰ ਵਾਹਨਾਂ ਦੀ ਉਪਲਬਧਤਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ, ਤਾਂ ਜੋ ਮੰਡੀ ਵਿੱਚ ਝੋਨੇ ਦੀ ਭੀੜ ਨਾ ਬਣੇ ਅਤੇ ਲਿਫਟਿੰਗ ਨਿਰਵਿਘਨ ਜਾਰੀ ਰਹੇ।

ਮੀਟਿੰਗ ਦੌਰਾਨ ਝੋਨੇ ਦੀ ਕਟਾਈ ਲਈ ਵਰਤੀਆਂ ਜਾਣ ਵਾਲੀਆਂ ਕੰਬਾਈਨਾਂ ਸਬੰਧੀ ਹਦਾਇਤ ਕੀਤੀ ਗਈ ਕਿ ਸ਼ਾਮ 7 ਵਜੇ ਤੋਂ ਸਵੇਰੇ 9 ਵਜੇ ਤੱਕ ਕੰਬਾਈਨਾਂ ਨਾ ਚਲਾਈਆਂ ਜਾਣ। ਉਲੰਘਣਾ ਕਰਨ ਵਾਲਿਆਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕਰਨ ਲਈ ਕਿਹਾ ਗਿਆ।

ਇਸ ਤੋਂ ਇਲਾਵਾ ਗੁਆਂਢੀ ਰਾਜਾਂ ਤੋਂ ਘੱਟ ਕੀਮਤ 'ਤੇ ਝੋਨਾ ਲਿਆ ਕੇ ਪੰਜਾਬ ਦੀਆਂ ਮੰਡੀਆਂ ਵਿੱਚ ਐੱਮ.ਐੱਸ.ਪੀ. 'ਤੇ ਵੇਚਣ ਦੀਆਂ ਸੰਭਾਵਨਾਵਾਂ ਨੂੰ ਰੋਕਣ ਲਈ ਜ਼ਿਲ੍ਹੇ ਵਿੱਚ ਛੇ ਅੰਤਰ-ਰਾਜੀ ਨਾਕੇ ਸਥਾਪਿਤ ਕੀਤੇ ਗਏ ਹਨ। ਇਨ੍ਹਾਂ ਵਿੱਚ ਝਰਮੜੀ ਬੈਰੀਅਰ ਲਾਲੜੂ, ਬੱਸ ਸਟੈਂਡ ਹੰਡੇਸਰਾ, ਸੀਸਵਾਂ ਟੀ-ਪੁਆਇੰਟ ਮਾਜਰਾ, ਸੇਖੋਂ ਬੈਂਕਵੈਟ ਢਕੋਲੀ-ਜ਼ੀਰਕਪੁਰ, ਬੇਹੜਾ ਮੋੜ ਡੇਰਾਬੱਸੀ ਅਤੇ ਰਾਮਗੜ੍ਹ-ਦਫ਼ਰਪੁਰ ਰੋਡ ਮੁਬਾਰਕਪੁਰ ਸ਼ਾਮਲ ਹਨ।

ਡਿਪਟੀ ਕਮਿਸ਼ਨਰ ਨੇ ਸਾਰੇ ਸਬੰਧਤ ਵਿਭਾਗਾਂ ਅਤੇ ਖਰੀਦ ਏਜੰਸੀਆਂ ਨੂੰ ਖਰੀਫ ਸੀਜ਼ਨ 2026-27 ਦੌਰਾਨ ਸਰਕਾਰੀ ਖਰੀਦ ਨੀਤੀ ਵਿੱਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਆੜ੍ਹਤੀਆਂ, ਮਿਲਰਾਂ, ਟਰਾਂਸਪੋਰਟਰਾਂ ਅਤੇ ਹੋਰ ਸਬੰਧਤ ਧਿਰਾਂ ਨੂੰ ਵੀ ਪ੍ਰਸ਼ਾਸਨ ਨਾਲ ਪੂਰਨ ਸਹਿਯੋਗ ਕਰਨ ਦੀ ਅਪੀਲ ਕੀਤੀ, ਤਾਂ ਜੋ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਵਿੱਚ ਕਿਸੇ ਕਿਸਮ ਦੀ ਦਿੱਕਤ ਪੇਸ਼ ਨਾ ਆਵੇ।

ਮਾਡਲ ਕਰੀਅਰ ਸੈਂਟਰ(ਐੱਮ.ਸੀ.ਸੀ) ਵੱਲੋਂ 24 ਸਤੰਬਰ ਨੂੰ ਲਗਾਇਆ ਜਾਵੇਗਾ ਪਲੇਸਮੈਂਟ ਕੈਂਪ

ਸਾਹਿਬਜ਼ਾਦਾ ਅਜੀਤ ਸਿੰਘ. ਨਗਰ, 23 ਸਤੰਬਰ (ਪੈ.ਗ਼ਾਮ-ਏ-ਜਗਤ)

ਮਾਡਲ ਕਰੀਅਰ ਸੈਂਟਰ, ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਐਸ.ਏ.ਐਸ. ਨਗਰ ਵੱਲੋਂ 24 ਸਤੰਬਰ 2026 ਦਿਨ ਵੀਰਵਾਰ ਪਲੇਸਮੈਂਟ ਕੈਂਪ ਦਾ ਆਯੋਜਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਕਮਰਾ ਨੰ. 461, ਤੀਜੀ ਮੰਜਿਲ, ਸੈਕਟਰ-76 ਐਸ.ਏ.ਐਸ. ਨਗਰ ਵਿਖੇ ਕੀਤਾ ਜਾ ਰਿਹਾ ਹੈ।

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਡਿਪਟੀ ਡਾਇਰੈਕਟਰ, ਹਰਪ੍ਰੀਤ ਸਿੰਘ ਮਾਨਸ਼ਾਹੀਆਂ ਵੱਲੋਂ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ

- **ਐਨ.ਆਈ.ਆਈ.ਟੀ., ਬਲਿੰਕਿਟ ਸਮੇਤ ਵੱਖ-ਵੱਖ ਕੰਪਨੀਆਂ ਵੱਲੋਂ ਕੀਤੀ ਜਾਵੇਗੀ ਉਮੀਦਵਾਰਾਂ ਦੀ ਚੋਣ**

ਹੈ। ਜਿਸ ਤਹਿਤ ਉਕਤ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾਣਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਐਨ ਆਈ ਆਈ ਟੀ, ਬਲਿੰਕਿਟ, ਗੁਰੂਦੇਵ ਯੂਨੀਫਾਈਡ ਇਨਫਰਾ ਟੈਕ ਸੋਲਿਯੂਸ਼ਨਜ਼ ਅਤੇ ਕੁਏਸ ਕਾਰਪ ਦੀਆਂ ਵੱਖ ਵੱਖ ਅਸਾਮੀਆਂ ਲਈ 12ਵੀਂ ਅਤੇ ਗਰੈਜੁਏਟ ਪਾਸ ਪ੍ਰਾਰਥੀਆਂ ਦੀ ਚੋਣ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਚੁਣੇ ਗਏ ਪ੍ਰਾਰਥੀਆਂ ਦੀ ਤਨਖਾਹ ਕੰਪਨੀ ਨੋਰਮਜ਼ ਅਨੁਸਾਰ ਹੋਵੇਗੀ ਅਤੇ ਕੰਮ ਕਰਨ ਦਾ ਸਥਾਨ ਮੋਹਾਲੀ ਹੋਵੇਗਾ।

ਉਨ੍ਹਾਂ ਉਮੀਦਵਾਰਾਂ ਨੂੰ ਅਪੀਲ ਕਰਦਿਆ ਕਿਹਾ ਕਿ ਇਸ ਮੌਕੇ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ।

ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿਚ ਭਾਗ ਲੈਣ ਲਈ ਆਪਦੀ ਯੋਗਤਾ ਦੇ ਸਾਰੇ ਅਸਲ ਸਰਟੀਫਿਕੇਟ, ਉਨ੍ਹਾਂ ਦੀਆ ਫੋਟੋ ਕਾਪੀਆਂ, ਰਿਜ਼ਿਊਮ ਸਮੇਤ ਫਾਰਮਲ ਡਰੈੱਸ ਵਿੱਚ ਸਮੇਂ ਸਿਰ ਆਉਣ ਦੀ ਖੇਚਲ ਕਰਨ। ਇਸ ਪਲੇਸਮੈਂਟ ਕੈਂਪ ਲਈ ਕੋਈ ਟੀ.ਏ./ਡੀ.ਏ. ਮਿਲਣਯੋਗ ਨਹੀਂ ਹੋਵੇਗਾ।

ਖਰੜ ਦੇ ਪਿੰਡ ਨੰਗਲ ਫੈਜ਼ਗੜ੍ਹ, ਗੱਬੇ ਮਾਜਰਾ ਤੇ ਰਸਨਹੇੜੀ ਵਿਖੇ ਸ੍ਰੀ ਗੁਰੂ ਰਵੀਦਾਸ ਜੀ ਦੇ ਜੀਵਨ 'ਤੇ ਆਧਾਰਿਤ ਡਾਕੂਮੈਂਟਰੀ ਦਾ ਪ੍ਰਦਰਸ਼ਨ

ਖਰੜ, 23 ਸਤੰਬਰ (ਪੈ.ਗ਼ਾਮ-ਏ-ਜਗਤ)

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 30 ਮਿੰਟ ਦੀ ਵਿਸ਼ੇਸ਼ ਡਾਕੂਮੈਂਟਰੀ ਖਰੜ ਬਲਾਕ ਦੇ ਪਿੰਡ ਨੰਗਲ ਫੈਜ਼ਗੜ੍ਹ, ਗੱਬੇ ਮਾਜਰਾ ਅਤੇ ਰਸਨਹੇੜੀ ਵਿਖੇ ਐਲ.ਈ.ਡੀ. ਸਕਰੀਨ ਰਾਹੀਂ ਦਿਖਾਈ ਗਈ।

ਇਸ ਮੌਕੇ ਪਿੰਡ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਡਾਕੂਮੈਂਟਰੀ ਦੇਖੀ। ਡਾਕੂਮੈਂਟਰੀ ਵਿੱਚ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਸਮਾਜ ਨੂੰ ਦਿੱਤੇ ਬਰਾਬਰੀ, ਭਾਈਚਾਰੇ ਅਤੇ ਮਨੁੱਖਤਾ ਦੇ ਸੰਦੇਸ਼ ਨੂੰ ਦਰਸਾਇਆ ਗਿਆ।

ਉੱਪ ਮੰਡਲ ਮੈਜਿਸਟ੍ਰੇਟ, ਖਰੜ



ਸ੍ਰੀ ਗੁਰਮੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਹ ਡਾਕੂਮੈਂਟਰੀ ਪਿੰਡ-ਪਿੰਡ ਦਿਖਾਉਣ ਦਾ ਉਦੇਸ਼ ਲੋਕਾਂ, ਖਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨਾਲ ਜੋੜਨਾ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਸਾਨੂੰ ਆਪਸੀ ਪਿਆਰ, ਬਰਾਬਰੀ ਅਤੇ ਭਾਈਚਾਰਕ ਸਾਂਝ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅੱਜ ਵੀ ਸਮਾਜ ਲਈ ਬਹੁਤ ਮਹੱਤਵਪੂਰਨ ਹਨ ਅਤੇ ਸਾਨੂੰ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਆਪਸੀ ਪਿਆਰ, ਸਤਿਕਾਰ, ਭਾਈਚਾਰਕ ਸਾਂਝ ਅਤੇ ਮਨੁੱਖਤਾ ਦੀ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਐਸ.ਡੀ.ਐਮ. ਖਰੜ ਨੇ ਕਿਹਾ ਕਿ ਐਲ.ਈ.ਡੀ. ਸਕਰੀਨ ਰਾਹੀਂ ਪਿੰਡਾਂ ਵਿੱਚ ਦਿਖਾਈ ਜਾ ਰਹੀ ਇਹ ਡਾਕੂਮੈਂਟਰੀ ਲੋਕਾਂ ਨੂੰ ਗੁਰੂ ਸਾਹਿਬ ਦੇ ਜੀਵਨ ਅਤੇ ਵਿਚਾਰਧਾਰਾ ਨਾਲ ਜੋੜਨ ਦਾ ਪ੍ਰਭਾਵਸ਼ਾਲੀ ਸਾਧਨ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਧਾਰਮਿਕ ਅਤੇ ਜਾਗਰੂਕਤਾ ਪ੍ਰੋਗਰਾਮਾਂ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਅਤੇ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ। ਉਨ੍ਹਾਂ ਕਿਹਾ ਕਿ ਸਾਨੂੰ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਂਦੇ ਹੋਏ ਸਮਾਜ ਵਿੱਚ ਆਪਸੀ ਸਾਂਝ ਅਤੇ ਸਦਭਾਵਨਾ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਮੌਕੇ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਡਾਕੂਮੈਂਟਰੀ ਰਾਹੀਂ ਗੁਰੂ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਦੇ ਸੰਦੇਸ਼ ਬਾਰੇ ਜਾਣਕਾਰੀ ਪ੍ਰਾਪਤ ਕੀਤੀ।

ਆਰ.ਟੀ.ਓ. ਐੱਸ.ਏ.ਐੱਸ. ਨਗਰ ਵੱਲੋਂ ਡੇਰਾਬੱਸੀ ਵਿੱਚ ਹੋਰ ਰਾਜਾਂ ਦੇ ਸੈਲਾਨੀ ਵਾਹਨਾਂ ਵੱਲੋਂ ਪੰਜਾਬ ਟੈਕਸ ਦੀ ਉਲੰਘਣਾ ਵਿਰੁੱਧ ਸਖ਼ਤ ਕਾਰਵਾਈ

ਐੱਸ.ਏ.ਐੱਸ. ਨਗਰ, 23 ਸਤੰਬਰ (ਪੈ.ਗ਼ਾਮ-ਏ-ਜਗਤ)

ਅੰਤਰ-ਰਾਜੀ ਸੈਲਾਨੀ ਟਰਾਂਸਪੋਰਟ ਆਪਰੇਟਰਾਂ ਵੱਲੋਂ ਪੰਜਾਬ ਵਿੱਚ ਟੈਕਸ ਦੀ ਕਥਿਤ ਉਲੰਘਣਾ ਸਬੰਧੀ ਪ੍ਰਾਪਤ ਸ਼ਿਕਾਇਤਾਂ ਦੇ ਮੱਦੇਨਜ਼ਰ ਖੇਤਰੀ ਟਰਾਂਸਪੋਰਟ ਦਫ਼ਤਰ (ਆਰ.ਟੀ.ਓ.), ਐੱਸ.ਏ.ਐੱਸ. ਨਗਰ ਵੱਲੋਂ ਡੇਰਾਬੱਸੀ ਸਬ-ਡਿਵੀਜ਼ਨ ਵਿੱਚ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ। ਇਹ ਚੈਕਿੰਗ ਮੁਹਿੰਮ ਖੇਤਰੀ ਟਰਾਂਸਪੋਰਟ ਅਫ਼ਸਰ ਹਰਪ੍ਰੀਤ ਸਿੰਘ ਅਟਵਾਲ ਦੀ ਅਗਵਾਈ ਹੇਠ ਸਹਾਇਕ ਖੇਤਰੀ ਟਰਾਂਸਪੋਰਟ ਅਫ਼ਸਰ ਗਗਨਦੀਪ ਸਿੰਘ ਅਤੇ ਵਿਭਾਗੀ ਇਨਫੋਰਸਮੈਂਟ ਸਟਾਫ਼ ਵੱਲੋਂ ਚਲਾਈ ਗਈ। ਟੀਮ ਵੱਲੋਂ ਡੇਰਾਬੱਸੀ ਦੇ ਮੁੱਖ ਮਾਰਗਾਂ 'ਤੇ ਅਚਨਚੇਤ ਨਾਕੇ ਲਗਾ ਕੇ ਹੋਰ ਰਾਜਾਂ ਤੋਂ ਆਉਣ ਵਾਲੇ ਵਪਾਰਕ ਸਵਾਰੀ ਵਾਹਨਾਂ ਦੀ ਪੰਜਾਬ ਰਾਜ ਦੇ ਲਾਜ਼ਮੀ ਰੋਡ ਟੈਕਸ, ਪੈਸੇਂਜਰ ਟੈਕਸ, ਪਰਮਿਟ ਅਤੇ ਹੋਰ ਦਸਤਾਵੇਜ਼ਾਂ ਸਬੰਧੀ ਜਾਂਚ ਕੀਤੀ ਗਈ।

ਚੈਕਿੰਗ ਦੌਰਾਨ 10 ਸੈਲਾਨੀ ਬੱਸਾਂ ਅਤੇ 3 ਫੋਰਸ ਅਰਬਨੀਆ ਵੈਨਾਂ ਸਮੇਤ ਹੋਰ ਵਪਾਰਕ ਸਵਾਰੀ ਵਾਹਨਾਂ ਦੇ ਚਲਾਨ ਕੀਤੇ ਗਏ। ਇਨ੍ਹਾਂ ਵਾਹਨਾਂ ਵੱਲੋਂ ਮੋਟਰ ਵਹੀਕਲ ਕਾਨੂੰਨਾਂ ਦੀ ਉਲੰਘਣਾ ਅਤੇ ਪੰਜਾਬ ਵਿੱਚ ਲਾਗੂ ਟੈਕਸਾਂ ਦੀ

- **8.22 ਲੱਖ ਰੁਪਏ ਦੇ ਜੁਰਮਾਨੇ ਤੇ ਟੈਕਸ ਬਕਾਏ ਲਗਾਏ; ਕਈ ਸੈਲਾਨੀ ਬੱਸਾਂ ਅਤੇ ਫੋਰਸ ਅਰਬਨੀਆ ਵਾਹਨ ਜ਼ਬਤ**



ਅਦਾਇਗੀ ਨਾ ਕਰਨ ਸਬੰਧੀ ਕਾਰਵਾਈ ਕੀਤੀ ਗਈ। ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ/ਆਪਰੇਟਰਾਂ ਤੋਂ ਕੁੱਲ 8.22 ਲੱਖ ਰੁਪਏ ਦੇ ਕੰਪਾਊਂਡਿੰਗ ਫੀਸ ਅਤੇ ਟੈਕਸ ਬਕਾਏ ਵਸੂਲਣ ਲਈ ਲਗਾਏ ਗਏ।

ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਵਾਹਨਾਂ ਨੂੰ ਮੌਕੇ 'ਤੇ ਹੀ ਜ਼ਬਤ ਕਰਕੇ ਲਹਿਲੀ ਅਤੇ ਲਾਲੜੂ ਪੁਲਿਸ ਥਾਣਿਆਂ ਵਿੱਚ ਖੜ੍ਹਾ ਕਰਵਾਇਆ ਗਿਆ। ਇਹ ਵਾਹਨ ਲੋੜੀਂਦੀਆਂ ਰੈਗੂਲੇਟਰੀ ਕਾਰਵਾਈਆਂ ਅਤੇ ਟੈਕਸ ਬਕਾਏ ਦੇ ਨਿਪਟਾਰੇ ਤੱਕ ਉੱਥੇ ਰਹਿਣਗੇ।

ਆਰ.ਟੀ.ਓ. ਵੱਲੋਂ ਹੋਰ ਰਾਜਾਂ ਵਿੱਚ ਰਜਿਸਟਰਡ ਸੈਲਾਨੀ ਬੱਸਾਂ, ਮੈਕਸੀ ਕੈਬਾਂ ਅਤੇ ਲਗਜ਼ਰੀ ਸਵਾਰੀ ਵਾਹਨਾਂ ਦੇ ਆਪਰੇਟਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਪੰਜਾਬ ਵਿੱਚ ਦਾਖ਼ਲ ਹੋਣ ਅਤੇ ਵਾਹਨ ਚਲਾਉਣ ਤੋਂ ਪਹਿਲਾਂ ਸਾਰੇ ਲਾਗੂ ਟੈਕਸ ਅਦਾ ਕਰਨ ਅਤੇ ਵੈਧ ਪਰਮਿਟ ਤੇ ਲੋੜੀਂਦੇ ਅਧਿਕਾਰਤ ਦਸਤਾਵੇਜ਼ ਆਪਣੇ ਕੋਲ ਰੱਖਣ। ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨ ਅਨੁਸਾਰ ਜੁਰਮਾਨੇ ਅਤੇ ਵਾਹਨ ਜ਼ਬਤ ਕਰਨ ਸਮੇਤ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਆਰ.ਟੀ.ਓ. ਨੇ ਕਿਹਾ ਕਿ ਐੱਸ.ਏ.ਐੱਸ. ਨਗਰ ਦੇ ਅੰਤਰ-ਰਾਜੀ ਮਾਰਗਾਂ 'ਤੇ ਟੈਕਸ ਚੋਰੀ ਅਤੇ ਬਿਨਾਂ ਅਧਿਕਾਰਤ ਮਨਜ਼ੂਰੀ ਦੇ ਵਾਹਨਾਂ ਦੇ ਸੰਚਾਲਨ ਵਿਰੁੱਧ ਚੈਕਿੰਗ ਮੁਹਿੰਮ ਲਗਾਤਾਰ ਜਾਰੀ ਰਹੇਗੀ।

ਚੰਦ ਫਤਿਹਪੁਰੀ ਨੂੰ ਸ਼ਰਧਾਂਜਲੀਆਂ ਭੇਂਟ

ਪੈ.ਗ਼ਾਮ-ਏ-ਜਗਤ/ਬਠਿੰਡਾ, (ਬਲਵਿੰਦਰ ਸਿੰਘ ਭੁੱਲਰ)

ਰੋਜ਼ਾਨਾ ਨਵਾਂ ਜ਼ਮਾਨਾ ਦੇ ਸੰਪਾਦਕ ਕਾ. ਚੰਦ ਫਤਿਹਪੁਰੀ ਦੀ ਬੇਵਕਤ ਮੌਤ ਨਾਲ ਬਠਿੰਡਾ ਦੇ ਸਾਹਿਤਕ ਹਲਕਿਆਂ ਵਿੱਚ ਗਹਿਰਾ ਦੁੱਖ ਮਹਿਸੂਸ ਕੀਤਾ ਗਿਆ। ਨਵਾਂ ਜ਼ਮਾਨਾ ਅਖ਼ਬਾਰ ਲਈ ਸੰਪਾਦਕ ਵਜੋਂ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ। ਪੰਜਾਬੀ ਸਾਹਿਤ ਸਭਾ ਰਜਿ ਬਠਿੰਡਾ ਦੇ ਪ੍ਰਧਾਨ ਜਸਪਾਲ ਮਾਨਖੇੜਾ, ਜਰਨਲ ਸਕੱਤਰ ਰਣਜੀਤ ਗੌਰਵ ਨੇ ਡੂੰਘੇ ਗਮ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਚੰਦ ਫਤਿਹਪੁਰੀ ਨੂੰ ਭਾਵੇਂ ਨਾਮੁਰਾਦ ਬਿਮਾਰੀ ਨੇ ਘੇਰ ਲਿਆ ਸੀ ਫਿਰ ਵੀ ਉਹ ਆਖ਼ਰੀ ਸਾਹਾਂ ਤੱਕ ਅਖ਼ਬਾਰ ਪ੍ਰਤੀ ਸੁਹਿਰਦ ਅਤੇ ਸਮਰਪਿਤ ਰਹੇ। ਸਾਹਿਤ ਸਭਾ ਦੇ ਆਹੁਦੇਦਾਰਾਂ ਗੁਰਦੇਵ ਖੋਖਰ, ਬਲਵਿੰਦਰ ਸਿੰਘ ਭੁੱਲਰ, ਦਿਲਬਾਗ ਸਿੰਘ, ਹਰਬੰਸ ਲਾਲ ਗਰਗ,ਅਗਾਜਬੀਰ, ਰਮੇਸ਼ ਗਰਗ,ਅਮਨ ਦਾਤੇਵਾਸ ਨੇ ਵਿਛੜੇ ਸਾਥੀ ਨੂੰ ਸਰਧਾਂਜਲੀ ਭੇਂਟ ਕੀਤੀ। ਸਾਥੀ ਚੰਦ ਫਤਿਹਪੁਰੀ ਦੇ ਦੁੱਖ ਵਿੱਚ ਰਣਬੀਰ ਰਾਣਾ,ਦਮਜੀਤ ਦਰਸ਼ਨ,ਡਾ. ਰਵਿੰਦਰ ਸਿੰਘ ਸੰਧੂ, ਭੋਲਾ ਸਿੰਘ ਸ਼ਮੀਰੀਆ, ਪ੍ਰਿੰਸੀਪਲ ਅਮਰਜੀਤ ਸਿੰਘ ਸਿੱਧੂ,ਅਮਰ ਸਿੰਘ ਸਿੱਧੂ, ਹਰਬੰਸ ਸਿੰਘ ਬਰਾੜ,ਪਵਨ ਕੁਮਾਰ ਜਿੰਦਲ, ਗੋਪਾਲ ਸਿੰਘ ਵੀ ਸ਼ਰੀਕ ਹਨ। ਟੀਚਰਜ਼ ਹੋਮ ਟਰੱਸਟ ਦੇ ਚੇਅਰਮੈਨ ਬੀਰਬਲ ਦਾਸ, ਪ੍ਰਧਾਨ ਗੁਰਬਚਨ ਸਿੰਘ ਮੰਦਰਾਂ, ਜਨਰਲ ਸਕੱਤਰ ਲਛਮਣ ਮਲੂਕਾ,ਰਘਬੀਰ ਸ਼ਰਮਾ,ਖੁਰਸਚੇਵ ਸ਼ਰਮਾ, ਪਰਮਜੀਤ ਸਿੰਘ ਨੇ ਵਿਛੜੇ ਸਾਥੀ ਸ਼ਰਧਾ ਸੁਮਨ ਭੇਂਟ ਕੀਤੇ।

ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਭੈਣੀ ਮਹਿਰਾਜ ਦੀਆਂ ਸੰਗਤਾਂ ਹੋਈਆਂ ਨਤਮਸਤਕ



ਪੈ.ਗ਼ਾਮ-ਏ-ਜਗਤ/ਹਰੋਲੀ/ਊਨਾ 23 ਸਤੰਬਰ (ਰਾਜਵੀਰ ਚੋਪੜਾ)

ਸ੍ਰੀ ਗੁਰੂ ਰਵਿਦਾਸ ਇਤਿਹਾਸਿਕ ਧਰਮ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਭੈਣੀ ਮਹਿਰਾਜ ਸੰਗਰੂਰ ਦੀਆਂ ਸੰਗਤਾਂ ਨਤਮਸਤਕ ਹੋਣ ਲਈ ਪਹੁੰਚੀਆਂ। ਸੰਗਤਾਂ ਵੱਲੋਂ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਦੀ ਚੱਲ ਰਹੀ ਕਾਰ ਸੇਵਾ ਵਿੱਚ ਯੋਗਦਾਨ ਪਾਇਆ। ਬਾਬਾ ਨਰੇਸ਼ ਸਿੰਘ ਜੀ ਵੱਲੋਂ ਸੰਗਤਾਂ ਨੂੰ ਗੁਰੂ ਘਰ ਦੇ ਇਤਿਹਾਸ ਨਾਲ ਜੋੜਿਆ ਗਿਆ ਅਤੇ ਸੰਗਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਭੈਣੀ ਮਹਿਰਾਜ ਦੇ ਪ੍ਰਧਾਨ ਸਰਦਾਰ ਮਲਕੀਤ ਸਿੰਘ, ਮੁਹੱਬਤ ਸਿੰਘ ਜਗਤਾਰ ਸਿੰਘ, ਅਵਤਾਰ ਸਿੰਘ, ਮਿੰਟੂ ਅਮਨੀ ਹਾਜ਼ਰ ਸਨ।

ਖਰੜ ਵਿਖੇ ਲਾਇਨਜ਼ ਇੰਟਰਨੈਸ਼ਨਲ ਦੀ ਡਿਸਟ੍ਰਿਕਟ ਗਵਰਨਰਜ਼ ਜ਼ੋਨ ਐਡਵਾਈਜ਼ਰੀ ਮੀਟਿੰਗ ਹੋਈ

ਪੈ.ਗ਼ਾਮ-ਏ-ਜਗਤ/ਖਰੜ 23 ਸਤੰਬਰ (ਤਿਲਕ ਰਾਜ)

ਲਾਇਨਜ਼ ਇੰਟਰਨੈਸ਼ਨਲ ਡਿਸਟ੍ਰਿਕਟ 321-6 ਦੇ ਰੀਜਨ 14 ਅਧੀਨ ਜ਼ੋਨ 1, 2 ਅਤੇ 3 ਦੀ ਡਿਸਟ੍ਰਿਕਟ ਗਵਰਨਰਜ਼ ਜ਼ੋਨ ਐਡਵਾਈਜ਼ਰੀ ਮੀਟਿੰਗ ਹੋਟਲ ਕਲੱਬ ਹਾਊਸ, ਲਾਂਡਰਾਂ ਰੋਡ, ਖਰੜ ਵਿਖੇ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਵੱਖ-ਵੱਖ ਲਾਇਨਜ਼ ਕਲੱਬਾਂ ਦੇ ਅਹੁਦੇਦਾਰਾਂ ਅਤੇ ਰੀਜਨ ਕੋਆਰਡੀਨੇਟਰਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਸਾਬਕਾ ਡਿਸਟ੍ਰਿਕਟ ਗਵਰਨਰ ਪੀ ਐਮ ਜੇ ਐੱਫ ਲਾਇਨ ਪ੍ਰੀਤ ਕੰਵਲ ਸਿੰਘ, ਡਿਸਟ੍ਰਿਕਟ ਐਡਮਿਨਿਸਟ੍ਰੇਟਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਐਮ ਜੇ ਐੱਫ ਲਾਇਨ ਅਮਨਦੀਪ ਸਿੰਘ ਗੁਲਾਟੀ, ਰੀਜਨ ਚੇਅਰਪਰਸਨ ਗੈਸਟ ਆਫ਼ ਆਨਰ ਵਜੋਂ ਹਾਜ਼ਰ ਰਹੇ। ਮੀਟਿੰਗ ਦੀ ਮੇਜ਼ਬਾਨੀ



ਲਾਇਨ ਹਰਬੰਸ ਸਿੰਘ, ਜ਼ੋਨ ਚੇਅਰਪਰਸਨ-1; ਲਾਇਨ ਸੰਦੀਪ ਵਰਮਾ, ਜ਼ੋਨ ਚੇਅਰਪਰਸਨ-2 ਅਤੇ MJF ਲਾਇਨ ਨਵੀਨ ਕੇ. ਗੁਪਤਾ, ਜ਼ੋਨ ਚੇਅਰਪਰਸਨ-3 ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ।

ਮੀਟਿੰਗ ਦੌਰਾਨ ਕਲੱਬਾਂ ਦੀਆਂ ਗਤੀਵਿਧੀਆਂ, ਮੈਂਬਰਸ਼ਿਪ, ਸਮਾਜ ਸੇਵਾ ਪ੍ਰੋਜੈਕਟਾਂ ਅਤੇ ਡਿਸਟ੍ਰਿਕਟ ਦੇ ਟੀਚਿਆਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਕਲੱਬ ਅਹੁਦੇਦਾਰਾਂ ਨੇ ਆਪਣੇ ਕਲੱਬਾਂ ਵੱਲੋਂ ਕੀਤੇ ਜਾ ਰਹੇ ਸੇਵਾ ਕਾਰਜਾਂ ਅਤੇ ਆਉਣ ਵਾਲੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਪੀ ਐਮ ਜੇ ਐੱਫ ਲਾਇਨ ਪ੍ਰੀਤ ਕੰਵਲ ਸਿੰਘ ਨੇ ਕਿਹਾ ਕਿ ਲਾਇਨਜ਼ ਕਲੱਬਾਂ ਦੀ ਅਸਲ ਤਾਕਤ ਟੀਮ ਵਰਕ ਅਤੇ ਸਮਾਜ ਦੀ ਨਿਰਸਵਾਰਥ ਸੇਵਾ ਵਿੱਚ ਹੈ। ਉਨ੍ਹਾਂ ਨੇ ਕਲੱਬਾਂ ਨੂੰ ਵੱਧ ਤੋਂ ਵੱਧ ਲੋਕ-ਭਲਾਈ ਦੇ ਪ੍ਰੋਜੈਕਟ ਕਰਨ, ਨਵੇਂ ਮੈਂਬਰਾਂ ਨੂੰ ਲਾਇਨਿਜ਼ਮ ਨਾਲ ਜੋੜਨ ਅਤੇ ਆਪਸੀ ਤਾਲਮੇਲ ਨਾਲ ਡਿਸਟ੍ਰਿਕਟ ਦੇ ਟੀਚਿਆਂ ਦੀ ਪ੍ਰਾਪਤੀ ਲਈ ਕੰਮ ਕਰਨ ਦਾ ਸੱਦਾ ਦਿੱਤਾ।ਰੀਜਨ ਚੇਅਰਪਰਸਨ ਐਮ ਜੇ ਐੱਫ ਲਾਇਨ ਅਮਨਦੀਪ ਸਿੰਘ ਗੁਲਾਟੀ ਨੇ ਜ਼ੋਨ 1, 2 ਅਤੇ 3 ਦੇ ਕਲੱਬਾਂ ਵੱਲੋਂ ਕੀਤੇ ਜਾ ਰਹੇ ਸੇਵਾ ਕਾਰਜਾਂ ਦੀ ਸਮੀਖਿਆ ਕੀਤੀ ਅਤੇ ਕਲੱਬ ਅਹੁਦੇਦਾਰਾਂ ਨੂੰ ਆਪਸੀ ਸਹਿਯੋਗ ਨਾਲ ਸੇਵਾ ਗਤੀਵਿਧੀਆਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਪ੍ਰੇਰਿਤ ਕੀਤਾ। ਮੀਟਿੰਗ ਵਿੱਚ ਜ਼ੋਨ 1, 2 ਅਤੇ 3 ਅਧੀਨ ਆਉਂਦੇ ਖਰੜ, ਕੁਰਾਲੀ, ਰੋਪੜ, ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਮੋਰਿੰਡਾ ਤੇ ਮੋਹਾਲੀ ਦੇ ਲਾਇਨਜ਼ ਕਲੱਬਾਂ ਦੇ ਪ੍ਰਧਾਨਾਂ, ਸਕੱਤਰਾਂ, ਖਜ਼ਾਨਚੀਆਂ, ਪੀ.ਆਰ.ਓ., ਮੀਤ ਪ੍ਰਧਾਨਾਂ ਅਤੇ ਰੀਜਨ ਕੋਆਰਡੀਨੇਟਰਾਂ ਨੇ ਹਿੱਸਾ ਲਿਆ। ਇਸ ਮੌਕੇ ਡਿਸਟ੍ਰਿਕਟ ਗਲੋਬਲ ਲੀਡਰਸ਼ਿਪ ਟੀਮ ਕੋਆਰਡੀਨੇਟਰ ਐਮ ਜੇ ਐੱਫ ਲਾਇਨ ਸ਼ਿਆਮ ਗੌਤਮ ਨੇ ਵੀ ਆਪਣੀ ਹਾਜ਼ਰੀ ਲਗਵਾਈ।ਅੰਤ ਵਿੱਚ ਜ਼ੋਨ ਚੇਅਰਪਰਸਨਾਂ ਵੱਲੋਂ ਸਮੂਹ ਮਹਿਮਾਨਾਂ ਅਤੇ ਕਲੱਬ ਅਹੁਦੇਦਾਰਾਂ ਦਾ ਮੀਟਿੰਗ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ ਗਿਆ ਅਤੇ ਸਮਾਜ ਸੇਵਾ ਦੇ ਕਾਰਜਾਂ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਉਣ ਦਾ ਸੰਕਲਪ ਲਿਆ ਗਿਆ।

ਵਿਸ਼ਵ ਪੰਜਾਬੀ ਸਭਾ ਕੈਨੇਡਾ 2 ਤੋਂ 4 ਅਕਤੂਬਰ ਤੱਕ ਬਰੈਂਪਟਨ ਵਿੱਚ 7ਵੀਂ ਇੰਟਰਨੈਸ਼ਨਲ ਪੰਜਾਬੀ ਕਾਨਫਰੰਸ ਕਰੇਗੀ

ਪੈ.ਗ਼ਾਮ-ਏ-ਜਗਤ/ਰਤੀਆ 23 ਸਤੰਬਰ (ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ 2 ਤੋਂ 4 ਅਕਤੂਬਰ, 2026 ਤੱਕ ਸਾਊਥ ਹਾਲ, ਬਰੈਂਪਟਨ, ਓਨਟਾਰੀਓ ਵਿੱਚ 7ਵੀਂ ਇੰਟਰਨੈਸ਼ਨਲ ਪੰਜਾਬੀ ਕਾਨਫਰੰਸ ਦਾ ਆਯੋਜਨ ਕੀਤਾ ਜਾ ਰਿਹਾ ਹੈ। ਤਿੰਨ ਦਿਨਾਂ ਇਸ ਸੰਮੇਲਨ ਵਿੱਚ ਦੁਨੀਆ ਦੇ ਵੱਖ-ਵੱਖ ਦੇਸ਼ਾਂ ਤੋਂ ਵਿਦਵਾਨ, ਲੇਖਕ, ਕਵੀ, ਖੋਜਕਰਤਾ ਅਤੇ ਪੰਜਾਬੀ ਭਾਸ਼ਾ ਪ੍ਰੇਮੀ ਹਿੱਸਾ ਲੈਣਗੇ।

- **ਪੰਜਾਬੀ ਸਾਹਿਤ, ਭਾਸ਼ਾ, ਸੱਭਿਆਚਾਰ ਅਤੇ ਸਮਾਜ ਵਿੱਚ ਔਰਤਾਂ ਦੀ ਭੂਮਿਕਾ 'ਤੇ ਹੋਵੇਗੀ ਚਰਚਾ : ਡਾ. ਕਥੂਰੀਆ**

ਸੰਮੇਲਨ ਦੇ ਸਬੰਧ ਵਿੱਚ ਵਿਸ਼ਵ ਪੰਜਾਬੀ ਸਭਾ ਦੀ ਹਰਿਆਣਾ ਯੂਨਿਟ ਦੇ ਪ੍ਰਧਾਨ ਡਾ. ਨਾਇਬ ਸਿੰਘ ਮੰਡੇਰ ਨੇ ਰਤੀਆ ਵਿੱਚ ਇੱਕ ਵਿਸ਼ੇਸ਼ ਔਨਲਾਈਨ ਮੀਟਿੰਗ ਆਯੋਜਿਤ ਕੀਤੀ। ਇਸ ਵਿੱਚ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਰਪ੍ਰਸਤ ਡਾ. ਪ੍ਰਗਟ ਸਿੰਘ ਬੱਗਾ ਅਤੇ ਇੰਡੀਆ ਯੂਨਿਟ ਦੇ ਪ੍ਰਧਾਨ ਕਵੀ ਸਤਬੀਰ ਸਿੰਘ ਸ਼ਿਫਰ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

ਮੀਟਿੰਗ ਵਿੱਚ ਡਾ. ਦਲਬੀਰ ਸਿੰਘ ਕਥੂਰੀਆ ਨੇ ਦੱਸਿਆ ਕਿ ਸੰਮੇਲਨ ਦਾ ਮੁੱਖ ਉਦੇਸ਼ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਰਹਿ ਰਹੇ





ਪੰਜਾਬੀਆਂ ਨੂੰ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਸਾਂਝੇ ਮੰਚ 'ਤੇ ਲਿਆਉਣਾ ਅਤੇ ਭਾਸ਼ਾ ਦੇ ਵਿਕਾਸ, ਵਿਸਤਾਰ ਅਤੇ ਭਵਿੱਖ ਨਾਲ ਜੁੜੇ ਮਹੱਤਵਪੂਰਨ ਮੁੱਦਿਆਂ 'ਤੇ ਗੰਭੀਰ ਚਰਚਾ ਕਰਨਾ ਹੈ। ਇਸ ਵਾਰ ਸੰਮੇਲਨ ਵਿੱਚ 'ਪੰਜਾਬੀ ਸਾਹਿਤ ਅਤੇ ਸਮਾਜ ਵਿੱਚ ਔਰਤਾਂ ਦੀ ਤਸਵੀਰ' ਵਿਸ਼ੇ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਸੰਮੇਲਨ ਵਿੱਚ ਪੰਜਾਬੀ ਸਾਹਿਤ ਵਿੱਚ ਔਰਤਾਂ ਦੀ ਨੁਮਾਇੰਦਗੀ, ਉਨ੍ਹਾਂ ਦੀ ਸਮਾਜਿਕ ਸਥਿਤੀ, ਸੰਘਰਸ਼, ਅਧਿਕਾਰਾਂ ਅਤੇ ਬਦਲਦੇ ਸਮਾਜ ਵਿੱਚ ਉਨ੍ਹਾਂ ਦੀ ਭੂਮਿਕਾ 'ਤੇ ਚਰਚਾ ਹੋਵੇਗੀ। ਪੰਜਾਬੀ ਕਹਾਣੀਆਂ, ਕਵਿਤਾਵਾਂ ਅਤੇ ਨਾਵਲਾਂ ਵਿੱਚ ਔਰਤਾਂ ਦੇ ਚਿਤਰਣ ਦੇ ਨਾਲ-ਨਾਲ ਪੰਜਾਬੀ ਥੀਏਟਰ, ਗਾਇਕੀ, ਸੰਗੀਤ, ਸਿਨੇਮਾ ਅਤੇ ਮੀਡੀਆ ਵਿੱਚ ਔਰਤਾਂ ਦੀ ਭੂਮਿਕਾ 'ਤੇ ਵੀ ਵਿਦਵਾਨ ਆਪਣੇ ਵਿਚਾਰ ਰੱਖਣਗੇ।

ਸਿੱਖਿਆ ਦੇ ਖੇਤਰ ਵਿੱਚ ਔਰਤਾਂ ਦੇ ਯੋਗਦਾਨ, ਮਹਿਲਾ ਸਿੱਖਿਆ, ਅਧਿਆਪਨ ਅਤੇ ਖੋਜ ਵਿੱਚ ਉਨ੍ਹਾਂ ਦੀ ਭੂਮਿਕਾ ਅਤੇ ਪੰਜਾਬੀ ਭਾਸ਼ਾ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਔਰਤਾਂ ਦੇ ਯੋਗਦਾਨ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪੰਜਾਬੀ ਸਮਾਜ, ਰਾਜਨੀਤੀ ਅਤੇ ਸੱਭਿਆਚਾਰ ਵਿੱਚ ਔਰਤਾਂ ਦੀ ਭਾਗੀਦਾਰੀ ਵੀ ਸੰਮੇਲਨ ਦੇ ਪ੍ਰਮੁੱਖ ਵਿਸ਼ਿਆਂ ਵਿੱਚ ਸ਼ਾਮਲ ਹੈ। ਡਾ. ਕਥੂਰੀਆ ਨੇ ਕਿਹਾ ਕਿ ਪੰਜਾਬੀ ਭਾਸ਼ਾ ਦੁਨੀਆ ਭਰ ਵਿੱਚ ਵਸੇ ਪੰਜਾਬੀਆਂ ਦੀ ਸਾਂਝੀ ਪਛਾਣ ਅਤੇ ਵਿਰਾਸਤ ਦਾ ਮਹੱਤਵਪੂਰਨ ਹਿੱਸਾ ਹੈ। ਵਿਦੇਸ਼ਾਂ ਵਿੱਚ ਰਹਿ ਰਹੀ ਨਵੀਂ ਪੀੜ੍ਹੀ ਨੂੰ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਜੋੜਨ ਲਈ ਅਜਿਹੇ ਅੰਤਰਰਾਸ਼ਟਰੀ ਮੰਚਾਂ ਦੀ ਲੋੜ ਹੈ। ਸੰਮੇਲਨ ਵਿੱਚ ਪੰਜਾਬੀ ਭਾਸ਼ਾ ਦੀਆਂ ਮੌਜੂਦਾ ਚੁਣੌਤੀਆਂ, ਵਿਦੇਸ਼ਾਂ ਵਿੱਚ ਪੰਜਾਬੀ ਦੀ ਸਥਿਤੀ, ਨਵੀਂ ਪੀੜ੍ਹੀ ਵਿੱਚ ਪੰਜਾਬੀ ਪ੍ਰਤੀ ਰੁਚੀ ਅਤੇ ਵਿਸ਼ਵ ਪੱਧਰ 'ਤੇ ਪੰਜਾਬੀ ਸਾਹਿਤ ਦੇ ਵਿਸਤਾਰ ਵਰਗੇ ਮੁੱਦਿਆਂ 'ਤੇ ਵੀ ਚਰਚਾ ਹੋਵੇਗੀ। ਉਨ੍ਹਾਂ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਜੁੜੇ ਲੋਕਾਂ ਨੂੰ ਸੰਮੇਲਨ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਇਸ ਮੌਕੇ 'ਤੇ ਕ੍ਰਿਸ਼ਨ ਚਿੱਤਰਕਾਰ, ਕੈਪਟਨ ਗੁਰਮੁਖ ਸਿੰਘ ਭੁੱਲਰ ਅਮਰੀਕਾ ਸਮੇਤ ਦੇਸ਼-ਵਿਦੇਸ਼ ਤੋਂ ਵਿਦਵਾਨ ਸ਼ਾਮਲ ਹੋਏ।

ਐਸ.ਪੀ. ਕਰਨ ਗੋਇਲ ਵੱਲੋਂ ਤਿੰਨ ਥਾਣਿਆਂ ਦੀ ਅਚਨਚੇਤ ਚੈਕਿੰਗ; ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਜਾਰੀ

ਪੈ.ਗ਼ਾਮ-ਏ-ਜਗਤ/ਕਰਨਾਲ 23 ਸਤੰਬਰ (ਪ੍ਰਵੀਨ ਵਾਲੀਆ)

ਕਰਨਾਲ ਦੇ ਪੁਲਿਸ ਕਪਤਾਨ (ਐਸ.ਪੀ.) ਕਰਨ ਗੋਇਲ (ਆਈ.ਪੀ.ਐਸ.) ਨੇ ਅੱਜ ਜ਼ਿਲ੍ਹੇ ਦੇ ਤਿੰਨ ਥਾਣਿਆਂ—ਘਰੌਂਡਾ, ਮੁਨਕ ਅਤੇ ਅਸੰਧ—ਦਾ ਨਿਰੀਖਣ ਕੀਤਾ। ਇਸ ਦੌਰੇ ਦਾ ਮਕਸਦ ਕਾਨੂੰਨ-ਵਿਵਸਥਾ ਨੂੰ ਹੋਰ ਮਜ਼ਬੂਤ ਕਰਨਾ, ਅਪਰਾਧਾਂ ਨੂੰ ਰੋਕਣਾ ਅਤੇ ਪੁਲਿਸ ਕਾਰਵਾਈਆਂ ਦੀ ਕਾਰਜਕੁਸ਼ਲਤਾ ਨੂੰ ਵਧਾਉਣਾ ਸੀ। ਦੌਰੇ ਦੌਰਾਨ, ਐਸ.ਪੀ. ਨੇ ਥਾਣਿਆਂ ਦੇ ਅਹਾਤੇ ਦਾ ਜਾਇਜ਼ਾ ਲਿਆ ਅਤੇ ਪੁਲਿਸ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ।

ਨਿਰੀਖਣ ਦੌਰਾਨ ਅਸੰਧ ਦੇ ਡੀ.ਐਸ.ਪੀ. ਗੋਰਖਪਾਲ ਰਾਣਾ, ਘਰੌਂਡਾ ਦੇ ਡੀ.ਐਸ.ਪੀ. ਮਨੋਜ ਕੁਮਾਰ, ਤਿੰਨਾਂ ਥਾਣਿਆਂ ਦੇ ਸਟੇਸ਼ਨ ਹਾਊਸ ਅਫ਼ਸਰ (ਐਸ.ਐਚ.ਓ.) ਅਤੇ ਹੋਰ ਸਬੰਧਤ ਪੁਲਿਸ ਮੁਲਾਜ਼ਮ ਮੌਜੂਦ ਸਨ।

ਐਸ.ਪੀ. ਕਰਨ ਗੋਇਲ ਨੇ ਥਾਣਿਆਂ ਦੇ ਦਫ਼ਤਰਾਂ ਦਾ ਨਿਰੀਖਣ ਕੀਤਾ ਅਤੇ ਵੱਖ-ਵੱਖ ਰਜਿਸਟਰਾਂ ਤੇ ਰਿਕਾਰਡਾਂ ਦੀ ਜਾਂਚ ਕੀਤੀ। ਉਨ੍ਹਾਂ ਨੇ ਦਰਜ ਮਾਮਲਿਆਂ, ਲੰਬਿਤ ਜਾਂਚਾਂ, ਅਣ-ਹੱਲ ਸ਼ਿਕਾਇਤਾਂ, ਵਾਰੰਟਾਂ, ਭਗੌੜੇ ਅਪਰਾਧੀਆਂ ਅਤੇ ਹੋਰ ਅਪਰਾਧਿਕ ਮਾਮਲਿਆਂ ਦੀ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੀਆਂ ਜਾਂਚਾਂ ਨਿਰਪੱਖ ਢੰਗ ਨਾਲ ਅਤੇ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਪੂਰੀਆਂ ਕੀਤੀਆਂ ਜਾਣ,



ਤਾਂ ਜੋ ਸ਼ਿਕਾਇਤਕਰਤਾਵਾਂ ਨੂੰ ਥਾਣੇ ਦੇ ਬੇਲੋੜੇ ਅਤੇ ਵਾਰ-ਵਾਰ ਚੱਕਰ ਨਾ ਲਗਾਉਣੇ ਪੈਣ।

ਉਨ੍ਹਾਂ ਨੇ ਲੰਬਿਤ ਮਾਮਲਿਆਂ ਦੀ ਨਿਯਮਤ ਸਮੀਖਿਆ ਕਰਨ ਅਤੇ ਗੰਭੀਰ ਤੇ ਘਿਨਾਉਣੇ ਅਪਰਾਧਾਂ ਨਾਲ ਸਬੰਧਤ ਮਾਮਲਿਆਂ ਵਿੱਚ ਤੁਰੰਤ ਕਾਰਵਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਐਸ.ਪੀ. ਕਰਨ ਗੋਇਲ ਨੇ ਅਧਿਕਾਰੀਆਂ ਨੂੰ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਅਪਰਾਧ ਰੋਕਥਾਮ ਲਈ ਪ੍ਰਭਾਵਸ਼ਾਲੀ ਗਸ਼ਤ ਅਤੇ ਨਿਗਰਾਨੀ ਪ੍ਰਣਾਲੀ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਨੇ ਸ਼ੱਕੀ ਵਿਅਕਤੀਆਂ, ਸਰਗਰਮ ਅਪਰਾਧੀਆਂ, ਨਸ਼ਾ ਤਸਕਰਾਂ, ਗੈਰ-ਕਾਨੂੰਨੀ ਹਥਿਆਰ ਰੱਖਣ ਵਾਲਿਆਂ ਅਤੇ ਹੋਰ ਸਮਾਜ-ਵਿਰੋਧੀ ਅਨਸਰਾਂ 'ਤੇ ਤਿੱਖੀ ਨਜ਼ਰ ਰੱਖਣ ਅਤੇ ਕਾਨੂੰਨ ਅਨੁਸਾਰ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਰਾਤ ਦੀ ਗਸ਼ਤ ਵਧਾਉਣ, ਨਾਕਾਬੰਦੀ ਕਰਨ ਅਤੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਪੁਲਿਸ ਦੀ ਮੌਜੂਦਗੀ ਵਧਾਉਣ ਦੇ ਨਿਰਦੇਸ਼ ਵੀ ਦਿੱਤੇ, ਤਾਂ ਜੋ ਜਨਤਾ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਜਾ ਸਕੇ ਅਤੇ ਅਪਰਾਧੀਆਂ ਵਿੱਚ ਡਰ ਦਾ ਮਾਹ ਨਿਰੀਖਣ ਦੌਰਾਨ, ਐਸ.ਪੀ. ਨੇ ਥਾਣੇ ਦੇ ਅਹਾਤੇ, ਦਫ਼ਤਰ, ਲਾਕ-ਅੱਪ, ਮਾਲਖਾਨੇ ਅਤੇ ਪੁਲਿਸ ਮੁਲਾਜ਼ਮਾਂ ਲਈ ਉਪਲਬਧ ਸਹੂਲਤਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਥਾਣੇ ਦੇ ਅਹਾਤੇ ਵਿੱਚ ਸਫ਼ਾਈ ਅਤੇ ਰਿਕਾਰਡ ਦੀ ਸਹੀ ਸਾਂਭ-ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ ਦੇ ਨਿਰਦੇਸ਼ ਦਿੱਤੇ।

ਪੁਲਿਸ ਸੁਪਰਡੈਂਟ ਸ੍ਰੀ ਕਰਨ ਗੋਇਲ ਨੇ ਪੁਲਿਸ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਆਪਣੀਆਂ ਡਿਊਟੀਆਂ ਪੂਰੀ ਲਗਨ, ਅਨੁਸ਼ਾਸਨ ਅਤੇ ਜ਼ਿੰਮੇਵਾਰੀ ਨਾਲ ਨਿਭਾਉਣ ਲਈ ਕਿਹਾ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜ਼ਿਲ੍ਹਾ ਪੁਲਿਸ ਦਾ ਮੁੱਖ ਉਦੇਸ਼ ਜਨਤਾ ਨੂੰ ਸੁਰੱਖਿਅਤ, ਨਿਰਪੱਖ ਅਤੇ ਤੁਰੰਤ ਪੁਲਿਸ ਸੇਵਾਵਾਂ ਪ੍ਰਦਾਨ ਕਰਦੇ ਹੋਏ ਅਪਰਾਧ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਕਾਬੂ ਪਾਉਣਾ ਹੈ। ਉਨ੍ਹਾਂ ਨੇ ਸਟੇਸ਼ਨ ਹਾਊਸ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ-ਆਪਣੇ ਇਲਾਕਿਆਂ ਵਿੱਚ ਅਪਰਾਧ ਰੋਕਣ ਲਈ ਲਗਾਤਾਰ ਸਰਗਰਮ ਰਹਿਣ ਅਤੇ ਉੱਚ ਅਧਿਕਾਰੀਆਂ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਪਾਲਣਾ ਯਕੀਨੀ ਬਣਾਉਣ।

ਪੰਜਾਬੀ ਸਾਹਿਤ ਸਭਾ (ਰਜਿ.), ਮੁਹਾਲੀ ਦੀ ਜੰਤ੍ਰ ਮਹੀਨੇ ਦੀ ਮਾਸਿਕ ਇਕੱਤਰਤਾ ਸੰਪੰਨ ਹੋਈ

ਚੰਡੀਗੜ੍ਹ, 23 ਸਤੰਬਰ (ਪੈ.ਗ਼ਾਮ-ਏ-ਜਗਤ)

ਸਭਾ ਦੀ ਕਾਰਜਕਾਰਨੀ ਵਲੋਂ ਉਲੀਕੇ ਗਏ ਨਵੇਂ ਪ੍ਰੋਗਰਾਮ, ਸਾਡੇ ਕਲਾ ਜਗਤ ਨਾਲ ਜੁੜੇ ਕਲਾਕਾਰਾਂ ਵਿਚੋਂ ਕਿਸੇ ਇੱਕ ਪ੍ਰਸਿੱਧ ਕਲਾਕਾਰ (ਫਿਲਮ -ਟੈਲੀਵੀਜ਼ਨ) ਨਾਲ ਦਰਸ਼ਕਾਂ ਦਾ ਰੂਬਰੂ ਕਰਵਾਉਣਾ ਤਾਂ ਕਿ ਸਾਹਿਤਕਾਰ ਉਸ ਦੀ ਜੀਵਨ-ਯਾਤਰਾ ਤੋਂ ਕੁਝ ਗ੍ਰਹਿਣ ਕਰ ਸਕਣ ਅਧੀਨ ਫਿਲਮ ਤੇ ਟੈਲੀਵਿਜ਼ਨ ਦੀ ਮਸ਼ਹੂਰ ਅਦਾਕਾਰਾ ਸ੍ਰੀ ਮਤੀ ਸਤਵੰਤ ਕੌਰ ਨਾਲ ਰੂਬਰੂ ਸਪੰਨ ਹੋਇਆ। ਕਲਾਕਾਰਾ ਨੇ ਆਪਣੇ ਜਨਮ, ਸਕੂਲੀ ਸਫ਼ਰ, ਅਤੇ ਕਲਾ ਜਗਤ ਵਿਚ ਜਗ?ਹਾ ਬਨਾਉਣ ਦਾ ਵਿਸਥਾਰ, ਦਰਸ਼ਕਾਂ ਨਾਲ ਭਾਵਪੂਰਤ ਤਰੀਕੇ ਨਾਲ ਸਾਝਾਂ ਕੀਤਾ। ਅਦਾਕਾਰਾ ਦੀ ਖੂਬਸੂਰਤੀ ਅਤੇ ਅਵਾਜ਼ ਨੇ ਜਾਦੂ ਦਾ ਅਸਰ ਕੀਤਾ। ਸਰੋਤਿਆਂ ਨੇ ਕਈ ਤਰ੍ਹਾਂ ਦੇ ਸਵਾਲ ਕੀਤੇ ਜਿਸ ਦੇ ਅਦਾਕਾਰਾ



ਨੇ ਬੇਬਾਕੀ ਨਾਲ ਉਤਰ ਦਿੱਤੇ। ਇਸ ਨਵੀਂ ਸ਼ੁਰੂਆਤ ਨੂੰ ਸਭ ਨੇ ਸਲਾਹਿਆ। ਰੋਜ਼ ਜਿਨ੍ਹਾਂ ਹਸਤੀਆਂ ਨੂੰ ਪਰਦੇ ਤੇ ਦੇਖਦੇ ਹਾਂ ਉਨ੍ਹਾਂ ਨੂੰ ਸਾਹਮਣੇ ਦੇਖਣ ਦਾ ਅਨੁਭਵ ਬਹੁਤ ਨਿਵੇਕਲਾ ਸੀ।

ਪੰਜਾਬੀ ਸਾਹਿਤ ਸਭਾ ਦੇ ਚੇਅਰਮੈਨ ਡਾ. ਦੀਪਕ ਮਨਮੋਹਨ ਸਿੰਘ ਜੀ, ਨੇ ਇਸ ਨਵੀਂ ਸ਼ੁਰੂਆਤ ਨੂੰ ਬਹੁਤ ਸਲਾਹਿਆ ਅਤੇ ਆਪਣੀਆਂ ਸ਼ੁਭ ਕਾਮਨਾਵਾਂ ਦਿੱਤੀਆਂ। ਇਸ ਤੋਂ ਅਗਲੇ ਦੋਰ ਵਿਚ ਡਾ.ਸਵੈਰਾਜ ਸੰਧੂ ਨੇ ਨਵੀਂ ਕਹਾਣੀ ਜਦੋਂ ਪੱਥਰ ਪਿੱਘਲੇ ਸੁਣਾਈ। ਕਹਾਣੀ ਵਿਚ ਇਕ ਨਿੱਕੇ ਪਰਿਵਾਰ ਦਾ ਜ਼ਿਕਰ ਸੀ ਜੋ ਸੁੱਖਸਾਂਦ ਨਾਲ ਵੱਸਦਾ-ਰਸਦਾ ਹੁੰਦਾ ਹੈ। ਪਰਿਵਾਰ ਵਿਚ ਦੋ ਧੀਆਂ ਤੇ ਇੱਕ ਵੱਡਾ ਮੁੰਡਾ ਹੈ। ਇਕ ਦਿਨ ਅੱਧੀ ਰਾਤ ਨੂੰ ਆਏ ਭੁਚਾਲ ਨਾਲ ਸਾਰਾ ਪਰਿਵਾਰ ਮਾਰਿਆ ਜਾਂਦਾ ਹੈ ਕੇਵਲ ਮੁੰਡਾ ਹੀ ਬਚਦਾ ਹੈ। ਤਿੰਨ ਦਿਨਾਂ ਬਾਹਦ ਉਨ੍ਹਾਂ ਦੀ ਗਾਂ ਜੋ ਦੌੜ ਚੁੱਕੀ ਸੀ, ਅਚਾਨਕ ਕਿੱਲੇ ਤੇ ਆਣ ਖੜਦੀ ਹੈ। ਪੱਥਰ ਹੋਇਆ ਮੁੰਡਾ ਗਾਂ ਦੇ ਗਲ? ਲੱਗ ਕੇ ਧਾਂਹਾਂ ਮਾਰਕੇ ਰੋਂਦਾ ਹੈ। ਕਹਾਣੀ ਨੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ।

ਤੀਜੇ ਦੌਰ ਵਿਚ ਕਵੀ ਦਰਬਾਰ ਹੋਇਆ ਜਿਸ ਵਿਚ ਹਾਜ਼ਰ ਕਵੀਆਂ ਸਰਵ ਸ੍ਰੀ ਡਾ.ਪੰਨਾ ਲਾਲ ਮੁਸਤਫ਼ਾਬਾਦੀ, ਭੁਪਿੰਦਰ ਸਿੰਘ ਮਟੌਰਵਾਲਾ, ਹਰਿੰਦਰ ਹਰ, ਬਲਵਿੰਦਰ ਸਿੰਘ ਢਿੱਲੋਂ, ਸਵਰਨਜੀਤ ਸਿੰਘ, ਮਹਿੰਦਰ ਸਿੰਘ ਗੋਸਲ, ਸਰਬਜੀਤ ਸਿੰਘ ਪੱਡਾ,, ਗੁਰਮੇਲ ਸਿੰਘ ਮੋਜੇਵਾਲ, ਦਰਸ਼ਨ ਤਿਉਣਾ, ਇੰਦਰਜੀਤ ਸਿੰਘ ਜਾਵਾ, ਡਾ. ਨਿਰਮਲ ਸਿੰਘ ਬਾਸੀ ਨੇ ਆਪਣੀਆਂ ਰਚਨਾਵਾਂ ਸੁਣਾਕੇ ਸਾਰੇ ਆਏ ਹੋਏ ਸਰੋਤਿਆਂ ਦਾ ਮਨੋਰੰਜਨ ਕੀਤਾ। ਆਖਿਰ ਵਿੱਚ ਸਭਾ ਦੇ ਪ੍ਰਧਾਨ ਐਡਵੋਕੇਟ ਪਰਮਿੰਦਰ ਸਿੰਘ ਗਿੱਲ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਆਏ ਸਾਰੇ ਸਰੋਤਿਆਂ ਦਾ ਧੰਨਵਾਦ ਕੀਤਾ।

12 ਗ੍ਰਾਮ 'ਸਮੈਕ' ਬਰਾਮਦਗੀ ਮਾਮਲੇ ਵਿੱਚ ਦੂਜਾ ਮੁਲਜ਼ਮ ਗ੍ਰਿਫ਼ਤਾਰ

ਪੈ.ਗਾਮ-ਏ-ਜਗਤ/ਕਰਨਾਲ
22 ਸਤੰਬਰ (ਪ੍ਰਵੀਨ ਵਾਲੀਆ)

ਕਰਨਾਲ ਜ਼ਿਲ੍ਹਾ ਪੁਲਿਸ ਨਸ਼ਾ ਤਸਕਰੀ ਅਤੇ ਨਸ਼ੀਲੇ ਪਦਾਰਥਾਂ ਦੇ ਗੈਰ-ਕਾਨੂੰਨੀ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਲਗਾਤਾਰ, ਸਖ਼ਤ ਅਤੇ ਪ੍ਰਭਾਵਸ਼ਾਲੀ ਕਾਰਵਾਈ ਕਰ ਰਹੀ ਹੈ। ਇਸੇ ਮੁਹਿੰਮ ਤਹਿਤ, ਕਰਨਾਲ ਦੇ ਐਂਟੀ-ਨਾਰਕੋਟਿਕ ਸੈੱਲ ਦੀ ਟੀਮ ਨੇ 12 ਗ੍ਰਾਮ 'ਸਮੈਕ' ਬਰਾਮਦਗੀ ਦੇ ਮਾਮਲੇ ਵਿੱਚ ਦੂਜੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।



ਇਹ ਕਾਰਵਾਈ ਐਂਟੀ-ਨਾਰਕੋਟਿਕ ਸੈੱਲ ਦੇ ਇੰਚਾਰਜ ਰਾਜਨ ਕੁਮਾਰ ਦੀ ਅਗਵਾਈ ਹੇਠ ਕੀਤੀ ਗਈ। ਇੱਕ ਗੁਪਤ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਟੀਮ ਨੇ ਮੁਲਜ਼ਮ ਵਿਕਾਸ (ਉਰਫ਼ ਵਿੱਕੀ)—ਜੋ ਓਮ ਪ੍ਰਕਾਸ਼ ਦਾ ਪੁੱਤਰ ਹੈ ਅਤੇ ਮਕਾਨ ਨੰਬਰ 763, ਗਲੀ ਨੰਬਰ 12, ਕਰਨ ਵਿਹਾਰ (ਥਾਣਾ ਸੈਕਟਰ 32-33, ਕਰਨਾਲ ਦੇ ਅਧਿਕਾਰ ਖੇਤਰ ਅਧੀਨ) ਦਾ ਵਸਨੀਕ ਹੈ—ਨੂੰ ਕਾਬੂ ਕੀਤਾ।

ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁਲਿਸ ਨੇ ਇਸ ਮਾਮਲੇ ਵਿੱਚ ਪਹਿਲਾਂ ਹੀ ਇੱਕ ਹੋਰ ਮੁਲਜ਼ਮ ਵਿਪਿਨ (ਉਰਫ਼ ਕਰਨ) ਨੂੰ 12 ਗ੍ਰਾਮ ਸਮੈਕ ਸਮੇਤ ਗ੍ਰਿਫ਼ਤਾਰ ਕੀਤਾ ਸੀ। ਇਸ ਸਬੰਧ ਵਿੱਚ ਥਾਣਾ ਸੈਕਟਰ 32/33, ਕਰਨਾਲ ਵਿਖੇ NDPS ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ।

ਪਹਿਲਾਂ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਤੋਂ ਕੀਤੀ ਗਈ ਸਖ਼ਤ ਪੁੱਛਗਿੱਛ ਦੌਰਾਨ ਇਹ ਖੁਲਾਸਾ ਹੋਇਆ ਸੀ ਕਿ ਉਸਨੇ 12 ਗ੍ਰਾਮ ਸਮੈਕ ਦੀ ਇਹ ਖੇਪ ਆਪਣੇ ਸਾਥੀ ਵਿਕਾਸ ਤੋਂ ਅੱਗੇ ਵੇਚਣ ਦੇ ਇਰਾਦੇ ਨਾਲ ਪ੍ਰਾਪਤ ਕੀਤੀ ਸੀ। ਜਾਂਚ ਨੂੰ ਅੱਗੇ ਵਧਾਉਂਦੇ ਹੋਏ ਅਤੇ ਦੂਜੇ ਮੁਲਜ਼ਮ ਦੀ ਭੂਮਿਕਾ ਬਾਰੇ ਮਿਲੀ ਗੁਪਤ ਸੂਚਨਾ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮ ਨੇ ਵਿਕਾਸ ਨੂੰ ਗ੍ਰਿਫ਼ਤਾਰ ਕਰ ਲਿਆ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਨੂੰ ਅੱਜ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਸਨੂੰ ਨਿਆਂਇਕ ਹਿਰਾਸਤ ਵਿੱਚ ਜ਼ਿਲ੍ਹਾ ਜੇਲ੍ਹ ਭੇਜ ਦਿੱਤਾ ਗਿਆ ਹੈ।

ਸਿੱਖ ਫੈਡਰੇਸ਼ਨ ਆਫ ਐਡਮਿੰਟਨ ਵੱਲੋਂ ਤੀਆਂ ਦਾ ਮੇਲਾ ਕਰਵਾਇਆ ਗਿਆ

ਪੈ.ਗਾਮ-ਏ-ਜਗਤ
ਗੁਰਦਾਸਪੁਰ/ਐਡਮਿੰਟਨ, ਕੈਨੇਡਾ
(ਬਲਵਿੰਦਰ ਬਾਲਮ)

ਐਡਮਿੰਟਨ, ਕੈਨੇਡਾ ਦੇ ਪ੍ਰਸਿੱਧ ਸਥਾਨ ਮਿਲਵੁੱਡਜ਼ ਹਿੱਲ ਸੈਂਟਰ, 23 ਐਵੇਨਿਊ ਅਤੇ 66 ਸਟਰੀਟ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਤੀਆਂ ਦਾ ਮੇਲਾ ਬੜੀ ਧੂਮਧਾਮ ਅਤੇ ਸੁਚੱਜੇ ਢੰਗ ਨਾਲ ਮਨਾਇਆ ਗਿਆ। ਇਹ ਮੇਲਾ ਪੰਜਾਬੀ ਸੱਭਿਆਚਾਰ, ਰਿਵਾਜਾਂ ਅਤੇ ਪਰੰਪਰਾਵਾਂ ਨੂੰ ਸੰਭਾਲਣ ਅਤੇ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦੇ ਮਕਸਦ ਨਾਲ ਆਯੋਜਿਤ ਕੀਤਾ ਜਾਂਦਾ ਹੈ।



ਸਮਾਗਮ ਵਿੱਚ ਗਿੱਧਾ, ਬੋਲੀਆਂ, ਸੁਹਾਗ, ਘੋੜੀਆਂ ਅਤੇ ਲੰਬੀ ਹੇਕ ਦੇ ਗੀਤ ਗਾਏ ਗਏ। ਔਰਤਾਂ ਦੇ ਗਿੱਧੇ ਅਤੇ ਪ੍ਰਾਚੀਨ ਗੀਤਾਂ ਦੀਆਂ ਲਚਕਦੀਆਂ-ਮਟਕਦੀਆਂ ਤੋਰਾਂ ਅਤੇ ਮਰਮ-ਸਪਰਸ਼ੀ ਧੁਨਾਂ ਨੇ ਧਰਤੀ ਪੁੱਟ ਦਿੱਤੀ। ਮੁਕੰਮਲ ਪੰਜਾਬ ਦੇ ਸੱਭਿਆਚਾਰ ਨੇ ਕੈਨੇਡਾ ਦੀ ਧਰਤੀ ਨੂੰ ਪੰਜਾਬੀਅਤ ਦੇ ਰੰਗ ਵਿੱਚ ਰੰਗ ਦਿੱਤਾ। ਜਿਵੇਂ ਵਾਜਾਂ ਮਾਰਦਾ ਹੋਵੇ ਸਾਡਾ ਸੱਭਿਆਚਾਰ।

ਇਸ ਦਿਨ ਥੋੜ੍ਹੀ ਬਾਰਿਸ਼ ਹੋ ਰਹੀ ਸੀ, ਫਿਰ ਵੀ ਮਹਿਲਾਵਾਂ ਹੁੰਮ-ਹੁਮਾ ਕੇ ਪਹੁੰਚੀਆਂ। ਇਸ ਤੋਂ ਇਲਾਵਾ ਦੌੜਾਂ ਅਤੇ ਮਿਊਜ਼ੀਕਲ ਚੇਅਰ ਮੁਕਾਬਲੇ ਵੀ ਕਰਵਾਏ ਗਏ, ਜੋ ਖਿੱਚ ਦਾ ਕੇਂਦਰ ਬਣੇ ਰਹੇ। ਇਨ੍ਹਾਂ ਵਿੱਚ ਨੌਜਵਾਨ ਲੜਕੀਆਂ ਅਤੇ ਔਰਤਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਘੋੜੀਆਂ ਗਾਇਨ ਮੁਕਾਬਲੇ ਵਿੱਚ ਪ੍ਰਿੰਸੀਪਲ ਦਲਜੀਤ ਕੌਰ ਮੰਡੇਰ ਪਹਿਲੇ ਅਤੇ ਅਰਸ਼ਦੀਪ ਕੌਰ ਦੂਜੇ ਸਥਾਨ 'ਤੇ ਰਹੀ। ਸੁਹਾਗ ਗਾਇਨ ਵਿੱਚ ਪ੍ਰਿੰਸੀਪਲ ਦਲਜੀਤ ਕੌਰ ਮੰਡੇਰ ਪਹਿਲੇ, ਜਗਜੀਤ ਕੌਰ ਦੂਜੇ ਅਤੇ ਅਰਸ਼ਦੀਪ ਕੌਰ ਤੀਜੇ ਸਥਾਨ 'ਤੇ ਰਹੀ। ਲੰਬੀ ਹੇਕ ਦੇ ਗੀਤ ਗਾਇਨ ਮੁਕਾਬਲੇ ਵਿੱਚ ਪ੍ਰਿੰਸੀਪਲ ਦਲਜੀਤ ਕੌਰ ਮੰਡੇਰ ਪਹਿਲੇ ਸਥਾਨ 'ਤੇ ਰਹੀ, ਜਦਕਿ ਹਰਭਜਨ ਕੌਰ, ਬਲਵੀਰ ਕੌਰ ਚੀਮਾ ਅਤੇ ਸੁਰਿੰਦਰ ਕੌਰ ਦੂਜੇ ਸਥਾਨ 'ਤੇ ਰਹੀਆਂ। ਗੀਤ ਗਾਇਨ ਵਿੱਚ ਹਰਜਿੰਦਰ ਪਹਿਲੇ ਅਤੇ ਸੁਖਵਿੰਦਰ ਦੂਜੇ ਸਥਾਨ 'ਤੇ ਰਹੀ। ਦੌੜ ਮੁਕਾਬਲੇ ਵਿੱਚ 30 ਤੋਂ 40 ਸਾਲ ਉਮਰ ਵਰਗ ਵਿੱਚ ਜਸ ਬਰਾੜ ਪਹਿਲੇ, ਹਰਜੋਤ ਦੂਜੇ ਅਤੇ ਰਮਨਦੀਪ ਕੌਰ ਤੀਜੇ ਸਥਾਨ 'ਤੇ ਰਹੀ। 60 ਤੋਂ 70 ਸਾਲ ਉਮਰ ਵਰਗ ਵਿੱਚ ਨਰਿੰਦਰ ਚੀਮਾ ਪਹਿਲੇ, ਮਨਜੀਤ ਰੰਧਾਵਾ ਦੂਜੇ ਅਤੇ ਮਨਜੀਤ ਧਨੋਆ ਤੀਜੇ ਸਥਾਨ 'ਤੇ ਰਹੀ। 50 ਤੋਂ 60 ਸਾਲ ਉਮਰ ਵਰਗ ਵਿੱਚ ਜਸਪ੍ਰੀਤ ਪਹਿਲੇ, ਅਰਸ਼ ਦੂਜੇ ਅਤੇ ਸੁਖਵਿੰਦਰ ਕੌਰ ਤੀਜੇ ਸਥਾਨ 'ਤੇ ਰਹੀ। ਮਿਊਜ਼ੀਕਲ ਚੇਅਰ ਰੇਸ ਵਿੱਚ ਜੋਗਿੰਦਰ ਕੌਰ ਪਹਿਲੇ, ਪਰਮਜੀਤ ਕੌਰ ਦੂਜੇ ਅਤੇ ਨਸੀਬ ਕੌਰ ਤੀਜੇ ਸਥਾਨ 'ਤੇ ਰਹੀਆਂ।

ਸਭ ਜੇਤੂਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਬਹੁਤ ਸਾਰੇ ਹੋਰ ਇਨਾਮ ਵੀ ਕੱਢੇ ਗਏ। ਅੰਤ ਵਿੱਚ ਨਾਮਵਰ ਗਾਇਕ ਸੁਖਵਿੰਦਰ ਸੁੱਖੀ ਨੇ ਦਿਲ-ਖਿੱਚਵੇਂ ਗੀਤ ਗਾ ਕੇ ਖੂਬ ਰੰਗ ਬੰਨ੍ਹਿਆ। ਇਸ ਸਮਾਗਮ ਦੀ ਸੂਤਰਧਾਰ ਸੁਰਜੀਤ ਕੌਰ ਧਾਲੀਵਾਲ ਦੀ ਪੁਸਤਕ 'ਬੋਲੀਆਂ' ਦਾ ਲੋਕ ਅਰਪਣ ਵੀ ਕੀਤਾ ਗਿਆ। ਵੇਖਿਆ ਜਾਵੇ ਤਾਂ ਇਹ ਤੀਆਂ ਦਾ ਮੇਲਾ ਮੁਕੰਮਲ ਤੌਰ 'ਤੇ ਪੰਜਾਬੀਅਤ ਨੂੰ ਜ਼ਿੰਦਾ ਰੱਖਣ ਦਾ ਪ੍ਰਤੱਖ ਪ੍ਰਮਾਣ ਸੀ।

ਆਯੁਰਵੇਦ ਅਤੇ ਆਯੁਸ਼ ਪ੍ਰਣਾਲੀਆਂ ਸਾਡੀ ਪ੍ਰਾਚੀਨ ਚਿਕਿਤਸਾ ਪਰੰਪਰਾ ਦਾ ਅਹਿਮ ਹਿੱਸਾ ਹਨ : ਰਾਮਕੁਮਾਰ ਕਸ਼ਯਪ

ਪੈ.ਗਾਮ-ਏ-ਜਗਤ/ਇੰਦਰੀ/ਕਰਨਾਲ
23 ਸਤੰਬਰ (ਪ੍ਰਵੀਨ ਵਾਲੀਆ)

11ਵੇਂ ਰਾਸ਼ਟਰੀ ਆਯੁਰਵੇਦ ਦਿਵਸ ਦੇ ਮੌਕੇ 'ਤੇ, ਬੁੱਧਵਾਰ ਨੂੰ ਕਰਨਾਲ ਦੇ ਵਾਰਡ ਨੰਬਰ 2 ਵਿੱਚ ਸਥਿਤ ਪਾਲ ਧਰਮਸ਼ਾਲਾ ਵਿਖੇ ਆਯੁਸ਼ ਵਿਭਾਗ ਵੱਲੋਂ ਇੱਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਵਿਧਾਇਕ ਅਤੇ ਸਰਕਾਰੀ ਚੀਫ ਵਹਿਪ ਰਾਮਕੁਮਾਰ ਕਸ਼ਯਪ ਨੇ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜ਼ਿਲ੍ਹਾ ਆਯੁਰਵੈਦਿਕ ਅਧਿਕਾਰੀ ਡਾ. ਰਾਮ ਅਵਤਾਰ ਸਿੰਘ ਨੇ ਫੁੱਲਾਂ ਦੇ ਗੁਲਦਸਤੇ ਨਾਲ ਮੁੱਖ ਮਹਿਮਾਨ ਦਾ ਸਵਾਗਤ ਕੀਤਾ। ਵਿਧਾਇਕ ਰਾਮਕੁਮਾਰ ਕਸ਼ਯਪ ਨੇ ਭਗਵਾਨ ਧਨਵੰਤਰੀ ਦੀ ਤਸਵੀਰ ਅੱਗੇ ਦੀਵਾ ਜਗਾ ਕੇ ਅਤੇ ਫੁੱਲ ਭੇਟ ਕਰਕੇ ਸਮਾਗਮ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਆਯੁਰਵੇਦ, ਹੋਮਿਓਪੈਥੀ ਅਤੇ ਯੋਗਾ ਓ.ਪੀ.ਡੀ. ਦੇ ਨਾਲ-ਨਾਲ ਸਮਾਗਮ ਵਾਲੀ ਥਾਂ 'ਤੇ ਲਗਾਈ ਗਈ ਦਵਾਈਆਂ ਦੀ ਪ੍ਰਦਰਸ਼ਨੀ ਦਾ ਵੀ ਨਿਰੀਖਣ ਕੀਤਾ। ਸਮਾਗਮ ਦੌਰਾਨ ਲਗਾਈ ਗਈ ਆਯੁਸ਼ ਓ.ਪੀ.ਡੀ. ਵਿੱਚ ਕੁੱਲ 302 ਮਰੀਜ਼ਾਂ ਨੇ ਸਿਹਤ ਸੇਵਾਵਾਂ ਦਾ ਲਾਭ ਉਠਾਇਆ।



ਇਸ ਮੌਕੇ ਬੋਲਦਿਆਂ ਵਿਧਾਇਕ ਰਾਮਕੁਮਾਰ ਕਸ਼ਯਪ ਨੇ ਕਿਹਾ ਕਿ ਆਯੁਰਵੇਦ ਅਤੇ ਆਯੁਸ਼ ਪ੍ਰਣਾਲੀਆਂ ਸਾਡੀ ਪ੍ਰਾਚੀਨ ਚਿਕਿਤਸਾ ਪਰੰਪਰਾ ਦਾ ਅਨਿੱਖੜਵਾਂ ਅੰਗ ਹਨ। ਉਨ੍ਹਾਂ ਕਿਹਾ ਕਿ ਜਨਤਾ ਵਿੱਚ ਸਿਹਤਮੰਦ ਜੀਵਨ ਸ਼ੈਲੀ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਆਯੁਸ਼ ਵਿਭਾਗ ਵੱਲੋਂ ਕੀਤੇ ਗਏ ਉਪਰਾਲੇ ਸ਼ਲਾਘਾਯੋਗ ਹਨ। ਉਨ੍ਹਾਂ ਨੇ ਆਯੁਰਵੈਦਿਕ ਅਤੇ ਹੋਮਿਓਪੈਥਿਕ ਡਾਕਟਰਾਂ ਨੂੰ ਅਪੀਲ ਕੀਤੀ ਕਿ ਉਹ ਸਿਹਤ ਸਬੰਧੀ ਜਾਗਰੂਕਤਾ ਵਧਾਉਣ ਅਤੇ ਲੋਕਾਂ ਨੂੰ ਆਯੁਸ਼ ਪ੍ਰਣਾਲੀਆਂ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਉਤਸ਼ਾਹਿਤ ਕਰਨ ਵਾਸਤੇ ਮਰੀਜ਼ਾਂ ਨਾਲ ਸਰਲ ਅਤੇ ਸਮਝ ਆਉਣ ਵਾਲੀ ਭਾਸ਼ਾ ਵਿੱਚ ਗੱਲਬਾਤ ਕਰਨ। ਉਨ੍ਹਾਂ ਨੇ ਆਯੁਸ਼ ਵਿਭਾਗ ਦੇ ਡਾਕਟਰਾਂ ਅਤੇ ਸਟਾਫ ਨੂੰ ਵੱਧ ਤੋਂ ਵੱਧ ਲੋਕਾਂ ਨੂੰ ਆਯੁਸ਼ ਸੇਵਾਵਾਂ ਨਾਲ ਜੋੜਨ ਦਾ ਸੱਦਾ ਦਿੱਤਾ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਡਾਕਟਰੀ ਇਲਾਜ ਦੇ ਨਾਲ-ਨਾਲ ਲੋਕਾਂ ਨੂੰ ਬਿਮਾਰੀਆਂ ਦੀ ਰੋਕਥਾਮ, ਸੰਤੁਲਿਤ ਖੁਰਾਕ, ਯੋਗਾ, ਰੋਜ਼ਾਨਾ ਦੀ ਰੁਟੀਨ ਅਤੇ ਸਿਹਤਮੰਦ ਜੀਵਨ ਸ਼ੈਲੀ ਬਾਰੇ ਵੀ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ।

ਕਰਨਾਲ ਦੀ ਆਯੁਸ਼ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਡਾ. ਸੰਜੀਵ ਕੁਮਾਰ ਨੇ ਆਯੁਰਵੇਦ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਇਸ ਦਾ ਉਦੇਸ਼ ਤੰਦਰੁਸਤ ਵਿਅਕਤੀ ਦੀ ਸਿਹਤ ਨੂੰ ਬਰਕਰਾਰ ਰੱਖਣਾ ਅਤੇ ਬਿਮਾਰ ਵਿ ਸਿਹਤਮੰਦ ਖੁਰਾਕ ਅਤੇ ਰੋਜ਼ਾਨਾ ਦੀ ਨਿਯਮਤ ਜੀਵਨ-ਸ਼ੈਲੀ ਅਪਣਾ ਕੇ ਕੋਈ ਵੀ ਵਿਅਕਤੀ ਆਪਣੀ ਸਿਹਤ ਨੂੰ ਬਰਕਰਾਰ ਰੱਖ ਸਕਦਾ ਹੈ ਅਤੇ ਉਸ ਵਿੱਚ ਸੁਧਾਰ ਕਰ ਸਕਦਾ ਹੈ। ਉਨ੍ਹਾਂ ਨੇ ਆਯੁਸ਼ ਚਿਕਿਤਸਾ ਪ੍ਰਣਾਲੀਆਂ ਨੂੰ ਉਤਸ਼ਾਹਿਤ ਕਰਨ ਲਈ ਕੇਂਦਰ ਅਤੇ ਹਰਿਆਣਾ ਸਰਕਾਰਾਂ ਦੁਆਰਾ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ।

ਡਾ. ਆਰਤੀ ਨੇ ਨਿੰਮ, ਤੁਲਸੀ, ਆਂਵਲਾ, ਗਿਲੋਏ ਅਤੇ ਹਲਦੀ ਵਰਗੀਆਂ ਔਸ਼ਧੀ ਬੂਟੀਆਂ ਦੇ ਲਾਭਾਂ ਅਤੇ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਡਾ. ਬਬੀਤਾ ਨੇ ਆਯੁਰਵੇਦ ਦੀ ਮਹੱਤਤਾ 'ਤੇ ਚਾਨਣਾ ਪਾਇਆ, ਜਦਕਿ ਡਾ. ਵਿਨੋਦ ਗੁਪਤਾ ਨੇ ਹੋਮਿਓਪੈਥਿਕ ਚਿਕਿਤਸਾ ਪ੍ਰਣਾਲੀ ਦੀ ਮਹੱਤਤਾ ਬਾਰੇ ਦੱਸਿਆ। ਬਲਜੀਤ ਅਤੇ ਮੀਨਾਕਸ਼ੀ ਨੇ ਰੋਜ਼ਾਨਾ ਜੀਵਨ-ਸ਼ੈਲੀ ਵਿੱਚ ਯੋਗ ਨੂੰ ਸ਼ਾਮਲ ਕਰਨ ਦਾ ਸੰਦੇਸ਼ ਦਿੱਤਾ। ਜ਼ਿਲ੍ਹਾ ਆਯੁਰਵੈਦਿਕ ਅਧਿਕਾਰੀ ਡਾ. ਰਾਮ ਅਵਤਾਰ ਸਿੰਘ ਨੇ ਆਯੁਸ਼ ਵਿਭਾਗ ਦੀਆਂ ਪ੍ਰਾਪਤੀਆਂ ਅਤੇ ਆਮ ਜਨਤਾ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਵਿਭਾਗ ਦੀਆਂ ਲੋੜਾਂ ਨੂੰ ਪੂਰਾ ਕਰਨ ਅਤੇ ਮੌਜੂਦਾ ਕਮੀਆਂ ਨੂੰ ਦੂਰ ਕਰਨ ਲਈ ਮੁੱਖ ਮਹਿਮਾਨ ਤੋਂ ਸਹਿਯੋਗ ਦੀ ਮੰਗ ਕੀਤੀ। ਸਮਾਗਮ ਦੌਰਾਨ ਹਾਜ਼ਰੀਨ ਨੂੰ ਔਸ਼ਧੀ ਬੂਟੀਆਂ ਵੀ ਵੰਡੀਆਂ ਗਈਆਂ। ਵਾਰਡ ਨੰਬਰ 2 ਦੀ ਕੌਂਸਲਰ ਬੇਬੀ ਪਾਲ, ਨਰੇਸ਼ ਪਾਲ, ਸ਼ਕਤੀ ਕੇਂਦਰ ਦੇ ਮੁਖੀ ਸੁਰਿੰਦਰ ਪਾਲ, ਭਾਜਪਾ ਮੰਡਲ ਪ੍ਰਧਾਨ ਅਨਿਲ ਚੌਹਾਨ, ਪਵਨ ਪਾਲ ਅਤੇ ਸੰਯੋਗਿਤਾ ਨੂੰ ਸ਼ਾਲ ਅਤੇ ਔਸ਼ਧੀ ਬੂਟੀ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਡਾ. ਪ੍ਰਿੰਸੀ ਨੇ ਸਮਾਗਮ ਦਾ ਸੰਚਾਲਨ ਕੀਤਾ। ਇਸ ਮੌਕੇ ਆਯੁਸ਼ ਵਿਭਾਗ ਦੇ ਡਾਕਟਰ ਅਤੇ ਕਰਮਚਾਰੀ—ਜਿਨ੍ਹਾਂ ਵਿੱਚ ਡਾ. ਰਾਜਪਾਲ, ਨਿਤਿਨ ਰੋਹਿਲਾ, ਡਾ. ਪੂਜਾ, ਡਾ. ਮੀਨਾਕਸ਼ੀ, ਡਾ. ਰਿਤੂ, ਡਾ. ਰਾਕੇਸ਼, ਡਾ. ਗੁਰਪ੍ਰੀਤ, ਏ.ਐਮ.ਓ. ਸੰਜੇ ਪਵਾਰ, ਜੋਗਿੰਦਰ, ਸੰਗੀਤਾ, ਡਾ. ਅਮਿਤ ਪੁੰਜ ਅਤੇ ਸੁਸ਼ਮਾ ਸ਼ਾਮਲ ਸਨ—ਮੌਜੂਦ ਸਨ।

ਸੀ.ਪੀ.ਆਈ.ਐਮ. ਤਹਿਸੀਲ ਕਮੇਟੀ ਗੜ੍ਹਸ਼ੰਕਰ ਦੀ ਮੀਟਿੰਗ ਹੋਈ

ਪੈ.ਗਾਮ-ਏ-ਜਗਤ
ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)

ਇੱਥੇ ਸੀ.ਪੀ.ਆਈ.ਐਮ. ਤਹਿਸੀਲ ਕਮੇਟੀ ਗੜ੍ਹਸ਼ੰਕਰ ਦੀ ਮੀਟਿੰਗ ਸਾਥੀ ਮੋਹਨ ਲਾਲ ਦੀ ਪ੍ਰਧਾਨਗੀ ਹੇਠ ਹੋਈ।



ਇਸ ਮੀਟਿੰਗ ਵਿਚ ਗੁਰਨੇਕ ਸਿੰਘ ਭੱਜਲ, ਮਹਿੰਦਰ ਕੁਮਾਰ ਬੱਡੋਆਣ, ਦਰਸ਼ਨ ਸਿੰਘ ਮੱਟੂ, ਨੀਲਮ ਬੱਡੋਆਣ, ਗੁਰਬਖ਼ਸ਼ ਕੌਰ ਚੱਕ ਗੁਰੂ, ਕੁਲਵਿੰਦਰ ਸਿੰਘ ਸੰਘਾ, ਰਵਿੰਦਰ ਕੁਮਾਰ ਨੀਟਾ, ਪ੍ਰੇਮ ਸਿੰਘ ਰਾਣਾ, ਸਤਨਾਮ ਸਿੰਘ ਢਿੱਲੋਂ ਹਾਜ਼ਰ ਹੋਏ।

ਇਸ ਮੀਟਿੰਗ ਦੇ ਫੈਸਲੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਮਹਿੰਦਰ ਕੁਮਾਰ ਬੱਡੋਆਣ, ਤਹਿਸੀਲ ਸਕੱਤਰ, ਮਹਿੰਦਰ ਕੁਮਾਰ ਬੱਡੋਆਣ ਨੇ ਦੱਸਿਆ ਕਿ 16 ਸਤੰਬਰ ਦੀ ਕਨਵੈਨਸ਼ਨ, ਜੋ ਕਿ ਗੜ੍ਹਸ਼ੰਕਰ ਵਿਖੇ ਹੋਈ, ਜਿਸ ਨੂੰ ਕੇਂਦਰ ਦੇ ਆਗੂ ਅਤੇ ਪੰਜਾਬ ਦੇ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਸਬੋਧਨ ਕੀਤਾ ਸੀ, ਜੋ ਕਿ ਹਰ ਪੱਖੋਂ ਸਫ਼ਲ ਕਨਵੈਨਸ਼ਨ ਸੀ। ਇਸ ਨੂੰ ਕਾਮਯਾਬ ਕਰਨ ਲਈ ਸਾਰੀ ਸਾਥੀਆਂ ਦਾ ਧੰਨਵਾਦ ਕੀਤਾ।

ਇਸ ਕਨਵੈਨਸ਼ਨ ਦੇ ਫੈਸਲਿਆਂ ਅਨੁਸਾਰ ਸਾਰੇ ਜ਼ਿਲੇ ਅੰਦਰ ਸਾਰੇ ਐਮ.ਐਲ.ਐਸ. ਨੂੰ ਮਜ਼ਦੂਰਾਂ, ਕਿਸਾਨਾਂ ਦੀਆਂ ਭਖਦੀਆਂ ਮੰਗਾਂ ਨੂੰ ਲੈਕੇ ਇਹਨਾਂ ਦੇ ਘਰਾਂ ਅੱਗੇ ਪ੍ਰਦਰਸ਼ਨ ਕਰਕੇ ਮੰਗ ਪੱਤਰ ਦਿੱਤੇ ਜਾਣਗੇ। ਗੜ੍ਹਸ਼ੰਕਰ ਅੰਦਰ 6 ਅਕਤੂਬਰ ਨੂੰ ਧਰਨਾਂ ਲਾ ਕੇ ਜੈ ਕਿਸ਼ਨ ਸਿੰਘ ਰੋੜੀ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਇਸੇ ਤਰ੍ਹਾਂ ਨੌਜਵਾਨਾਂ ਦੀ ਦਿਲੀ ਰੈਲੀ ਵਿਚ ਨੌਜਵਾਨ ਭੇਜਣ ਦਾ ਫੈਸਲਾ ਕੀਤਾ ਗਿਆ। ਲੋਕ ਲਹਿਰ ਵਧਾਉਣ ਅਤੇ ਸੂਬਾ ਫੰਡ ਦੇਣ ਦਾ ਵੀ ਫ਼ੈਸਲਾ ਕੀਤਾ ਗਿਆ। ਆਏ ਸਾਥੀਆਂ ਦਾ ਧੰਨਵਾਦ ਮੋਹਨ ਲਾਲ ਵੀਨੇਵਾਲ ਨੇ ਕੀਤਾ।

ਰਾਓ ਤੁਲਾਰਾਮ ਦੇ ਸ਼ਹੀਦੀ ਦਿਵਸ 'ਤੇ ਹਾਂਸੀ ਵਿੱਚ ਗੂੰਜਿਆ ਏਕਤਾ ਦਾ ਸੰਦੇਸ਼

ਪੈ.ਗਾਮ-ਏ-ਜਗਤ
ਹਾਂਸੀ (ਦਿਨਕਰ ਗਾਵੜੀ)

ਅਮਰ ਸ਼ਹੀਦ ਰਾਓ ਤੁਲਾਰਾਮ ਦੇ ਸ਼ਹੀਦੀ ਦਿਵਸ 'ਤੇ ਪਹਿਲੀ ਵਾਰ ਦੱਖਣੀ ਹਰਿਆਣਾ ਤੋਂ ਬਾਹਰ ਹਾਂਸੀ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਕੇਂਦਰੀ ਮੰਤਰੀ ਰਾਓ ਇੰਦਰਜੀਤ ਸਿੰਘ ਨੇ ਏਕਤਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਏਕਤਾ ਵਿੱਚ ਹੀ ਤਾਕਤ ਹੈ ਅਤੇ ਸਿਆਸੀ ਲੜਾਈ ਵੀ ਇੱਕਜੁੱਟ ਹੋ ਕੇ ਹੀ ਲੜੀ ਜਾ ਸਕਦੀ ਹੈ। ਹਰਿਆਣਾ ਵਿੱਚ ਭਾਜਪਾ ਦੀ ਲਗਾਤਾਰ ਤੀਜੀ ਵਾਰ ਸਰਕਾਰ ਬਣਨ ਪਿੱਛੇ ਵੀ ਲੋਕਾਂ ਦੀ ਏਕਤਾ ਮਹੱਤਵਪੂਰਨ ਰਹੀ ਹੈ।



ਕੇਂਦਰੀ ਮੰਤਰੀ ਹਾਂਸੀ ਦੇ ਦਿੱਲੀ ਰੋਡ ਟੀ-ਪੁਆਇੰਟ 'ਤੇ ਯਾਦਵ ਸਭਾ ਵੱਲੋਂ ਨਿਰਮਿਤ ਰਾਓ ਤੁਲਾਰਾਮ ਚੌਂਕ ਦੇ ਲੋਕਾਰਪਣ ਅਤੇ ਕਰੀਬ 41 ਫੁੱਟ ਉੱਚੀ ਮੂਰਤੀ ਦੇ ਅਨਾਵਰਨ ਤੋਂ ਬਾਅਦ ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ। ਪ੍ਰੋਗਰਾਮ ਵਿੱਚ ਸਿਹਤ ਮੰਤਰੀ ਆਰਤੀ ਰਾਓ, ਭਿਵਾਨੀ-ਮਹਿੰਦਰਗੜ੍ਹ ਲੋਕ ਸਭਾ ਹਲਕੇ ਦੇ ਸੰਸਦ ਮੈਂਬਰ ਚੌਧਰੀ ਧਰਮਬੀਰ ਸਿੰਘ, ਹਾਂਸੀ ਵਿਧਾਇਕ ਵਿਨੋਦ ਭਿਆਣਾ ਸਮੇਤ ਜਨਪ੍ਰਤੀਨਿਧ, ਸਮਾਜਿਕ ਜਥੇਬੰਦੀਆਂ ਦੇ ਅਹੁਦੇਦਾਰ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮੌਜੂਦ ਰਹੇ। ਰਾਓ ਇੰਦਰਜੀਤ ਸਿੰਘ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਦੀ ਲੜਾਈ ਕਿਸੇ ਇੱਕ ਸਮਾਜ ਦੀ ਲੜਾਈ ਨਹੀਂ ਸੀ। 36 ਬਿਰਾਦਰੀਆਂ ਦੇ ਲੋਕਾਂ ਨੇ ਮਿਲ ਕੇ ਅੰਗਰੇਜ਼ਾਂ ਖਿਲਾਫ ਸੰਘਰਸ਼ ਕੀਤਾ। ਉਨ੍ਹਾਂ ਕਿਹਾ ਕਿ ਸਮਾਜ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਵੀ ਇੱਕਜੁੱਟ ਹੋ ਕੇ ਕੀਤਾ ਜਾ ਸਕਦਾ ਹੈ। ਉਨ੍ਹਾਂ 23 ਸਤੰਬਰ ਦੀ ਸਰਕਾਰੀ ਛੁੱਟੀ ਨਾਲ ਜੁੜੇ ਸਿਆਸੀ ਇਤਿਹਾਸ ਦਾ ਜ਼ਿਕਰ ਕਰਦਿਆਂ ਕਿਹਾ ਕਿ ਰਾਓ ਤੁਲਾਰਾਮ ਦੀ ਕੁਰਬਾਨੀ ਪੂਰੇ ਹਰਿਆਣਾ ਅਤੇ ਦੇਸ਼ ਦੀ ਵਿਰਾਸਤ ਹੈ। ਉਨ੍ਹਾਂ ਹਾਂਸੀ ਵਿੱਚ ਸਮਾਗਮ ਕਰਵਾਉਣ ਲਈ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਗਲਾ ਪ੍ਰੋਗਰਾਮ ਹਿਸਾਰ ਵਿੱਚ ਹੋਵੇਗਾ।

ਸਿਹਤ ਮੰਤਰੀ ਆਰਤੀ ਰਾਓ ਨੇ ਕਿਹਾ ਕਿ ਰਾਓ ਤੁਲਾਰਾਮ ਵਰਗੇ ਸੁਤੰਤਰਤਾ ਸੰਗਰਾਮੀਆਂ ਦੀਆਂ ਬਹਾਦਰੀ ਦੀਆਂ ਕਹਾਣੀਆਂ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਇਤਿਹਾਸ ਅਤੇ ਯੋਗਦਾਨ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਸਭ ਦਾ ਫਰਜ਼ ਹੈ। ਉਨ੍ਹਾਂ ਹਾਂਸੀ ਵਿੱਚ ਬੁੱਤ ਅਤੇ ਚੌਂਕ ਦੇ ਨਿਰਮਾਣ ਨੂੰ ਦੇਸ਼ ਭਗਤੀ, ਬਹਾਦਰੀ ਅਤੇ ਸਵੈਮਾਣ ਦੀ ਭਾਵਨਾ ਨਾਲ ਜੋੜਦਿਆਂ ਯਾਦਵ ਸਭਾ ਨੂੰ ਵਧਾਈ ਦਿੱਤੀ। ਉਨ੍ਹਾਂ 1857 ਦੇ ਨਸੀਬਪੁਰ ਸੰਘਰਸ਼ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਵਿੱਚ ਕਰੀਬ 5000 ਦੇਸ਼ ਭਗਤਾਂ ਨੇ ਸ਼ਹਾਦਤ ਦਿੱਤੀ ਸੀ ਅਤੇ ਹਾਂਸੀ ਦੇ ਲੋਕਾਂ ਦਾ ਵੀ ਸੁਤੰਤਰਤਾ ਸੰਗਰਾਮ ਵਿੱਚ ਵੱਡਾ ਯੋਗਦਾਨ ਰਿਹਾ।

ਸੰਸਦ ਮੈਂਬਰ ਚੌਧਰੀ ਧਰਮਬੀਰ ਸਿੰਘ ਨੇ ਕਿਹਾ ਕਿ ਰਾਓ ਤੁਲਾਰਾਮ ਨੇ ਦੇਸ਼ ਅਤੇ ਸਮਾਜ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦਾ ਸਨਮਾਨ ਸਿਰਫ ਮੂਰਤੀ ਸਥਾਪਤ ਕਰਨ ਤੱਕ ਸੀਮਤ ਨਹੀਂ ਹੋਣਾ ਚਾਹੀਦਾ, ਸਗੋਂ ਉਨ੍ਹਾਂ ਦੇ ਆਦਰਸ਼ਾਂ ਨੂੰ ਜੀਵਨ ਵਿੱਚ ਅਪਣਾਉਣਾ ਜ਼ਰੂਰੀ ਹੈ। ਵਿਧਾਇਕ ਵਿਨੋਦ ਭਿਆਣਾ ਨੇ ਕਿਹਾ ਕਿ ਰਾਓ ਤੁਲਾਰਾਮ ਦੀ ਬਹਾਦਰੀ, ਕੁਰਬਾਨੀ ਅਤੇ ਦੇਸ਼ ਭਗਤੀ ਸਭ ਲਈ ਪ੍ਰੇਰਨਾ ਹਨ। ਉਨ੍ਹਾਂ ਸਮਾਗਮ ਲਈ ਯਾਦਵ ਸਭਾ, ਦਾਨੀਆਂ ਅਤੇ ਹਾਂਸੀ ਵਾਸੀਆਂ ਦਾ ਧੰਨਵਾਦ ਕੀਤਾ। ਸਮਾਰੋਹ ਵਿੱਚ ਸਾਬਕਾ ਚੇਅਰਮੈਨ ਰਾਜਪਾਲ ਯਾਦਵ, ਕੁਲਦੀਪ ਯਾਦਵ, ਅਨੰਦ ਯਾਦਵ ਅਤੇ ਹਾਂਸੀ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸੁਦੇਸ਼ ਯਾਦਵ ਨੇ ਵੀ ਸੰਬੋਧਨ ਕੀਤਾ। ਇਸ ਮੌਕੇ 'ਤੇ ਕਈ ਵਿਧਾਇਕ, ਭਾਜਪਾ ਅਹੁਦੇਦਾਰ, ਯਾਦਵ ਸਭਾ ਦੇ ਮੈਂਬਰ, ਵਰਕਰ ਅਤੇ ਪਤਵੰਤੇ ਨਾਗਰਿਕ ਮੌਜੂਦ ਰਹੇ।

21ਵੀਂ ਪੰਜਾਬ ਸਟੇਟ ਸੈਕੰਡ ਡਵੀਜ਼ਨ ਫੁੱਟਬਾਲ ਲੀਗ ਦਾ ਮੁਕਾਬਲਾ ਸੀ. ਆਰ.ਪੀ. ਐੱਫ. ਜਲੰਧਰ ਨੇ ਜਿੱਤਿਆ

ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਅਕੈਡਮੀ ਨੂੰ 2-1 ਨਾਲ ਹਰਾਇਆ

ਪੈ.ਗਾਮ-ਏ-ਜਗਤ
ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)

ਪੰਜਾਬ ਫੁੱਟਬਾਲ ਐਸੋਸੀਏਸ਼ਨ ਵਲੋਂ ਕਰਵਾਈ ਜਾ ਰਹੀ 21ਵੀਂ ਪੰਜਾਬ ਸਟੇਟ ਸੈਕੰਡ ਡਵੀਜ਼ਨ ਫੁੱਟਬਾਲ ਲੀਗ ਦਾ ਮੁਕਾਬਲਾ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੇ ਫੁੱਟਬਾਲ ਸਟੇਡੀਅਮ 'ਚ ਉਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਮੇਟੀ ਗੜ੍ਹਸ਼ੰਕਰ ਦੇ ਪ੍ਰਬੰਧਾਂ ਹੇਠ ਕਰਵਾਇਆ ਗਿਆ। ਇਸ ਮੌਕੇ ਸੀ. ਆਰ. ਪੀ. ਐੱਫ. ਜਲੰਧਰ ਦੀ ਟੀਮ ਦਾ ਮੁਕਾਬਲਾ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਅਕੈਡਮੀ ਗੜ੍ਹਸ਼ੰਕਰ ਦਰਮਿਆਨ ਹੋਇਆ ਜਿਸ ਵਿਚ ਸੀ.ਆਰ.ਪੀ.ਐੱਫ. ਜਲੰਧਰ ਦੀ ਟੀਮ 2-1 ਗੋਲਾਂ ਦੇ ਫਰਕ ਨਾਲ ਜੇਤੂ ਰਹੀ। ਇਸ ਮੌਕੇ ਮੁਕਾਬਲਾ ਸ਼ੁਰੂ ਕਰਵਾਉਣ ਸਮੇਂ ਟੀਮਾਂ ਨਾਲ ਜਾਣ-ਪਹਿਚਾਣ ਲਈ ਕਮੇਟੀ ਦੇ ਕੈਸ਼ੀਅਰ ਯੋਗ ਰਾਜ ਗੰਭੀਰ, ਸ਼ਲਿੰਦਰ ਸਿੰਘ ਰਾਣਾ ਡੀ.ਪੀ.ਈ., ਮਹਿੰਦਰਪਾਲ ਸਿੰਘ ਡੀ.ਪੀ.ਈ., ਅਮਰੀਕ ਸਿੰਘ ਸੈਂਹਬੀ, ਕਿਸ਼ਨ ਚੰਦ, ਗਗਨਦੀਪ ਥਾਂਦੀ, ਭੀਮ ਸਿੰਘ ਰਾਣਾ, ਸੁਖਬੀਰ ਸਿੰਘ, ਨਿਰਮਲ ਸਿੰਘ, ਹਰਦੀਪ ਸਿੰਘ ਕੋਚ, ਤਰਲੋਚਨ ਸਿੰਘ ਗੋਲੀਆਂ ਤੇ ਹੋਰ ਹਾਜ਼ਰ ਹੋਏ।



ਪੰਜਾਬ ਸਰਕਾਰ ਨੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਡੀ.ਏ. ਨੂੰ ਡੀ ਲਿੰਕ ਕਰਨ ਦੀ ਚੱਲੀ ਨਵੀਂ ਚੱਲੀ ਕੋਝੀ ਚਾਲ

- ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਅਤੇ ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਨੇ ਪੰਜਾਬ ਸਰਕਾਰ ਤੇ ਲਾਇਆ ਦੋਸ਼

ਪੈ.ਗਾਮ-ਏ-ਜਗਤ/ਕੋਟਕਪੂਰਾ
23 ਸਤੰਬਰ (ਸ਼ਿਵਨਾਥ)

ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਅੱਜ ਦੋ ਵੱਖਰੇ ਵੱਖਰੇ ਪੱਤਰ ਜਾਰੀ ਕਰਕੇ ਆਪਣੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਡੀ ਏ ਮਿਤੀ 1 ਸਤੰਬਰ 2026 ਤੋਂ 42 ਫੀਸਦੀ ਤੋਂ ਵਧਾਕੇ 50 ਫੀਸਦੀ ਕਰਨ ਦਾ ਫੈਸਲਾ ਕੀਤਾ ਹੈ।



ਇਹਨਾਂ ਪੱਤਰਾਂ ਤੇ ਟਿੱਪਣੀ ਕਰਦੇ ਹੋਏ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ,ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਅਤੇ ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ , ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਦੇ ਸੂਬਾਈ ਪ੍ਰਧਾਨ ਜਗਦੀਸ਼ ਸਿੰਘ ਚਾਹਲ ਅਤੇ ਜਨਰਲ ਸਕੱਤਰ ਪ੍ਰੇਮ ਚਾਵਲਾ, ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਜਿੰਦਰ ਪਾਇਲਟ ਅਤੇ ਵਿੱਤ ਸਕੱਤਰ ਨਵੀਨ ਸਚਦੇਵਾ ਨੇ ਕਿਹਾ ਕਿ ਇਹਨਾਂ ਪੱਤਰਾਂ ਵਿੱਚ ਪੰਜਾਬ ਸਰਕਾਰ ਵੱਲੋਂ ਇਹ ਚੁੱਪ ਧਾਰਨਾਂ ਕਿ ਕਿ ਇਹ ਕਿਸ਼ਤਾਂ ਮਿਤੀ 1 ਜੁਲਾਈ 2023 ਤੋਂ ,42 ਫੀਸਦੀ ਤੋਂ 46 ਫੀਸਦੀ ਅਤੇ ਮਿਤੀ 1ਜਨਵਰੀ 2024 ਤੋਂ 46 ਫੀਸਦੀ ਤੋਂ 50 ਫੀਸਦੀ ਹਨ , ਪੰਜਾਬ ਸਰਕਾਰ ਦੀ ਨੀਯਤ ਸਾਫ਼ ਕਰਦਾ ਹੈ ਕਿ ਆਪਣੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਡੀ ਏ ਕੇਂਦਰੀ ਪੈਟਰਨ ਨਾਲੋਂ ਡੀ ਲਿੰਕ ਕਰਨ ਦੀ ਡੂੰਘੀ ਸਾਜ਼ਿਸ਼ ਦਾ ਸਿੱਟਾ ਹੈ। ਆਗੂਆਂ ਨੇ ਪੰਜਾਬ ਸਰਕਾਰ ਦੀ ਅਜਿਹੀ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਮੰਗ ਕੀਤੀ ਹੈ ਕਿ ਇਹਨਾਂ ਕਿਸ਼ਤਾਂ ਸਬੰਧੀ ਅਤੇ ਪਿਛਲੇ ਸਮੇਂ ਦਾ ਬਕਾਇਆ ਦੇਣ ਸਬੰਧੀ ਸਪਸ਼ਟ ਹੁਕਮ ਜਾਰੀ ਕੀਤੇ ਜਾਣ।

ਭਾਰਤ ਵਿਕਾਸ ਪਰਿਸ਼ਦ ਭਾਖੜਾ ਨੰਗਲ ਸ਼ਾਖਾ ਵੱਲੋਂ ਭਜਨ ਸੰਧਿਆ ਦਾ ਆਯੋਜਨ

ਪੈ.ਗਾਮ-ਏ-ਜਗਤ/ਨੰਗਲ/ਊਨਾ
23 ਸਤੰਬਰ (ਰਾਜਵੀਰ ਚੋਪੜਾ)

ਭਾਰਤ ਵਿਕਾਸ ਪਰਿਸ਼ਦ ਭਾਖੜਾ ਨੰਗਲ ਸ਼ਾਖਾ ਵੱਲੋਂ ਸ਼ਾਸਤਰੀ ਮਾਰਕੀਟ, ਅਜੌਲੀ ਮੋੜ ਵਿਖੇ ਸਥਾਪਿਤ ਗਣਪਤੀ ਜੀ ਦੇ ਪੰਡਾਲ ਵਿੱਚ "ਗਣਪਤੀ ਬੱਪਾ ਮੋਰਯਾ"ਦੀ ਸਤੁਤੀ ਅਤੇ ਭਜਨ ਸੰਧਿਆ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਭਾਰਤ ਵਿਕਾਸ ਪਰਿਸ਼ਦ ਭਾਖੜਾ ਨੰਗਲ ਸ਼ਾਖਾ ਦੇ ਮੈਂਬਰ ਸ਼ਾਖਾ ਪ੍ਰਧਾਨ ਜਗਮੋਹਨ ਸਿੰਘ ਵਾਲੀਆ ਅਤੇ ਸਕੱਤਰ ਇੰਜੀਨੀਅਰ ਰਾਜਨ ਸੋਨੀ ਦੀ ਅਗਵਾਈ ਹੇਠ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਾਰੇ ਮੈਂਬਰਾਂ ਨੇ ਗਣਪਤੀ ਜੀ ਦੀ ਆਰਤੀ ਵਿੱਚ ਭਾਗ ਲਿਆ ਅਤੇ ਭਜਨ ਸੰਧਿਆ ਵਿੱਚ ਸ਼ਰਧਾਪੂਰਵਕ ਸ਼ਮੂਲੀਅਤ ਕੀਤੀ।



ਇਸ ਮੌਕੇ ਸ਼ਾਖਾ ਪ੍ਰਧਾਨ ਜਗਮੋਹਨ ਸਿੰਘ ਵਾਲੀਆ ਨੇ ਸ਼ਾਸਤਰੀ ਮਾਰਕੀਟ ਦੇ ਲੋਕਪ੍ਰਿਯ ਅਤੇ ਦਿਵੰਗਤ ਪਰਵੀਨ ਦਿਵੇਦੀ ਨੂੰ ਭਾਰਤ ਵਿਕਾਸ ਪਰਿਸ਼ਦ ਭਾਖੜਾ ਨੰਗਲ ਸ਼ਾਖਾ ਵੱਲੋਂ ਸ਼ਰਧਾਂਜਲੀ ਅਰਪਿਤ ਕੀਤੀ। ਉਨ੍ਹਾਂ ਨੇ ਪਰਵੀਨ ਦਿਵੇਦੀ ਵੱਲੋਂ ਸਮਾਜ ਪ੍ਰਤੀ ਨਿਭਾਈਆਂ ਸੇਵਾਵਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਿਤ ਕੀਤਾ।

ਜਗਮੋਹਨ ਸਿੰਘ ਵਾਲੀਆ ਨੇ ਭਾਰਤ ਵਿਕਾਸ ਪਰਿਸ਼ਦ ਭਾਖੜਾ ਨੰਗਲ ਸ਼ਾਖਾ ਦੇ ਸੰਸਥਾਪਕ ਨਿਰਦੇਸ਼ਕ ਐਡਵੋਕੇਟ ਅਸ਼ੋਕ ਮਨੋਚਾ ਦੇ ਮਾਰਗਦਰਸ਼ਨ ਹੇਠ ਚਲ ਰਹੀਆਂ ਵੱਖ-ਵੱਖ ਲੋਕ ਭਲਾਈ ਯੋਜਨਾਵਾਂ ਅਤੇ ਸਮਾਜ ਸੇਵਾ ਗਤੀਵਿਧੀਆਂ ਬਾਰੇ ਵੀ ਹਾਜ਼ਰ ਲੋਕਾਂ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਨੇ ਸਮਾਜ ਸੇਵਾ ਦੇ ਕਾਰਜਾਂ ਵਿੱਚ ਵੱਧ ਤੋਂ ਵੱਧ ਲੋਕਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਲਈ ਹਾਜ਼ਰ ਜਨਸਮੂਹ ਨੂੰ ਭਾਰਤ ਵਿਕਾਸ ਪਰਿਸ਼ਦ ਨਾਲ ਜੁੜਨ ਦਾ ਸੱਦਾ ਦਿੱਤਾ।

ਇਸ ਮੌਕੇ ਜਗਮੋਹਨ ਸਿੰਘ ਵਾਲੀਆ, ਰਾਜਨ ਸੋਨੀ, ਬਲਰਾਮ ਪਰਾਸ਼ਰ, ਡਾ. ਰਾਕੇਸ਼ ਸੰਦਲ, ਸੁਭਾਸ਼ ਪੁਰੀ, ਅਰਵਿੰਦ ਜੋਸ਼ੀ, ਸਾਹਿਲ ਪੁਰੀ, ਰਾਕੇਸ਼, ਪਵਨ ਗੌਤਮ ਸਮੇਤ ਭਾਰਤ ਵਿਕਾਸ ਪਰਿਸ਼ਦ ਦੇ ਹੋਰ ਮੈਂਬਰ ਅਤੇ ਪਤਵੰਤੇ ਵਿਅਕਤੀ ਹਾਜ਼ਰ ਰਹੇ।

ਸੜਕਾਂ ਜਾਂ ਖੁੱਲ੍ਹੀਆਂ ਥਾਵਾਂ 'ਤੇ ਕੂੜਾ ਸੁੱਟਣ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ; 5,000 ਰੁਪਏ ਦਾ ਜ਼ੁਰਮਾਨਾ ਲਗਾਇਆ ਜਾਵੇਗਾ: ਨਗਰ ਨਿਗਮ ਕਮਿਸ਼ਨਰ

ਪੈ.ਗਾਮ-ਏ-ਜਗਤ/ਕਰਨਾਲ
23 ਸਤੰਬਰ (ਪ੍ਰਵੀਨ ਵਾਲੀਆ)

'ਹਰਿਆਣਾ ਸਵੱਛ ਲੀਗ ਮੁਕਾਬਲਾ-2026' ਤਹਿਤ, ਨਗਰ ਨਿਗਮ ਆਪਣੇ ਖੇਤਰ ਵਿੱਚ ਸਫਾਈ ਵਿਵਸਥਾ ਨੂੰ ਹੋਰ ਬਿਹਤਰ ਬਣਾਉਣ ਅਤੇ ਸੜਕਾਂ ਤੇ ਖੁੱਲ੍ਹੀਆਂ ਥਾਵਾਂ 'ਤੇ ਕੂੜਾ ਸੁੱਟਣ ਦੀ ਆਦਤ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਲਈ ਸਖ਼ਤ ਕਦਮ ਚੁੱਕੇਗਾ। ਨਗਰ ਨਿਗਮ ਕਮਿਸ਼ਨਰ ਸਲੋਨੀ ਸ਼ਰਮਾ ਨੇ ਸਪੱਸ਼ਟ ਕੀਤਾ ਕਿ ਜਨਤਕ ਥਾਵਾਂ 'ਤੇ ਗੰਦਗੀ ਫੈਲਾਉਣ ਵਾਲਿਆਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ 'ਹਰਿਆਣਾ ਸਵੱਛ ਲੀਗ ਮੁਕਾਬਲਾ-2026' ਦੇ ਹਿੱਸੇ ਵਜੋਂ, ਸ਼ਹਿਰ ਭਰ ਵਿੱਚ ਕੂੜੇ ਦੇ ਪ੍ਰਮੁੱਖ ਅੱਡਿਆਂ (ਹਾਟਸਪੌਟਸ) ਨੂੰ ਖਤਮ ਕਰਨ ਅਤੇ ਸਫਾਈ ਪ੍ਰਣਾਲੀ ਨੂੰ ਮਜ਼ਬੂਤ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਨਿਰੀਖਣ ਦੌਰਾਨ ਇਹ ਪਾਇਆ ਗਿਆ ਕਿ ਕੁਝ ਥਾਵਾਂ 'ਤੇ ਰੇਹੜੀ-ਫੜੀ ਵਾਲੇ ਖੁੱਲ੍ਹੇ ਵਿੱਚ ਕੂੜਾ ਸੁੱਟ ਰਹੇ ਹਨ, ਜਿਸ ਨਾਲ ਆਲੇ-ਦੁਆਲੇ ਦੇ ਖੇਤਰਾਂ ਦੀ ਸਫਾਈ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਨਗਰ ਨਿਗਮ ਦੀ ਹੱਦ ਅੰਦਰ ਆਉਂਦੇ ਸਾਰੇ ਰੇਹੜੀ-ਫੜੀ ਵਾਲਿਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੀਆਂ ਰੇਹੜੀਆਂ ਦੇ ਨੇੜੇ ਕੂੜਾ-ਦਾਨ ਰੱਖਣਾ ਯਕੀਨੀ ਬਣਾਉਣ ਅਤੇ ਪੈਦਾ ਹੋਏ ਕੂੜੇ ਦਾ ਨਿਪਟਾਰਾ ਸਿਰਫ਼ ਨਿਗਮ ਦੀ ਕੂੜਾ ਇਕੱਠਾ ਕਰਨ ਵਾਲੀ ਗੱਡੀ ਵਿੱਚ ਹੀ ਕਰਨ। ਕਿਸੇ ਵੀ ਹਾਲਤ ਵਿੱਚ ਕੂੜਾ ਸੜਕਾਂ, ਫੁੱਟਪਾਥਾਂ ਜਾਂ ਖੁੱਲ੍ਹੀਆਂ ਥਾਵਾਂ 'ਤੇ ਨਹੀਂ ਸੁੱਟਿਆ ਜਾਣਾ ਚਾਹੀਦਾ।



ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਰੇਹੜੀ-ਫੜੀ ਵਾਲਾ—ਭਾਵੇਂ ਉਹ ਅਧਿਕਾਰਤ ਹੋਵੇ ਜਾਂ ਨਿੱਜੀ—ਖੁੱਲ੍ਹੇ ਵਿੱਚ ਕੂੜਾ ਸੁੱਟਦਾ ਪਾਇਆ ਜਾਂਦਾ ਹੈ, ਤਾਂ ਠੋਸ ਰਹਿੰਦ-ਖੂੰਹਦ ਪ੍ਰਬੰਧਨ ਨਿਯਮਾਂ-2026 ਅਨੁਸਾਰ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਅਜਿਹੀ ਉਲੰਘਣਾ ਲਈ 5,000 ਰੁਪਏ ਤੱਕ ਦਾ ਜ਼ੁਰਮਾਨਾ ਲੱਗ ਸਕਦਾ ਹੈ ਅਤੇ ਨਿਯਮਾਂ ਅਨੁਸਾਰ ਰੇਹੜੀ-ਫੜੀ ਵਾਲੇ ਦੀ ਰੇਹੜੀ ਵੀ ਜ਼ਬਤ ਕੀਤੀ ਜਾ ਸਕਦੀ ਹੈ।

ਉਨ੍ਹਾਂ ਸਾਰੇ ਰੇਹੜੀ-ਫੜੀ ਵਾਲਿਆਂ ਨੂੰ ਅਪੀਲ ਕੀਤੀ ਕਿ ਉਹ ਨਗਰ ਨਿਗਮ ਦੇ ਸਫਾਈ ਕਾਰਜਾਂ ਵਿੱਚ ਸਹਿਯੋਗ ਦੇਣ ਅਤੇ ਕੂੜੇ ਦੇ ਸਹੀ ਪ੍ਰਬੰਧਨ ਨੂੰ ਯਕੀਨੀ ਬਣਾ ਕੇ ਉਨ੍ਹਾਂ ਕਿਹਾ ਕਿ ਸਾਫ਼-ਸੁਥਰੇ ਅਤੇ ਸੁੰਦਰ ਕਰਨਾਲ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਸ਼ਹਿਰ ਵਾਸੀਆਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਨਗਰ ਨਿਗਮ ਦੇ ਅਧਿਕਾਰੀਆਂ ਅਤੇ ਸਫ਼ਾਈ ਕਰਮਚਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਉਨ੍ਹਾਂ ਇਲਾਕਿਆਂ 'ਤੇ ਨਿਯਮਤ ਤੌਰ 'ਤੇ ਨਜ਼ਰ ਰੱਖਣ ਜਿੱਥੇ ਕੂੜਾ ਸੁੱਟੇ ਜਾਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ ਅਤੇ ਇਹ ਯਕੀਨੀ ਬਣਾਉਣ ਕਿ ਖੁੱਲ੍ਹੇ ਵਿੱਚ ਕੂੜਾ ਸੁੱਟਣ ਵਾਲਿਆਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇ।

ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲ ਬੱਸਾਂ ਦੀ ਚੈਕਿੰਗ, ਚਾਰ ਬੱਸਾਂ ਦੇ ਕੀਤੇ ਚਲਾਨ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ 'ਤੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਖੇਤਰੀ ਟਰਾਂਸਪੋਰਟ ਅਫ਼ਸਰ (ਆਰ.ਟੀ.ਓ.) ਅਮਨਦੀਪ ਕੌਰ ਨੇ ਬੁੱਧਵਾਰ ਨੂੰ ਜ਼ਿਲ੍ਹੇ ਵਿੱਚ ਸਕੂਲੀ ਬੱਸਾਂ ਦੀ ਚੈਕਿੰਗ ਕਰਦਿਆਂ ਨਿਯਮਾਂ ਦੀ ਉਲ?ਘਣਾਂ ਕਰਨ ਵਾਲੀਆਂ ਬੱਸਾਂ ਦੇ ਚਾਲਾਨ ਕੀਤੇ ਗਏ।

ਚੈਕਿੰਗ ਦੌਰਾਨ ਆਰ.ਟੀ. ਓ. ਅਮਨਦੀਪ ਕੌਰ ਨੇ ਕਿਹਾ ਕਿ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲ ਵਾਹਨਾਂ ਦੀ ਅੱਜ ਵਿਸ਼ੇਸ਼ ਚੈਕਿੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਚੈਕਿੰਗ ਸਮੇਂ ਬੱਸਾਂ ਦੇ ਲੋੜੀਂਦੇ ਦਸਤਾਵੇਜ਼, ਫਿਟਨੈੱਸ ਸਰਟੀਫਿਕੇਟ, ਪਰਮਿਟ, ਬੀਮਾ, ਪ੍ਰਦੂਸ਼ਣ ਸਰਟੀਫਿਕੇਟ, ਅੱਗ ਬੁਝਾਉਣ ਵਾਲੇ ਯੰਤਰ, ਮੁੱਢਲੀ ਸਹਾਇਤਾ ਕਿੱਟ, ਜੀ.ਪੀ.ਐਸ., ਕੈਮਰੇ



ਅਤੇ ਹੋਰ ਸੁਰੱਖਿਆ ਮਾਪਦੰਡਾਂ ਦੀ ਜਾਂਚ ਕੀਤੀ ਗਈ। ਜਾਂਚ ਦੌਰਾਨ ਸੁਰੱਖਿਆ ਨਿਯਮਾਂ ਦੀ ਉਲੰਘਣਾ ਪਾਏ ਜਾਣ 'ਤੇ 4 ਸਕੂਲ ਬੱਸਾਂ ਦੇ ਚਲਾਨ ਕੀਤੇ ਗਏ।

ਆਰ.ਟੀ.ਓ. ਨੇ ਕਿਹਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਨਾਲ ਕਿਸੇ ਕਿਸਮ ਦਾ ਸਮਝੌਤਾ

- ਵਿਦਿਆਰਥੀਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਚੈਕਿੰਗ ਰਹੇਗੀ ਜਾਰੀ: ਆਰ.ਟੀ.ਓ.

ਬਰਦਾਸ਼ਤਯੋਗ ਨਹੀਂ ਅਤੇ ਸਕੂਲ ਵਾਹਨਾਂ ਲਈ ਨਿਰਧਾਰਤ ਸਾਰੇ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਲਾਜ਼ਮੀ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਸੇਫ ਸਕੂਲ ਵਾਹਨ ਨੀਤੀ ਤਹਿਤ ਅਜਿਹੀਆਂ ਵਿਸ਼ੇਸ਼ ਜਾਂਚ ਮੁਹਿੰਮਾਂ ਭਵਿੱਖ ਵਿੱਚ ਵੀ ਨਿਯਮਿਤ ਤੌਰ 'ਤੇ ਜਾਰੀ ਰਹਿਣਗੀਆਂ। ਨਿਯਮਾਂ ਦੀ ਅਣਦੇਖੀ ਕਰਨ ਵਾਲੇ ਵਾਹਨ ਚਾਲਕਾਂ/ਸੰਚਾਲਕਾਂ ਵਿਰੁੱਧ ਮੋਟਰ ਵਾਹਨ ਐਕਟ ਤਹਿਤ ਸਖ਼ਤ ਕਾਰਵਾਈ ਕੀਤੀ ਜਾਵੇਗੀ, ਤਾਂ ਜੋ ਵਿਦਿਆਰਥੀਆਂ ਨੂੰ ਸੁਰੱਖਿਅਤ ਅਤੇ ਸੁਚੱਜੀ ਆਵਾਜਾਈ ਸਹੂਲਤ ਮੁਹੱਈਆ ਕਰਵਾਈ ਜਾ ਸਕੇ।

ਹਰਿਕੇਸ਼ ਸਿੰਗਲਾ ਬਣੇ ਅਨਾਜ ਮੰਡੀ ਐਸੋਸੀਏਸ਼ਨ ਦੇ ਪ੍ਰਧਾਨ, ਜੱਸੀ ਮੱਕੜ ਉਪ ਪ੍ਰਧਾਨ

ਪੈ.ਗਾਮ-ਏ-ਜਗਤ
ਹਾਂਸੀ (ਦਿਨਕਰ ਗਾਵੜੀ)

ਹਾਂਸੀ ਅਨਾਜ ਮੰਡੀ ਐਸੋਸੀਏਸ਼ਨ ਦੀ ਚੋਣ ਸਰਬਸੰਮਤੀ ਨਾਲ ਸੰਪੰਨ ਹੋਈ। ਚੋਣ ਵਿੱਚ ਹਰਿਕੇਸ਼ ਸਿੰਗਲਾ (ਭਗਾਣੇ ਵਾਲੇ) ਨੂੰ ਐਸੋਸੀਏਸ਼ਨ ਦਾ ਪ੍ਰਧਾਨ ਚੁਣਿਆ ਗਿਆ। ਉੱਥੇ ਹੀ ਮਾਸਟਰ ਓਮਪ੍ਰਕਾਸ਼ ਸਿਸਾਏ ਵਾਲੇ ਨੂੰ ਸਰਪ੍ਰਸਤ, ਜੱਸੀ ਮੱਕੜ, ਬ੍ਰਿਜਮੋਹਨ ਅਤੇ ਆਲੋਕ ਜੈਨ ਨੂੰ ਉਪ ਪ੍ਰਧਾਨ, ਵਿਵੇਕ ਰੁੰਡਲੀਆ ਉਰਫ ਮੋਨੂ ਨੂੰ ਮਹਾਸਚਿਵ, ਸੰਜੇ ਗਰਗ ਨੂੰ ਸਕੱਤਰ ਅਤੇ ਬਜਰੰਗ ਗਰਗ ਨੂੰ ਖਜ਼ਾਨਚੀ ਨਿਯੁਕਤ ਕੀਤਾ ਗਿਆ। ਕਾਰਜਕਾਰਨੀ ਵਿੱਚ ਮੋਹਿਤ ਚਹਿਲ, ਰਾਜੇਂਦਰ ਖਰੜ, ਕਰਮਬੀਰ ਜਾਖੜ, ਕੈਲਾਸ਼ ਬੰਸਲ, ਤਰੁਣ ਮਿੱਤਲ, ਵਿਕਾਸ ਜਾਖੜ,



ਸੂਰਜਮਲ ਸਹਿਰਾਵਤ, ਬਲਜੀਤ ਸ਼ੇਖਪੁਰਾ, ਯੋਗੇਸ਼ ਮੁੰਜਾਲ, ਰਾਮਬਿਲਾਸ ਗਰਗ, ਆਕਾਸ਼ ਗਰਗ, ਹਰੀਸ਼ ਤਾਇਲ ਅਤੇ ਪ੍ਰਦੀਪ ਯਾਦਵ ਨੂੰ ਸ਼ਾਮਲ ਕੀਤਾ ਗਿਆ।

ਇਸ ਮੌਕੇ 'ਤੇ ਐਸੋਸੀਏਸ਼ਨ ਦੇ ਨਵ-ਨਿਯੁਕਤ ਪ੍ਰਧਾਨ ਹਰਿਕੇਸ਼ ਸਿੰਗਲਾ ਨੇ ਅਨਾਜ ਮੰਡੀ ਧਰਮਸ਼ਾਲਾ ਕਮੇਟੀ ਨੂੰ 2 ਲੱਖ 11 ਹਜ਼ਾਰ ਰੁਪਏ ਦਾ ਅਨੁਦਾਨ ਦੇਣ ਦਾ ਐਲਾਨ ਕੀਤਾ।

ਉਨ੍ਹਾਂ ਕਿਹਾ ਕਿ ਮੰਡੀ ਦੇ ਵਪਾਰੀਆਂ ਦੇ ਹਿੱਤਾਂ ਅਤੇ ਸਹੂਲਤਾਂ ਲਈ ਐਸੋਸੀਏਸ਼ਨ ਮਿਲ ਕੇ ਕੰਮ ਕਰੇਗੀ। ਚੋਣ ਦੌਰਾਨ ਅਨਾਜ ਮੰਡੀ ਵਿੱਚ ਵੱਡੀ ਗਿਣਤੀ ਵਿੱਚ ਵਪਾਰੀ ਮੌਜੂਦ ਰਹੇ ਅਤੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੱਤੀ।

ਜੇਜੋਂ ਤੋਂ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਕੀਤੀ ਗਈ ਚੈਕਿੰਗ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਦੇ ਪਿੰਡ ਜੇਜੋਂ ਤੋਂ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਚੈਕਿੰਗ ਕਰਦੇ ਹੋਏ ਖੇਤਰੀ ਟਰਾਂਸਪੋਰਟ ਅਫ਼ਸਰ (ਆਰ.ਟੀ.ਓ.) ਅਮਨਦੀਪ ਕੌਰ ਨੇ ਦੋ ਟਿੱਪਰਾਂ ਨੂੰ ਹਦਾਇਤਾਂ ਦੀ ਉਲੰਘਣਾਂ 'ਤੇ ਜ਼ੁਰਮਾਨਾ ਲਾਇਆ ।

ਆਰ.ਟੀ.ਓ. ਨੇ ਦੱਸਿਆ ਕਿ ਜਿਲਾ ਮੈਜਿਸਟ੍ਰੇਟ ਵੱਲੋਂ ਇਨ੍ਹਾਂ ਰਸਤਿਆਂ 'ਤੇ ਸ਼ਾਮ 7 ਵਜੇ ਤੋਂ ਸਵੇਰੇ 7 ਵਜੇ ਤੱਕ ਹੀ ਆਵਾਜਾਈ ਦੀ ਆਗਿਆ ਦੇ ਹੁਕਮ ਜਾਰੀ ਕੀਤੇ ਗਏ ਸਨ ਅਤੇ ਇਸ ਸਮੇਂ ਤੋਂ ਇਲਾਵਾ ਇਨ੍ਹਾਂ ਸੜਕਾਂ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਆਵਾਜਾਈ 'ਤੇ ਰੋਕ ਹੈ। ਉਨ੍ਹਾਂ ਦੱਸਿਆ ਕਿ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੇ ਕਾਰਨ ਸੜਕਾਂ 'ਤੇ ਹਾਦਸੇ ਹੋ ਰਹੇ ਹਨ ਜਿਨ੍ਹਾਂ ਕਾਰਨ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ ਜਿਸ ਕਰਕੇ ਲੋਕ

- ਟਿੱਪਰਾਂ ਦੀ ਚੈਕਿੰਗ ਰਹੇਗੀ ਜਾਰੀ : ਆਰ.ਟੀ.ਓ.



ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਸੜਕਾਂ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਆਵਾਜਾਈ ਨੂੰ ਸਮਾਂਬੱਧ ਤਰੀਕੇ ਨਾਲ ਚਲਾਉਣ ਦੇ ਹੁਕਮ ਜਾਰੀ ਕੀਤੇ ਗਏ ਸਨ। ਉਨ੍ਹਾਂ ਦੱਸਿਆ ਕਿ ਅੱਜ ਚੈਕਿੰਗ ਦੌਰਾਨ ਇਨ੍ਹਾਂ ਹੁਕਮਾਂ ਦੀ ਉਲ?ਘਣਾਂ ਕਰਦੇ ਦੋ ਟਿੱਪਰ ਪਾਏ ਗਏ ਜਿਨ੍ਹਾਂ ਨੂੰ ਮੌਕੇ 'ਤੇ ਹੀ ਬਣਦਾ ਜ਼ੁਰਮਾਨਾ ਕੀਤਾ ਗਿਆ ।ਉਨ੍ਹਾਂ ਕਿਹਾ ਕਿ ਇਹ ਚੈਕਿੰਗ ਆਉਂਦੇ ਦਿਨਾਂ ਵਿਚ ਵੀ ਜਾਰੀ ਰਹੇਗੀ ਅਤੇ ਉਲੰਘਣਾਂ ਕਰਨ ਵਾਲਿਆਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਜ਼ਿਲਾ ਮੈਜਿਸਟ੍ਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਉਪ ਪੁਲਿਸ ਕਪਤਾਨ, ਗੜ੍ਹਸ਼ੰਕਰ ਇਹ ਯਕੀਨੀ ਬਣਾਉਣਗੇ ਕਿ ਟ੍ਰੈਫਿਕ ਪੁਲਿਸ ਵਲੋਂ ਟਿੱਪਰ/ਟਰੱਕਾਂ ਦੀ ਓਵਰਸਪੀਡ ਚੈਕ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਓਵਰਲੋਡਿੰਗ ਅਤੇ ਹੋਰ ਨਿਯਮਾਂ ਦੀ ਉਲੰਘਣਾ ਸਬੰਧੀ ਚੈਕਿੰਗ ਅਤੇ ਲੋੜੀਂਦੀ ਕਾਰਵਾਈ ਯਕੀਨੀ ਬਣਾਈ ਜਾਵੇਗੀ ਅਤੇ ਕਾਰਜਕਾਰੀ ਇੰਜੀਨੀਅਰ, ਡਰੇਨੇਜ-ਕਮ-ਜ਼ਿਲ੍ਹਾ ਮਾਈਨਿੰਗ ਅਫ਼ਸਰ, ਹੁਸ਼ਿਆਰਪੁਰ ਅੰਤਰ-ਰਾਜੀ ਚੈਕ ਪੋਸਟਾਂ 'ਤੇ ਨਿਗਰਾਨੀ ਯਕੀਨੀ ਬਣਾਈ ਜਾਵੇ ਅਤੇ ਇਸ ਦੇ ਨਾਲ ਹੀ ਚੈਕ ਪੋਸਟ 'ਤੇ ਭਾਰ ਤੋਲਣ ਵਾਲੇ ਕੰਡੇ ਦੀ ਵਰਤੋਂ ਕਰਕੇ ਓਵਰਲੋਡਿੰਗ ਟਿੱਪਰਾਂ ਦੀ ਚੈਕਿੰਗ ਅਤੇ ਉਲੰਘਣਾਂ ਪਾਏ ਜਾਣ 'ਤੇ ਇਨ੍ਹਾਂ 'ਤੇ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਪੰਜਾਬ ਸਰਕਾਰ ਨੇ ਜ਼ਮੀਨੀ ਪੱਧਰ 'ਤੇ ਖੇਡਾਂ ਨੂੰ ਦਿੱਤਾ ਵੱਡਾ ਹੁਲਾਰਾ : ਡਾ. ਇਸ਼ਾਂਕ ਕੁਮਾਰ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਵਲੋਂ ਕਰਵਾਈਆਂ ਜਾ ਰਹੀਆਂ ਪ੍ਰਾਇਮਰੀ ਸਕੂਲਾਂ ਦੀਆਂ ਖੇਡਾਂ ਦੇ ਬਲਾਕ ਪੱਧਰੀ ਮੁਕਾਬਲਿਆਂ ਦਾ ਨੇੜਲੇ ਪਿੰਡ ਸਲੇਮਪੁਰ ਵਿਖੇ ਉਦਘਾਟਨ ਕਰਦਿਆਂ ਚੱਬੇਵਾਲ ਤੋਂ ਵਿਧਾਇਕ ਡਾ.ਇਸ਼ਾਂਕ ਕੁਮਾਰ ਨੇ ਕਿਹਾ ਕਿ ਰਾਜ ਸਰਕਾਰ ਨੇ ਜ਼ਮੀਨੀ ਪੱਧਰ 'ਤੇ ਖੇਡਾਂ ਨੂੰ ਵੱਡਾ ਹੁਲਾਰਾ ਦਿੱਤਾ, ਜਿਸ ਸਦਕਾ ਸੂਬੇ ਵਿਚ ਖੇਡ ਸੱਭਿਆਚਾਰ ਹੋਰ ਮਜ਼ਬੂਤ ਹੋਇਆ ਹੈ।

ਬਲਾਕ ਪੱਧਰੀ ਸਕੂਲੀ ਖੇਡਾਂ ਬਾਰੇ ਵਿਧਾਇਕ ਡਾ.ਇਸ਼ਾਂਕ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਦਾ ਮੁੱਖ ਉਦੇਸ਼ ਵੀ ਸੂਬੇ ਦੇ ਹਰ ਕੋਨੇ ਵਿਚ ਹੇਠਲੇ ਪੱਧਰ ਤੱਕ ਹਰ ਉਮਰ ਵਰਗ ਦੇ ਚਾਹਵਾਨ ਖਿਡਾਰੀਆਂ ਨੂੰ ਆਪਣੀਆਂ ਪਸੰਦੀਦਾ ਖੇਡਾਂ ਵਿਚ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਸਰਕਾਰ ਵਲੋਂ ਪਿੰਡਾਂ ਵਿਚ 1100 ਕਰੋੜ ਰੁਪਏ ਦੀ ਲਾਗਤ

- ਪਿੰਡ ਸਲੇਮਪੁਰ 'ਚ ਬਲਾਕ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਦਾ ਉਦਘਾਟਨ
- ਕਿਹਾ ਪਿੰਡਾ 'ਚ 6000 ਖੇਡ ਮੈਦਾਨ ਅਤੇ 6000 ਇੰਡੋਰ ਜਿਮ ਖੇਡ ਸਭਿਆਚਾਰ ਨੂੰ ਕਰਨਗੇ ਹੋਰ ਮਜਬੂਤ



ਨਾਲ 3000 ਆਧੁਨਿਕ ਖੇਡ ਮੈਦਾਨ ਬਣਾਏ ਜਾ ਰਹੇ ਹਨ, ਜੋ ਪੰਜਾਬ ਵਿੱਚ ਖੇਡਾਂ ਨੂੰ ਹੋਰ ਪ੍ਰਫੁੱਲਤ ਕਰਨ ਦੇ ਨਾਲ-ਨਾਲ ਨੌਜਵਾਨਾਂ ਨੂੰ ਆਪਣੀ ਖੇਡ ਪ੍ਰਤਿਭਾ ਰਾਹੀਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਕੱਟਣ ਦੇ ਸਮਰਥ ਬਣਾਉਣਗੇ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋ ਸੂਬੇ ਵਿੱਚ ਪਿੰਡਾਂ ਅੰਦਰ 6000 ਇੰਡੋਰ ਜਿਮ ਵੀ ਬਣਾਏ ਜਾ ਰਹੇ ਹਨ, ਜੋ ਪੰਜਾਬੀਆਂ ਨੂੰ ਸਿਹਤਮੰਦ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਖਿਡਾਰੀਆਂ ਦਾ ਵਿਸ਼ੇਸ ਸਨਮਾਨ ਕਰਦਿਆਂ ਉਨ੍ਹਾਂ ਨੂੰ ਨਕਦ ਇਨਾਮ ਨਾਲ ਨਿਵਾਜਿਆ ਜਾ ਰਿਹਾ ਹੈ ਜਿਸ ਵਿੱਚ ਓਲੰਪਿਕ ਖੇਡਾਂ ਵਿੱਚ ਤਮਗੇ ਜਿੱਤਣ ਵਾਲੇ ਪੰਜਾਬੀ ਹਾਕੀ ਖਿਡਾਰੀਆਂ ਨੂੰ 1-1 ਕਰੋੜ ਰੁਪਏ ਦੀ ਰਾਸ਼ੀ ਅਤੇ ਸਰਕਾਰੀ ਨੌਕਰੀਆਂ ਦੇ ਕੇ ਉਨ੍ਹਾਂ ਦਾ ਮਾਣ ਵਧਾਇਆ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵੱਲੋਂ ਕ੍ਰਿਕਟਰ ਹਰਮਨਪ੍ਰੀਤ ਕੌਰ, ਜਿਸ ਦੀ ਕਪਤਾਨੀ ਵਿਚ ਮਹਿਲਾ ਕ੍ਰਿਕਟ ਟੀਮ ਨੇ ਏਸ਼ੀਅਨ ਖੇਡਾਂ ਵਿਚ ਸੋਨ ਤਮਗਾ ਜਿੱਤਿਆ ਹੈ, ਨੂੰ ਵੀ ਇੱਕ ਕਰੋੜ ਰੁਪਏ ਦੀ ਰਾਸ਼ੀ ਨਾਲ ਸਨਮਾਨ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਨੂੰ ਹੋਰ ਹੁਲਾਰਾ ਦੇ ਕੇ ਸੂਬੇ ਦੇ ਖਿਡਾਰੀਆਂ ਨੂੰ ਕੌਮੀ ਅਤੇ ਕੌਮਾਂਤਰੀ ਮੁਕਾਬਲਿਆਂ ਲਈ ਮੌਕੇ ਪ੍ਰਦਾਨ ਕਰਨ ਵਿੱਚ ਕੋਈ ਕਸਰ ਨਹੀ ਰਹਿਣ ਦੇਵੇਗੀ। ਉਨ੍ਹਾਂ ਬਲਾਕ ਪੱਧਰਾ ਮੁਕਾਬਲਿਆਂ ਵਿੱਚ ਭਾਗ ਲੈ ਰਹੇ ਪੁਰਹੀਰਾਂ, ਮਾਨਾ, ਅੱਤੋਵਾਲ, ਪਿਆਲਾਂ ਅਤੇ ਸ਼ੇਰਗੜ੍ਹ ਕਲਸਟਰ ਦੇ ਖਿਡਾਰੀਆਂ ਨੂੰ ਪੂਰੀ ਖੇਡ ਅਤੇ ਅਨੁਸ਼ਾਸਨ ਨਾਲ ਖੇਡਣ ਲਈ ਪ੍ਰੇਰਦਿਆਂ ਕਿਹਾ ਕਿ ਖੇਡਾਂ ਜੀਵਨ ਦਾ ਅਨਿੱਖੜਵਾਂ ਅੰਗ ਹਨ ਜਿਸ ਨੂੰ ਹਰ ਨੌਜਵਾਨ ਨੂੰ ਅਪਣਾਉਣਾਂ ਚਾਹੀਦਾ ਹੈ ਤਾਂ ਜੋ ਸਿਹਤਮੰਦ ਸਮਾਜ ਦੀ ਸਿਰਜਨਾਂ ਨੂੰ ਯਕੀਨੀ ਬਣਾਇਆ ਜਾ ਸਕੇ।

ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ 'ਚ ਸ਼ਾਮਲ ਹੋ ਕੇ ਬਸਪਾ ਦੀ ਸਰਕਾਰ ਬਣਾਓ : ਠੇਕੇਦਾਰ ਭਗਵਾਨ ਸਿੱਧੂ, ਰਮਨ ਰੱਲ, ਐਡਵੋਕੇਟ ਮਾਨਾ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਬਹੁਜਨ ਸਮਾਜ ਪਾਰਟੀ ਲੋਕ ਸਭਾ ਹੁਸ਼ਿਆਰਪੁਰ ਦੇ ਨਵ ਨਿਯੁਕਤ ਲੋਕ ਸਭਾ ਇੰਚਾਰਜ ਰਮਨ ਕੁਮਾਰ ਰੱਲ ਪਾਲੀ ਦੀ ਨਿਯੁਕਤੀ ਤੇ ਲੀਡਰਸ਼ਿਪ ਵਲੋਂ ਨਿੱਘਾ ਸਵਾਗਤ ਕੀਤਾ ਅਤੇ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ, ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਦਾ ਧੰਨਬਾਦ ਕੀਤਾ।

ਬਸਪਾ ਪੰਜਾਬ ਦੇ ਜਨਰਲ ਸਕੱਤਰ ਇੰਚਾਰਜ ਲੋਕ ਸਭਾ ਹੁਸ਼ਿਆਰਪੁਰ ਠੇਕੇਦਾਰ ਭਗਵਾਨ ਦਾਸ ਸਿੱਧੂ, ਰਮਨ ਰੱਲ ਪਾਲੀ ਇੰਚਾਰਜ ਲੋਕ ਸਭਾ ਹੁਸ਼ਿਆਰਪੁਰ, ਐਡਵੋਕੇਟ ਪਲਵਿੰਦਰ ਮਾਨਾ ਬਸਪਾ ਇੰਚਾਰਜ ਚੱਬੇਵਾਲ ਨੇ ਬਸਪਾ ਦੇ ਸਮੂਹ ਅਹੁਦੇਦਾਰਾਂ, ਵਰਕਰਾਂ ਅਤੇ ਸਮਰਥਕਾਂ ਨੂੰ ਅਪੀਲ ਕੀਤੀ ਕਿ ਬਸਪਾ ਦੀ



ਪੰਜਾਬ ਸੰਭਾਲੋ ਮੁਹਿੰਮ 'ਚ ਸ਼ਾਮਲ ਹੋ ਕੇ 2027 ਵਿੱਚ ਬਸਪਾ ਦੀ ਸਰਕਾਰ ਬਣਾਉਣ ਲਈ ਸਾਰੇ ਇਕਜੁੱਟ ਹੋ ਕੇ ਹੰਭਲਾ ਮਾਰੀਏ ਅਤੇ ਏਕਤਾ ਭਾਈਚਾਰਕ ਸਾਂਝ ਨੂੰ ਮਜਬੂਤ ਬਣਾਕੇ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਤੇ ਵਿਚਾਰਧਾਰਾ ਅਨੁਸਾਰ ÷ਐਸਾ ਚਾਹੂੰ ਰਾਜ ਮੈਂ ਯਹਾਂ ਮਿਲੇ ਸਭਨ ਕੋ ਅੰਨ, ਛੋਟ ਬੜੇ ਸਭ ਸਮ ਵਸੈ ਰਵਿਦਾਸ ਰਹੇ ਪ੍ਰਸੰਨ, ਜਿਸਨੂੰ ਬਾਣੀ ਵਿੱਚ ਬੇਗਮਪੁਰਾ ਸ਼ਹਿਰ ਕੋ ਨਾਉ ਦੁਖ ਅੰਦੋਹ ਨਹੀਂ ਤਹਿ ਠਾਓ ਭਾਵ ਜਿਥੇ ਹਰਿ ਕਿਸੇ ਨੂੰ ਖਾਣ ਲਈ ਰੋਟੀ,ਰਹਿਣ ਲਈ ਘਰ, ਸਿੱਖਿਆ, ਸਿਹਤ ਸਹੂਲਤਾਂ ਅਤੇ ਇੰਨਸਾਫ ਮਿਲੇ, ਐਸੇ ਬੇਗਮਪੁਰਾ ਰਾਜ ਦੀ ਸਥਾਪਨਾ ਕਰੀਏ।

ਬਸਪਾ ਆਗੂਆਂ ਨੇ ਕਿਹਾ ਗੁਰੂ ਜੀ ਨੇ ਜਿਹੜੇ ਕਰਮ ਕਾਂਡਾਂ ਨੂੰ ਪ੍ਰਮੇਸ਼ਰ ਦੇ ਨਿਯਮਾਂ ਦੇ ਉਲਟ ਕਹਿ ਕੇ ਭੰਡਿਆ ਸੀ ਅੱਜ ਰਾਜਨੀਤਕ ਪਾਰਟੀਆਂ ਦੇਸ਼ ਅੰਦਰ ਰਾਜ ਸੱਤਾ ਦੇ ਲੋਭ 'ਚ ਫਸਕੇ ਓਹੀ ਕਰਮਕਾਂਡ ਕਰਕੇ ਦਿਖਾਵਾ ਕਰ ਰਹੀਆਂ ਹਨ। ।ਉਨਾਂ ਕਿਹਾ ਗੁਰੂ ਜੀ ਦੀ ਬਾਣੀ ਅਤੇ ਕ੍ਰਾਂਤੀਕਾਰੀ ਵਿਚਾਰਧਾਰਾ ਅਤੇ ਸੰਵਿਧਾਨ ਦੀ ਸੋਚ ਵਾਲਾ ਬੇਗਮਪੁਰਾ ਵਸਾਉਣ ਲਈ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਦਾ ਹਿਸਾ ਬਣੋ।

ਬਸਪਾ ਲੋਕ ਸਭਾ ਹੁਸ਼ਿਆਰਪੁਰ ਦੇ ਨਵ ਨਿਯੁਕਤ ਇੰਚਾਰਜ ਰਮਨ ਰੱਲ ਨੇ ਬਸਪਾ ਆਗੂਆਂ ਨੂੰ ਪੰਜਾਬ ਨੂੰ ਸੱਚਮੁੱਚ ਬੇਗਮਪੁਰਾ ਸ਼ਹਿਰ ਬਣਾਉਣ ਲਈ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਨਾਲ ਜੁੜਨ ਦਾ ਸੱਦਾ ਦਿੰਦਿਆਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਹੀ ਪੰਜਾਬ ਅੰਦਰ ਸਹੀ ਲੋਕਤੰਤਰ ਅਤੇ ਭਾਈਚਾਰੇ ਵਾਲਾ ਰਾਜ ਸਥਾਪਤ ਕਰ ਸਕਦੀ ਹੈ।

ਉਨਾਂ ਕਿਹਾ ਪੰਜਾਬ ਸੰਭਾਲੋ ਮੁਹਿੰਮ ਨੂੰ ਸਫਲ ਬਣਾਉਣ ਅਤੇ ਪੰਜਾਬ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਉਹ ਤਨੋਂ ਮਨੋਂ ਸਹਿਯੋਗ ਕਰਨਗੇ।

ਪੰਜਾਬ ਸਰਕਾਰ ਨੇ ਲੋਕਾਂ ਦੀ ਸਿਹਤ ਸੁਰੱਖਿਆ ਦੇ ਖੇਤਰ 'ਚ ਸਥਾਪਤ ਕੀਤਾ ਮੀਲ ਪੱਥਰ: ਵਿਧਾਇਕ ਬ੍ਰਹਮ ਸ਼ੰਕਰ ਜਿੰਪਾ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਨੇੜਲੇ ਪਿੰਡ ਅੱਜੋਵਾਲ ਵਿਖੇ ਪਿੰਡ ਦੇ ਪਰਿਵਾਰਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਪਰਿਵਾਰਾਂ ਦੇ 10 ਲੱਖ ਰੁਪਏ ਤੱਕ ਦੇ ਕੈਸ਼ਲੈਸ ਇਲਾਜ ਦੀ ਸਹੂਲਤ ਵਾਲੇ ਸਿਹਤ ਬੀਮਾ ਕਾਰਡ ਸੌਂਪਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਯੋਜਨਾ ਰਾਹੀਂ ਸਿਹਤ ਸੁਰੱਖਿਆ ਦੇ ਖੇਤਰ 'ਚ ਮੀਲ ਪੱਥਰ ਸਥਾਪਤ ਕੀਤਾ ਹੈ।

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਸਿਹਤ ਬੀਮਾ ਯੋਜਨਾ ਦੇ ਕਾਰਡ ਸੌਂਪਦਿਆਂ ਕਿਹਾ ਕਿ ਇਸ ਸਕੀਮ ਤਹਿਤ ਸੂਬੇ ਭਰ ਵਿਚ ਪਰਿਵਾਰਾਂ ਨੂੰ ਪ੍ਰਮੁੱਖ ਨਿੱਜੀ ਹਸਪਤਾਲਾਂ ਵਿਚ 10 ਲੱਖ ਰੁਪਏ ਤੱਕ ਦਾ ਮੁਫ਼ਤ ਕੈਸ਼ਲੈਸ ਇਲਾਜ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਦੇ ਲੋਕਾਂ ਲਈ ਸਿਹਤ ਸੁਰੱਖਿਆ ਅਤੇ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਖੇਤਰ

- ਪਿੰਡ ਅੱਜੋਵਾਲ 'ਚ ਪਰਿਵਾਰਾਂ ਨੂੰ 10 ਲੱਖ ਤੱਕ ਦੇ ਕੈਸ਼ਲੈਸ ਇਲਾਜ ਵਾਲੇ ਸਿਹਤ ਕਾਰਡ ਸੌਂਪੇ
- ਪੰਜਾਬ ਦੇ ਹਰੇਕ ਪਰਿਵਾਰ ਨੂੰ ਪ੍ਰਮੁੱਖ ਨਿੱਜੀ ਹਸਪਤਾਲਾਂ 'ਚ ਇਲਾਜ ਦੀ ਮਿਲੀ ਸਹੂਲਤ



ਵਿਚ ਵੱਡੇ ਕਦਮ ਚੁੱਕੇ ਗਏ ਹਨ ਜਿਸ ਨਾਲ ਰਾਜ ਦੇ ਹਰ ਖੇਤਰ ਦੇ ਲਗਭਗ ਹਰ ਪਰਿਵਾਰ ਨੂੰ ਚੰਗੀਆਂ ਸਿਹਤ ਸਹੂਲਤਾਂ ਮਿਲੀਆਂ ਹਨ।

ਸਿਹਤ ਖੇਤਰ ਵਿਚ ਪੰਜਾਬ ਸਰਕਾਰ ਦੇ ਉਪਰਾਲਿਆਂ ਦੀ ਗੱਲ ਕਰਦਿਆਂ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਵਿਚ ਇਕ ਹਜ਼ਾਰ ਦੇ ਕਰੀਬ ਆਮ ਆਦਮੀ ਕਲੀਨਿਕ ਖੋਲ੍ਹੇ ਜਾ ਚੁੱਕੇ ਹਨ ਜੋ ਲੋਕਾਂ ਨੂੰ ਘਰਾਂ ਨੇੜੇ ਹੀ ਮੁੱਢਲੀਆਂ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲੀਨਿਕਾਂ ਵਿਚ ਮਰੀਜ਼ਾਂ ਨੂੰ ਲਗਭਗ 110 ਤਰ੍ਹਾਂ ਦੀਆਂ ਵੱਖ-ਵੱਖ ਦਵਾਈਆਂ ਅਤੇ 50 ਦੇ ਕਰੀਬ ਵੱਖ-ਵੱਖ ਤਰ੍ਹਾਂ ਦੇ ਮੈਡੀਕਲ ਟੈਸਟਾਂ ਦੀ ਸਹੂਲਤਾਂ ਮੁਫ਼ਤ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਸਿਹਤ ਅਤੇ ਸਿੱਖਿਆ ਨੂੰ ਪੂਰੀ ਤਰਜੀਹ ਦਿੰਦਿਆਂ ਇਨ੍ਹਾਂ ਖੇਤਰਾਂ ਵਿਚ ਬੇਮਿਸਾਲ ਕੰਮ ਕੀਤੇ ਹਨ।

ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਸੂਬੇ ਦੇ ਹਰ ਵਰਗ ਦੇ ਲੋਕਾਂ ਨੂੰ ਬਿਹਤਰ ਅਤੇ ਆਸਾਨੀ ਨਾਲ ਸਿਹਤ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਸਿਹਤ ਨਾਲ ਜੁੜੇ ਇਲਾਜ ਦੇ ਖਰਚੇ ਕਾਰਨ ਕਿਸੇ ਵੀ ਪਰਿਵਾਰ ਨੂੰ ਆਰਥਿਕ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਸਰਕਾਰ ਵੱਲੋਂ ਸਿਹਤ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾ ਰਹੀ ਸਿਹਤ ਸੁਰੱਖਿਆ ਸਹੂਲਤ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਆਪਣੇ ਪਰਿਵਾਰ ਦੇ ਯੋਗ ਮੈਂਬਰਾਂ ਦੇ ਸਿਹਤ ਕਾਰਡ ਬਣਵਾਉਣ।

ਇਸ ਮੌਕੇ ਸੁਮਨ ਬਹਿਲ, ਤਹਿਸੀਲਦਾਰ ਮਨਦੀਪ ਸਿੰਘ, ਐਸ.ਐਮ.ਓ. ਮਨਪ੍ਰੀਤ ਕੌਰ, ਚੇਅਰਮੈਨ ਵਿਕਰਮ ਸ਼ਰਮਾ ਬੌਬੀ, ਹਲਕਾ ਸੰਗਠਨ ਇੰਚਾਰਜ ਅਮਰਜੋਤ ਸਿੰਘ, ਬਲਾਕ ਪ੍ਰਧਾਨ ਬਖਤਾਵਰ ਸਿੰਘ ਆਦਿ ਵੀ ਮੌਜੂਦ ਸਨ।

ਕਿਸਾਨ ਦੀ ਲਾਗਤ ਘਟੇ ਅਤੇ ਆਮਦਨ ਵਧੇ, ਉਹੀ ਤਕਨੀਕ ਅਸਲੀ ਇਨੋਵੇਸ਼ਨ ਹੈ: ਮੁੱਖ ਮੰਤਰੀ ਨਾਇਬ ਸੈਣੀ

ਪੈ.ਗਾਮ-ਏ-ਜਗਤ/ਚੰਡੀਗੜ੍ਹ
23 ਸਤੰਬਰ (ਹਰਮਿੰਦਰ ਸਿੰਘ ਨਾਗਪਾਲ)

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਿਸਾਨ ਦੀ ਲਾਗਤ ਘਟੇ, ਮਿਹਨਤ ਘੱਟ ਹੋਵੇ ਅਤੇ ਫ਼ਸਲ ਦਾ ਮੁਨਾਫ਼ਾ ਵਧੇ, ਉਹੀ ਤਕਨੀਕ ਉਸ ਲਈ ਅਸਲੀ ਇਨੋਵੇਸ਼ਨ (ਨਵੀਨਤਾ) ਹੈ। ਕਿਸੇ ਵੀ ਤਕਨੀਕ ਦੀ ਅਸਲੀ ਸਫਲਤਾ ਕਿਸਾਨ ਦੇ ਹਿਸਾਬ-ਕਿਤਾਬ ਦੀ ਕਾਪੀ ਵਿੱਚ ਦਿਖਾਈ ਦੇਣੀ ਚਾਹੀਦੀ ਹੈ। ਕਿਸਾਨ ਲਈ ਉਹੀ ਤਕਨੀਕ ਲਾਹੇਵੰਦ ਹੈ, ਜੋ ਉਸ ਦੀ ਪਹੁੰਚ ਵਿੱਚ ਹੋਵੇ, ਆਸਾਨੀ ਨਾਲ ਵਰਤੀ ਜਾ ਸਕੇ ਅਤੇ ਜਿਸ ਦੀ ਮੁਰੰਮਤ ਵੀ ਪਿੰਡ ਦੇ ਆਸ-ਪਾਸ ਹੋ ਸਕੇ।

ਮੁੱਖ ਮੰਤਰੀ ਬੁੱਧਵਾਰ ਨੂੰ ਕੁਰੂਕਸ਼ੇਤਰ ਦੇ ਲਾਡਵਾ ਵਿੱਚ ਸੀ.ਆਈ.ਆਈ. ਦੀ ਪੰਜਵੀਂ 'ਇਨੋਵੇਟਿਵ ਫਾਰਮਰਜ਼ ਮੀਟ' ਦੇ ਸਮਾਪਤੀ ਮੌਕੇ ਬੋਲ ਰਹੇ ਸਨ। ਮੁੱਖ ਮੰਤਰੀ ਨੇ ਇਸ ਮੌਕੇ ਲਗਾਈ ਗਈ ਖੇਤੀ ਸੰਦਾਂ ਦੀ ਪ੍ਰਦਰਸ਼ਨੀ ਦਾ ਉਦਘਾਟਨ ਅਤੇ ਜਾਇਜ਼ਾ ਲਿਆ। ਇਸ ਦੇ ਨਾਲ ਹੀ ਪ੍ਰਗਤੀਸ਼ੀਲ ਕਿਸਾਨਾਂ ਨਾਲ ਗੱਲਬਾਤ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਇਨੋਵੇਟਿਵ ਫਾਰਮਰਜ਼ ਮੀਟ ਦੀ ਖਾਸੀਅਤ ਇਹ ਹੈ ਕਿ ਚਰਚਾ ਵੱਡੇ ਸ਼ਹਿਰਾਂ ਜਾਂ ਹਾਲਾਂ ਤੱਕ ਸੀਮਤ ਨਹੀਂ ਹੈ, ਸਗੋਂ ਇਸ ਨੂੰ ਸਿੱਧਾ ਕਿਸਾਨਾਂ ਦੇ ਵਿਚਕਾਰ ਲਿਜਾਇਆ ਜਾ ਰਿਹਾ ਹੈ।

ਪਾਣੀ ਅਤੇ ਮਿੱਟੀ ਦੀ ਸਿਹਤ ਲਈ ਤਕਨੀਕ ਜ਼ਰੂਰੀ

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਖੇਤੀ ਦੇ ਸਾਹਮਣੇ ਮੌਸਮ ਦੀ ਅਨਿਸ਼ਚਿਤਤਾ, ਪਾਣੀ ਦੀ ਵਧਦੀ ਘਾਟ ਅਤੇ ਮਿੱਟੀ ਦੀ ਵਿਗੜਦੀ ਸਿਹਤ ਵਰਗੀਆਂ ਗੰਭੀਰ ਸਮੱਸਿਆਵਾਂ ਹਨ। ਇਸ ਲਈ ਅਜਿਹੀ ਖੇਤੀ ਵੱਲ ਵਧਣਾ ਪਵੇਗਾ, ਜੋ ਬਦਲਦੇ ਹਾਲਾਤ ਦਾ ਮੁਕਾਬਲਾ ਕਰ ਸਕੇ ਅਤੇ ਕਿਸਾਨ ਦੀ ਆਮਦਨ ਨੂੰ ਵਧਾ ਸਕੇ। ਉਨ੍ਹਾਂ ਕਿਹਾ ਕਿ ਇਸ ਖੇਤਰ ਵਿੱਚ ਝੋਨੇ ਅਤੇ ਕਣਕ ਦੀ ਖੇਤੀ ਦਾ ਖਾਸ ਮਹੱਤਵ ਹੈ। ਖੇਤਾਂ ਵਿੱਚ ਝੋਨੇ ਦੀ ਸਿੱਧੀ ਬਿਜਾਈ, ਫ਼ਸਲ ਮੁਤਾਬਕ ਸੂਖਮ ਸਿੰਚਾਈ ਅਤੇ ਖੇਤ ਨੂੰ ਪੱਧਰਾ ਕਰਨ ਵਰਗੇ ਉਪਰਾਲੇ ਲਾਹੇਵੰਦ ਹੋ ਸਕਦੇ ਹਨ। ਉਨ੍ਹਾਂ ਕਿਸਾਨਾਂ ਨੂੰ ਆਪਣੀ ਜ਼ਮੀਨ ਦੀ ਜਾਂਚ ਕਰਵਾਉਣ ਅਤੇ ਉਸਦੀ ਲੋੜ ਮੁਤਾਬਕ ਖਾਦ ਦੀ ਵਰਤੋਂ ਕਰਨ ਦੀ ਅਪੀਲ ਕੀਤੀ। ਫ਼ਸਲ ਚੱਕਰ, ਜੈਵਿਕ ਪਦਾਰਥ ਅਤੇ ਵਿਗਿਆਨਕ ਸਲਾਹ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਸੰਭਾਲਣ ਉੱਤੇ ਵੀ ਜ਼ੋਰ ਦਿੱਤਾ।

- ਲਾਡਵਾ ਵਿੱਚ ਸੀ.ਆਈ.ਆਈ. ਦੀ ਪੰਜਵੀਂ 'ਇਨੋਵੇਟਿਵ ਫਾਰਮਰਜ਼ ਮੀਟ' ਦੇ ਸਮਾਪਤੀ ਮੌਕੇ ਬੋਲੇ ਮੁੱਖ ਮੰਤਰੀ
- ਖੇਤੀ ਮਸ਼ੀਨਰੀ, ਪਾਣੀ ਦੀ ਸੰਭਾਲ, ਮਿੱਟੀ ਦੀ ਸਿਹਤ ਅਤੇ ਪਰਾਲੀ ਪ੍ਰਬੰਧਨ ਵਿੱਚ ਨਵੇਂ ਤਰੀਕੇ ਅਪਣਾਉਣ ਦਾ ਸੱਦਾ

ਇੱਕ ਮਸ਼ੀਨ ਦਾ ਲਾਭ ਅਨੇਕਾਂ ਕਿਸਾਨਾਂ ਤੱਕ ਪੁੱਜੇ

ਮੁੱਖ ਮੰਤਰੀ ਨੇ ਕਿਹਾ ਕਿ ਛੋਟਾ ਕਿਸਾਨ ਹਰ ਮਹਿੰਗੀ ਮਸ਼ੀਨ ਇਕੱਲਾ ਨਹੀਂ ਖਰੀਦ ਸਕਦਾ। ਇਸ ਲਈ ਕਿਸਾਨ ਸਮੂਹਾਂ, ਸਹਿਕਾਰੀ ਸੁਸਾਇਟੀਆਂ ਅਤੇ ਕਿਰਾਏ 'ਤੇ ਮਸ਼ੀਨ ਮੁਹੱਈਆ ਕਰਵਾਉਣ ਵਾਲੇ ਕੇਂਦਰਾਂ ਦੀ ਭੂਮਿਕਾ ਅਹਿਮ ਹੈ। ਇੱਕ ਮਸ਼ੀਨ ਦਾ ਲਾਭ ਅਨੇਕਾਂ ਖੇਤਾਂ ਤੱਕ ਪੁੱਜਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਿੰਡ ਦੇ ਨੌਜਵਾਨ ਮਸ਼ੀਨ ਚਲਾਉਣ, ਉਸਦੀ ਮੁਰੰਮਤ ਕਰਨ ਅਤੇ ਖੇਤੀ ਨਾਲ ਜੁੜੀਆਂ ਸੇਵਾਵਾਂ ਦੇਣ ਦਾ ਕੰਮ ਸਿੱਖਣ। ਇਸ ਨਾਲ ਕਿਸਾਨ ਦਾ ਖਰਚਾ ਘਟਣ ਦੇ ਨਾਲ-ਨਾਲ ਪਿੰਡ ਵਿੱਚ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ।

ਮੁੱਖ ਮੰਤਰੀ ਨੇ ਫ਼ਸਲ ਵਿਭਿੰਨਤਾ ਉੱਤੇ ਵੀ ਵਿਚਾਰ ਕਰਨ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਜਿੱਥੇ ਹਾਲਾਤ ਅਨੁਕੂਲ ਹੋਣ, ਉੱਥੇ ਦਾਲਾਂ, ਤਿਲਹਨ, ਸਬਜ਼ੀਆਂ, ਫਲਾਂ ਅਤੇ ਹੋਰ ਢੁਕਵੀਆਂ ਫ਼ਸਲਾਂ ਦੀਆਂ ਸੰਭਾਵਨਾਵਾਂ ਦੇਖਣੀਆਂ ਚਾਹੀਦੀਆਂ ਹਨ। ਮੁੱਖ ਮੰਤਰੀ ਨੇ ਉਦਯੋਗਾਂ ਨੂੰ ਕਿਸਾਨਾਂ ਨੂੰ ਗੁਣਵੱਤਾ ਅਤੇ ਖੁਰਾਕ ਸੁਰੱਖਿਆ ਦੇ ਮਿਆਰਾਂ ਦੀ ਸਿਖਲਾਈ ਦੇਣ ਅਤੇ ਬਿਹਤਰ ਬਾਜ਼ਾਰ ਨਾਲ ਜੋੜਨ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ।

ਕੁਦਰਤੀ ਖੇਤੀ ਨੂੰ ਵਧਾਵਾ ਦੇਣ ਲਈ ਸਿਖਲਾਈ ਅਤੇ ਸਹਾਇਤਾ

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕਿਸਾਨ ਭਲਾਈ ਸਰਕਾਰ ਦੀ ਤਰਜੀਹ ਹੈ। ਸਰਕਾਰ ਕਿਸਾਨਾਂ ਦੀ ਆਮਦਨ ਵਧਾਉਣ, ਸਿੰਚਾਈ ਸਹੂਲਤਾਂ ਦਾ ਵਿਸਤਾਰ ਕਰਨ, ਕੁਦਰਤੀ ਖੇਤੀ ਨੂੰ ਵਧਾਵਾ ਦੇਣ, ਫ਼ਸਲ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਅਤੇ ਖੇਤੀ ਨੂੰ ਤਕਨੀਕ ਨਾਲ ਜੋੜਨ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਕੁਦਰਤੀ ਖੇਤੀ ਨੂੰ ਹੁਣ ਦੇਣ ਲਈ ਸ਼ੁਰੂ ਕੀਤੇ ਗਏ ਪੋਰਟਲ 'ਤੇ ਲਗਭਗ 2 ਲੱਖ ਕਿਸਾਨਾਂ ਨੇ 3 ਲੱਖ ਏਕੜ ਰਕਬੇ ਦੀ ਰਜਿਸਟ੍ਰੇਸ਼ਨ ਕਰਵਾਈ ਹੈ। ਇਨ੍ਹਾਂ ਵਿੱਚੋਂ 44 ਹਜ਼ਾਰ ਏਕੜ ਰਕਬੇ ਵਿੱਚ ਕੁਦਰਤੀ ਖੇਤੀ ਅਪਣਾਉਣ ਲਈ 23 ਹਜ਼ਾਰ 930 ਕਿਸਾਨਾਂ ਦੀ ਤਸਦੀਕ ਕੀਤੀ ਜਾ ਚੁੱਕੀ ਹੈ। ਸਾਲ 2025-26 ਵਿੱਚ ਸੂਬੇ ਵਿੱਚ 20 ਹਜ਼ਾਰ 727 ਏਕੜ ਰਕਬੇ 'ਤੇ ਕੁਦਰਤੀ ਖੇਤੀ ਕੀਤੀ ਗਈ।

ਮੁੱਖ ਮੰਤਰੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਕੁਸੁਮ ਯੋਜਨਾ ਤਹਿਤ ਸੋਲਰ ਪੰਪ ਲਗਾਉਣ ਲਈ ਕਿਸਾਨਾਂ ਨੂੰ 75 ਫੀਸਦੀ ਸਬਸਿਡੀ ਦਿੱਤੀ ਜਾਂਦੀ ਹੈ ਅਤੇ ਹੁਣ ਤੱਕ 1 ਲੱਖ 95 ਹਜ਼ਾਰ ਸੋਲਰ ਪੰਪ ਸਥਾਪਤ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਪਰਾਲੀ ਦੇ ਸਹੀ ਪ੍ਰਬੰਧਨ ਅਤੇ ਗੰਢਾਂ ਬਣਾਉਣ ਲਈ 1,200 ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਰਾਸ਼ੀ ਦਾ ਪ੍ਰਬੰਧ ਕੀਤਾ ਗਿਆ ਹੈ। ਹੁਣ ਤੱਕ 10 ਲੱਖ ਕਿਸਾਨਾਂ ਨੂੰ 907 ਕਰੋੜ ਰੁਪਏ ਦੀ ਰਾਸ਼ੀ ਸਬਸਿਡੀ ਵਜੋਂ ਦਿੱਤੀ ਜਾ ਚੁੱਕੀ ਹੈ। ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਾਮ ਸਿੰਘ ਰਾਣਾ ਨੇ ਕਿਹਾ ਕਿ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਅਪਣਾਉਣੀ ਚਾਹੀਦੀ ਹੈ। ਇਸ ਨਾਲ ਕਿਸਾਨਾਂ ਨੂੰ ਲਗਭਗ 15 ਹਜ਼ਾਰ ਰੁਪਏ ਪ੍ਰਤੀ ਏਕੜ ਤੱਕ ਦਾ ਫਾਇਦਾ ਹੋ ਸਕਦਾ ਹੈ, ਜਿਸ ਵਿੱਚ 10 ਹਜ਼ਾਰ ਰੁਪਏ ਪ੍ਰਤੀ ਏਕੜ ਦੀ ਲਾਗਤ ਦੀ ਬਚਤ ਹੁੰਦੀ ਹੈ ਅਤੇ ਸਰਕਾਰ ਵੱਲੋਂ ਵੀ 4 ਤੋਂ 5 ਹਜ਼ਾਰ ਰੁਪਏ ਪ੍ਰਤੀ ਏਕੜ ਦੀ ਸਹਾਇਤਾ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਿੱਧੀ ਬਿਜਾਈ ਨਾਲ ਪਾਣੀ ਦੀ ਵੀ ਬਚਤ ਹੁੰਦੀ ਹੈ। ਸ੍ਰੀ ਰਾਣਾ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਪਾਣੀ, ਮਿੱਟੀ ਅਤੇ ਹਵਾ ਦਾ ਸੰਤੁਲਨ ਵਿਗੜ ਰਿਹਾ ਹੈ ਅਤੇ ਜ਼ਮੀਨ ਦੀ ਸਿਹਤ ਵੀ ਖਰਾਬ ਹੋ ਰਹੀ ਹੈ, ਇਸ ਲਈ ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਖੇਤੀ ਦੀ ਟਿਕਾਊ ਵਿਵਸਥਾ ਲਈ ਸਾਨੂੰ ਹੋਰ ਗੰਭੀਰਤਾ ਨਾਲ ਕੰਮ ਕਰਨ ਦੀ ਲੋੜ ਹੈ।

ਇਸ ਮੌਕੇ ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ, ਸੀ.ਆਈ.ਆਈ. ਹਰਿਆਣਾ ਦੇ ਪ੍ਰਧਾਨ ਸ੍ਰੀ ਸਾਕੇਤ ਭਾਟੀਆ ਅਤੇ ਹੋਰ ਅਹੁਦੇਦਾਰ ਤੇ ਭਾਰੀ ਗਿਣਤੀ ਵਿੱਚ ਕਿਸਾਨ ਮੌਜੂਦ ਸਨ।

ਹਰਿਆਣਾ ਵਿੱਚ ਤੇਜ਼ੀ ਨਾਲ ਦੌੜੀ ਸੁਧਾਰਾਂ ਦੀ ਗੱਡੀ

ਪੈ.ਗਾਮ-ਏ-ਜਗਤ//ਚੰਡੀਗੜ੍ਹ
23 ਸਤੰਬਰ (ਹਰਮਿੰਦਰ ਸਿੰਘ ਨਾਗਪਾਲ)

ਹਰਿਆਣਾ ਵਿੱਚ ਕਾਰੋਬਾਰ ਅਤੇ ਨਿਵੇਸ਼ ਵਧਾਉਣ ਦੇ ਮਕਸਦ ਨਾਲ ਰੈਗੂਲਟਰੀ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਅਤੇ ਅਨੁਪਾਲਣਾ ਦਾ ਬੋਝ ਘਟਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਸੂਬੇ ਵਿੱਚ ਅਨੁਪਾਲਣਾ ਨੂੰ ਘੱਟੋ-ਘੱਟ ਕਰਨ ਅਤੇ ਡੀ-ਰੈਗੂਲੇਸ਼ਨ ਮੁਹਿੰਮ ਤਹਿਤ 8 ਮੁੱਢਲੇ ਖੇਤਰਾਂ ਵਿੱਚ ਸੁਧਾਰ ਲਾਗੂ ਕੀਤੇ ਜਾ ਚੁੱਕੇ ਹਨ, ਜਦੋਂ ਕਿ 14 ਹੋਰ ਮੁੱਢਲੇ ਖੇਤਰਾਂ ਵਿੱਚ ਸੁਧਾਰਾਂ ਦੀ ਪ੍ਰਕਿਰਿਆ ਜਾਰੀ ਹੈ। ਇਨ੍ਹਾਂ ਨੂੰ ਅਗਲੇ ਮਹੀਨੇ ਤੱਕ ਲਾਗੂ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਨ੍ਹਾਂ ਸੁਧਾਰਾਂ ਦਾ ਉਦੇਸ਼ ਬੇਲੋੜੀਆਂ ਪ੍ਰਕਿਰਿਆਵਾਂ, ਦੁਹਰਾਉਣ ਵਾਲੀਆਂ ਮਨਜ਼ੂਰੀਆਂ ਅਤੇ ਵਾਧੂ ਅਨੁਪਾਲਣਾਵਾਂ ਨੂੰ ਖ਼ਤਮ ਕਰਕੇ ਨਾਗਰਿਕਾਂ, ਉੱਦਮੀਆਂ ਅਤੇ ਨਿਵੇਸ਼ਕਾਂ ਲਈ ਸੇਵਾਵਾਂ ਨੂੰ ਹੋਰ ਸਰਲ ਅਤੇ ਤੇਜ਼ ਬਣਾਉਣਾ ਹੈ।

ਮੁੱਖ ਸਕੱਤਰ ਅਨੁਰਾਗ ਰਸਤੋਗੀ ਨੇ ਕੇਂਦਰੀ ਕੈਬਨਿਟ ਸਕੱਤਰ ਸ਼੍ਰੀ ਟੀ. ਵੀ. ਸੋਮਨਾਥਨ ਦੀ ਪ੍ਰਧਾਨਗੀ ਹੇਠ ਪਾਲਣਾ ਘਟਾਉਣ ਅਤੇ ਡੀ-ਰੈਗੂਲੇਸ਼ਨ ਮੁਹਿੰਮ ਦੇ ਪੜਾਅ-1 ਅਤੇ 2 ਦੀ ਪ੍ਰਗਤੀ ਦੀ ਸਮੀਖਿਆ ਤੋਂ ਬਾਅਦ ਹਰਿਆਣਾ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ। ਸੂਬੇ ਦੇ ਸੁਧਾਰ ਏਜੰਡੇ ਵਿੱਚ ਜ਼ਮੀਨ ਰੈਗੂਲੇਸ਼ਨ, ਉਸਾਰੀ, ਸਹੂਲਤਾਂ, ਉਦਯੋਗਿਕ ਵਿਕਾਸ, ਬਿਜਲੀ, ਵਾਤਾਵਰਣ, ਸੈਰ-ਸਪਾਟਾ, ਸਿੱਖਿਆ, ਸਿਹਤ ਸੇਵਾਵਾਂ ਅਤੇ ਈਜ਼ ਆਫ਼ ਡੂਇੰਗ ਬਿਜ਼ਨਸ ਨਾਲ ਜੁੜੇ ਵੱਖ-ਵੱਖ ਖੇਤਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਸਿਹਤ ਖੇਤਰ ਵਿੱਚ ਰੈਗੂਲੇਟਰੀ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਲਈ ਮੈਡੀਕਲ ਪੇਸ਼ੇਵਰਾਂ ਦੀ ਰਜਿਸਟ੍ਰੇਸ਼ਨ ਅਤੇ ਐਨ ਓ ਸੀ ਨਾਲ ਸਬੰਧਤ ਲੋੜਾਂ ਨੂੰ ਸਰਲ ਕਰਨ ਅਤੇ ਸਿਹਤ ਸੇਵਾਵਾਂ ਨਾਲ ਸਬੰਧਤ ਲਾਇਸੈਂਸ ਲਈ ਸਿੰਗਲ ਨੋਡਲ ਪ੍ਰਣਾਲੀ ਵਿਕਸਤ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ, ਸਿਹਤ ਸੰਸਥਾਵਾਂ ਨਾਲ ਸਬੰਧਤ ਸੇਵਾਵਾਂ ਨੂੰ 'ਇਨਵੈਸਟ ਹਰਿਆਣਾ' ਪੋਰਟਲ ਨਾਲ ਜੋੜਨ ਦਾ ਵੀ ਪ੍ਰਸਤਾਵ ਹੈ। ਇਸ ਨਾਲ ਵੱਖ-ਵੱਖ ਵਿਭਾਗਾਂ ਦੇ ਪੱਧਰ 'ਤੇ ਹੋਣ ਵਾਲੀਆਂ ਪ੍ਰਕਿਰਿਆਵਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਮਦਦ ਮਿਲੇਗੀ।

ਉਦਯੋਗ ਅਤੇ ਵਣਜ ਵਿਭਾਗ ਦੇ ਡਾਇਰੈਕਟਰ ਜਨਰਲ ਸ਼੍ਰੀ ਯਸ਼ ਗਰਗ ਨੇ ਦੱਸਿਆ ਕਿ ਕਾਰੋਬਾਰਾਂ ਲਈ ਦੋਹਰੀ ਲਾਇਸੈਂਸ ਪ੍ਰਣਾਲੀ ਨੂੰ ਖ਼ਤਮ ਕਰਨ ਦੇ ਹਰਿਆਣਾ ਦੇ ਪ੍ਰਸਤਾਵ ਨੂੰ ਡੀ-ਰੈਗੂਲੇਸ਼ਨ ਸੈੱਲ ਵੱਲੋਂ ਸਹਿਮਤੀ ਅਤੇ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਪਹਿਲਕਦਮੀ ਦਾ ਉਦੇਸ਼ ਵੱਖ-ਵੱਖ ਵਿਭਾਗਾਂ ਦੁਆਰਾ ਜਾਰੀ ਕੀਤੇ ਜਾਣ ਵਾਲੇ ਇੱਕੋ ਜਿਹੇ ਜਾਂ ਓਵਰਲੈਪਿੰਗ ਲਾਇਸੈਂਸਾਂ, ਮਨਜ਼ੂਰੀਆਂ, ©®3 ਅਤੇ ਪਰਮਿਟਾਂ ਨੂੰ ਖ਼ਤਮ ਕਰਕੇ ਕਾਰੋਬਾਰਾਂ ਉੱਤੇ ਬੇਲੋੜੀ ਪਾਲਣਾ ਦਾ ਬੋਝ ਘਟਾਉਣਾ ਹੈ।

ਸੂਬੇ ਵਿੱਚ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਨਾਲ ਸਬੰਧਤ ਨਿਯਮਾਂ ਨੂੰ ਵੀ ਹੋਰ ਸਰਲ ਬਣਾਇਆ ਜਾ ਰਿਹਾ ਹੈ। ਹਰਿਆਣਾ ਦੁਕਾਨ ਅਤੇ ਵਪਾਰਕ ਅਦਾਰੇ ਵਿਵਸਥਾ ਤਹਿਤ ਪਹਿਲਾਂ ਹੀ ਇੱਕਮੁਸ਼ਤ ਰਜਿਸਟ੍ਰੇਸ਼ਨ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ, ਪਾਲਣਾ ਨੂੰ ਹੋਰ ਸਰਲ ਬਣਾਉਣ ਅਤੇ ਕਾਰੋਬਾਰ ਨੂੰ ਸੁਖਾਲਾ ਬਣਾਉਣ ਲਈ ਹੋਰ ਜ਼ਰੂਰੀ ਉਪ ਉਪਾਅ ਵੀ ਕੀਤੇ ਜਾ ਰਹੇ ਹਨ।

ਸੂਖਮ, ਲਘੂ ਅਤੇ ਮੱਧ ਉੱਦਮਾਂ ਨੂੰ ਸਹੂਲਤ ਪ੍ਰਦਾਨ ਕਰਨਾ ਵੀ ਸੁਧਾਰ ਏਜੰਡੇ ਦਾ ਮਹੱਤਵਪੂਰਨ ਹਿੱਸਾ ਹੈ। MSME ਲਈ ਸਵੈ-ਘੋਸ਼ਣਾ, ਸਥਾਪਨਾ-ਪੂਰਵ ਮਨਜ਼ੂਰੀ ਅਤੇ ਨਿਰੀਖਣ ਤੋਂ ਸੁਰੱਖਿਆ ਦੀ ਵਿਵਸਥਾ ਲਾਗੂ ਕਰਨ ਦੀ ਦਿਸ਼ਾ ਵਿੱਚ ਕੰਮ ਚੱਲ ਰਿਹਾ ਹੈ। ਇਸ ਦੇ ਨਾਲ ਹੀ, ਉਦਯੋਗਿਕ ਕਲੱਸਟਰਾਂ ਵਿੱਚ ਮਨਜ਼ੂਰੀ ਪ੍ਰਕਿਰਿਆਵਾਂ ਨੂੰ ਆਸਾਨ ਬਣਾਉਣ ਲਈ ਐਚਐਸਆਈਆਈਡੀਸੀ ਅਤੇ ਹਰਿਆਣਾ ਉੱਦਮ ਪ੍ਰੋਤਸਾਹਿਨ ਕੇਂਦਰ ਦੀ ਭੂਮਿਕਾ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ।

ਉਦਯੋਗਿਕ ਪਲਾਟਾਂ ਦੀ ਵਰਤੋਂ ਨੂੰ ਹੋਰ ਲਚਕਦਾਰ ਬਣਾਉਣ ਲਈ ਵੀ ਨਿਯਮਾਂ ਵਿੱਚ ਬਦਲਾਅ ਕੀਤੇ ਗਏ ਹਨ। ਐਚਐਸਆਈਆਈਡੀਸੀ ਦੇ ਨਿਰਦੇਸ਼ਕ ਮੰਡਲ ਨੇ ਉਦਯੋਗਿਕ ਪਲਾਟਾਂ, ਜਿਨ੍ਹਾਂ ਵਿੱਚ ਖਾਲੀ ਪਲਾਟ ਵੀ ਸ਼ਾਮਲ ਹਨ, ਨੂੰ ਵੱਧ ਤੋਂ ਵੱਧ ਤਿੰਨ ਪਲਾਟਾਂ ਵਿੱਚ ਵੰਡਣ ਦੀ ਮਨਜ਼ੂਰੀ ਦੇ ਦਿੱਤੀ ਹੈ। ਹਾਲਾਂਕਿ, ਹਰੇਕ ਬਣਨ ਵਾਲੇ ਪਲਾਟ ਦਾ ਖੇਤਰਫਲ 450 ਵਰਗ ਮੀਟਰ ਤੋਂ ਘੱਟ ਨਹੀਂ ਹੋਣਾ ਚਾਹੀਦਾ। ਇਹ ਮਨਜ਼ੂਰੀ ਸਬੰਧਤ ਯੋਜਨਾਬੰਦੀ ਮਿਆਰਾਂ, ਵਿਵਹਾਰਕਤਾ ਅਤੇ ਲਾਗੂ ਫੀਸਾਂ ਦੇ ਅਧੀਨ ਹੋਵੇਗੀ।

ਉਦਯੋਗਿਕ ਖੇਤਰਾਂ ਵਿੱਚ 'ਵੌਕ-ਟੂ-ਵਰਕ' ਦੀ ਧਾਰਨਾ ਨੂੰ ਹੁਣ ਦੇਣ ਲਈ ਵੀ ਕਦਮ ਚੁੱਕੇ ਜਾ ਰਹੇ ਹਨ। ਐਚਐਸਆਈਆਈਡੀਸੀ ਦੁਆਰਾ ਆਈਐਮਟੀ ਮਾਨੇਸਰ ਦੇ ਸੈਕਟਰ-8 ਵਿੱਚ 4.6 ਏਕੜ ਖੇਤਰ ਵਿੱਚ ਉਦਯੋਗਿਕ ਮਜ਼ਦੂਰ ਰਿਹਾਇਸ਼ ਦਾ ਨਿਰਮਾਣ ਕੀਤਾ ਗਿਆ ਹੈ। ਇਸੇ ਤਰ੍ਹਾਂ, ਇੰਡਸਟ੍ਰੀਅਲ ਅਸਟੇਟ ਕੁੰਡਲੀ ਵਿੱਚ ਛੇ ਏਕੜ ਖੇਤਰ ਵਿੱਚ ਅਜਿਹੀ ਹੀ ਸਹੂਲਤ ਵਿਕਸਤ ਕੀਤੀ ਜਾ ਰਹੀ ਹੈ।

ਪੁਰਾਣੇ ਉਦਯੋਗਿਕ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ 500 ਕਰੋੜ ਰੁਪਏ ਦੇ ਪ੍ਰਸਤਾਵਿਤ 'ਸਕਸ਼ਮ' ਫੰਡ ਰਾਹੀਂ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਦੀ ਯੋਜਨਾ ਹੈ।

ਸੀਐਮ ਨਾਇਬ ਸੈਣੀ ਦਾ ਪੰਜਾਬ ਅਤੇ ਹਰਿਆਣਾ ਦੇ ਉਦਯੋਗਪਤੀਆਂ ਨੂੰ ਸੱਦਾ



ਚੰਡੀਗੜ੍ਹ, 23 ਸਤੰਬਰ (ਪੈ.ਗਾਮ-ਏ-ਜਗਤ)

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਅਤੇ ਹਰਿਆਣਾ ਦੇ ਉਦਯੋਗਪਤੀਆਂ ਨੂੰ ਸੱਦਾ ਦਿੱਤਾ ਹੈ ਕਿ ਤੁਸੀਂ ਹੁਨਰ, ਤਕਨੀਕ ਅਤੇ ਵਪਾਰ ਦੇ ਖੇਤਰ ਵਿੱਚ ਸਹਿਯੋਗ ਵਧਾਓ। ਸਾਡੇ ਸਾਂਝੇ ਯਤਨ ਇਸ ਪੂਰੇ ਖੇਤਰ ਨੂੰ ਉਤਪਾਦਨ, ਨਵੇਂ ਤਰੀਕਿਆਂ ਅਤੇ ਰੁਜ਼ਗਾਰ ਦਾ ਮਜ਼ਬੂਤ ਕੇਂਦਰ ਬਣਾ ਸਕਦੇ ਹਨ।

ਸੈਣੀ ਬੁੱਧਵਾਰ ਨੂੰ ਪੰਜਾਬ ਦੇ ਪਟਿਆਲਾ ਜ਼ਿਲ੍ਹੇ ਦੇ ਦੌਲਤਪੁਰ ਵਿੱਚ ਜੀ.ਐਸ.ਏ. ਇੰਡਸਟਰੀਜ਼ ਇੰਡੀਆ ਪ੍ਰਾਈਵੇਟ ਲਿਮਟਿਡ ਦੇ ਨਵੇਂ ਉਦਯੋਗਿਕ ਪਲਾਂਟ ਦੇ ਨੀਂਹ ਪੱਥਰ ਸਮਾਗਮ ਵਿੱਚ ਬੋਲ ਰਹੇ ਸਨ।

ਇਸ ਮੌਕੇ ਰਾਧਾ ਸੁਆਮੀ ਡੇਰਾ ਬਿਆਸ ਦੇ ਅਧਿਆਤਮਕ ਮੁਖੀ ਸਰਦਾਰ ਗੁਰਿੰਦਰ ਸਿੰਘ ਢਿੱਲੋਂ, ਸਾਬਕਾ ਕੇਂਦਰੀ ਮੰਤਰੀ ਪ੍ਰਨੀਤ ਕੌਰ, ਜੀ.ਐਸ.ਏ. ਇੰਡਸਟਰੀਜ਼ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਜਤਿੰਦਰ ਪਾਲ ਸੈਣੀ, ਪੰਜਾਬ ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਬੀਬੀ ਜੈਇੰਦਰ ਕੌਰ, ਪਟਿਆਲਾ ਜ਼ਿਲ੍ਹਾ ਭਾਜਪਾ ਪ੍ਰਧਾਨ ਸਰਦਾਰ ਜਸਪਾਲ ਸਿੰਘ ਸਮੇਤ ਕਈ ਪਤਵੰਤੇ ਹਾਜ਼ਰ ਸਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਜੀ.ਐਸ.ਏ. ਗਰੁੱਪ ਦੀ ਉਦਯੋਗਿਕ ਵਿਕਾਸ-ਯਾਤਰਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਦੀ ਧਰਤੀ ਤੋਂ ਸ਼ੁਰੂ ਹੋ ਕੇ ਦੁਨੀਆ ਦੇ ਬਾਜ਼ਾਰਾਂ ਤੱਕ ਪਹੁੰਚੀ ਜੀ.ਐਸ.ਏ. ਇੰਡਸਟਰੀਜ਼ ਦੀ ਯਾਤਰਾ ਇਸ ਗੱਲ ਦੀ ਮਿਸਾਲ ਹੈ ਕਿ

- ਤੁਸੀਂ ਹੁਨਰ, ਤਕਨੀਕ ਅਤੇ ਵਪਾਰ ਦੇ ਖੇਤਰ ਵਿੱਚ ਸਹਿਯੋਗ ਵਧਾਓ
- ਪੰਜਾਬ 'ਚ ਪਟਿਆਲਾ ਜ਼ਿਲ੍ਹੇ ਦੇ ਦੌਲਤਪੁਰ ਵਿੱਚ ਜੀ.ਐਸ.ਏ. ਇੰਡਸਟਰੀਜ਼ ਇੰਡੀਆ ਪ੍ਰਾਈਵੇਟ ਲਿਮਟਿਡ ਦੇ ਨਵੇਂ ਉਦਯੋਗਿਕ ਪਲਾਂਟ ਦੇ ਨੀਂਹ ਪੱਥਰ ਸਮਾਗਮ ਵਿੱਚ ਕੀਤਾ ਸੰਬੋਧਨ

ਭਾਰਤੀ ਉੱਦਮਤਾ, ਤਕਨੀਕ ਅਤੇ ਮਿਹਨਤ ਮਿਲ ਕੇ ਰੁਜ਼ਗਾਰ ਵੀ ਪੈਦਾ ਕਰ ਸਕਦੀ ਹੈ, ਕਿਸਾਨਾਂ ਨੂੰ ਮਜ਼ਬੂਤ ਵੀ ਬਣਾ ਸਕਦੀ ਹੈ ਅਤੇ ਭਾਰਤ ਨੂੰ ਗਲੋਬਲ ਮੈਨੂਫੈਕਚਰਿੰਗ ਹੱਬ ਬਣਾਉਣ ਵਿੱਚ ਵੀ ਯੋਗਦਾਨ ਦੇ ਸਕਦੀ ਹੈ।

ਉਨ੍ਹਾਂ ਇਸ ਸਮਾਗਮ ਦੇ ਸੁਨੇਹੇ 'Making India Stronger Through Manufacturing' ਨੂੰ ਪ੍ਰੇਰਨਾਦਾਇਕ ਦੱਸਦਿਆਂ ਕਿਹਾ ਕਿ ਇਹ ਸੁਨੇਹਾ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ 'ਵਿਕਸਿਤ ਭਾਰਤ-2047' ਦੇ ਵਿਜ਼ਨ ਨੂੰ ਸਾਕਾਰ ਕਰਨ ਦਾ ਸੰਕਲਪ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਸਮਰੱਥਾ ਉਦੋਂ ਵਧਦੀ ਹੈ, ਜਦੋਂ ਇਸ ਦੇ ਕਾਰਖਾਨਿਆਂ ਵਿੱਚ ਉਤਪਾਦਨ ਵਧਦਾ ਹੈ, ਇਸ ਦੇ ਨੌਜਵਾਨਾਂ ਦਾ ਹੁਨਰ ਨਿਖਰਦਾ ਹੈ ਅਤੇ ਇਸ ਦੇ ਉਤਪਾਦ ਦੁਨੀਆ ਦਾ ਭਰੋਸਾ ਜਿੱਤਦੇ ਹਨ। ਨਾਇਬ ਸਿੰਘ ਸੈਣੀ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ 'ਮੇਕ ਇਨ ਇੰਡੀਆ' ਅਤੇ 'ਆਤਮਨਿਰਭਰ ਭਾਰਤ' ਦੇ ਸੱਦੇ ਦਾ ਮੂਲ ਭਾਵ ਆਪਣੀਆਂ ਸਮਰੱਥਾਵਾਂ ਨੂੰ ਵਿਕਸਿਤ ਕਰਨਾ ਹੈ। ਸਾਨੂੰ ਆਪਣੇ ਨੌਜਵਾਨਾਂ ਦੀ ਪ੍ਰਤਿਭਾ ਨੂੰ ਮੌਕਾ ਦੇਣਾ ਹੈ, ਆਪਣੇ ਉੱਦਮਾਂ ਨੂੰ ਨਵੀਂ ਤਕਨੀਕ ਨਾਲ ਜੋੜਨਾ ਹੈ ਅਤੇ ਭਾਰਤ ਵਿੱਚ ਤਿਆਰ ਉਤਪਾਦਾਂ ਨੂੰ ਗਲੋਬਲ ਬਾਜ਼ਾਰਾਂ ਤੱਕ ਪਹੁੰਚਾਉਣਾ ਹੈ। ਸਾਲ 2047 ਦੇ ਵਿਕਸਿਤ ਭਾਰਤ ਦਾ ਸੰਕਲਪ ਅਜਿਹੇ ਠੋਸ ਯਤਨਾਂ ਨਾਲ ਹੀ ਸਾਕਾਰ ਹੋਵੇਗਾ।

ਮੁੱਖ ਮੰਤਰੀ ਨੇ ਦੋਵਾਂ ਰਾਜਾਂ ਦੇ ਭਾਈਚਾਰੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਡੀ ਸੱਭਿਆਚਾਰਕ ਸਾਂਝ, ਸਾਡੀ ਖੇਤੀ, ਸਾਡੇ ਪਰਿਵਾਰ ਅਤੇ ਸਾਡੀ ਮਿਹਨਤ ਦੀ ਪਰੰਪਰਾ ਆਪਸ ਵਿੱਚ ਜੁੜੀ ਹੋਈ ਹੈ। ਜੇਕਰ ਪੰਜਾਬ ਦਾ ਉੱਦਮ ਅੱਗੇ ਵਧਦਾ ਹੈ ਤਾਂ ਉਸ ਦੀਆਂ ਸੰਭਾਵਨਾਵਾਂ ਹਰਿਆਣਾ ਤੱਕ ਪਹੁੰਚਦੀਆਂ ਹਨ ਅਤੇ ਜੇਕਰ ਹਰਿਆਣਾ ਦਾ ਉਦਯੋਗ ਵਧਦਾ ਹੈ ਤਾਂ ਪੰਜਾਬ ਦੇ ਕਾਰੋਬਾਰੀਆਂ ਅਤੇ ਨੌਜਵਾਨਾਂ ਲਈ ਵੀ ਮੌਕੇ ਪੈਦਾ ਹੁੰਦੇ ਹਨ। ਸਾਡੀ ਸਾਂਝੀ ਤਾਕਤ ਪੂਰੇ ਉੱਤਰ ਭਾਰਤ ਦੀ ਤਰੱਕੀ ਨੂੰ ਗਤੀ ਦੇ ਸਕਦੀ ਹੈ।

ਉਨ੍ਹਾਂ ਵਿਨਿਰਮਾਣ ਨਾਲ ਜੁੜੇ ਉਦਯੋਗਪਤੀਆਂ ਅਤੇ ਕਰਮਚਾਰੀਆਂ ਨੂੰ ਵੀ ਸੱਦਾ ਦਿੱਤਾ ਕਿ ਆਓ ਅਸੀਂ ਸਾਰੇ ਮਿਲ ਕੇ ਉੱਤਮਤਾ ਦਾ ਸੰਕਲਪ ਲਈਏ। ਇੱਥੇ ਤਿਆਰ ਹੋਣ ਵਾਲਾ ਹਰ ਉਤਪਾਦ ਆਪਣੀ ਗੁਣਵੱਤਾ ਕਰਕੇ ਵਿਦੇਸ਼ਾਂ ਵਿੱਚ ਵੀ ਪਸੰਦ ਕੀਤਾ ਜਾਵੇ ਤਾਂ ਜੋ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦਾ ਭਰੋਸਾ ਹੋਰ ਮਜ਼ਬੂਤ ਹੋ ਸਕੇ।

ਪਟਿਆਲਾ ਵਿੱਚ ਖੇਡ ਅਕੈਡਮੀ ਵਿੱਚ ਖਿਡਾਰੀਆਂ ਨੂੰ ਮਿਲੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ

ਨੌਜਵਾਨ ਖਿਡਾਰੀਆਂ ਦਾ ਹੌਸਲਾ ਵਧਾਇਆ ਅਤੇ ਸ਼ੁਭਕਾਮਨਾਵਾਂ ਦਿੱਤੀਆਂ

ਚੰਡੀਗੜ੍ਹ, 23 ਸਤੰਬਰ (ਪੈ.ਗਾਮ-ਏ-ਜਗਤ)

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਬੁੱਧਵਾਰ ਨੂੰ ਪਟਿਆਲਾ ਦੇ ਦੌਲਤਪੁਰ ਵਿੱਚ ਕ੍ਰਿਕਟ ਅਕੈਡਮੀ ਵਿੱਚ ਨੌਜਵਾਨ ਖਿਡਾਰੀਆਂ ਅਤੇ ਬੱਚਿਆਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਮੁੱਖ ਮੰਤਰੀ ਨੇ ਖਿਡਾਰੀਆਂ ਨਾਲ ਕ੍ਰਿਕਟ ਵੀ ਖੇਡੀ ਅਤੇ ਉਨ੍ਹਾਂ ਦਾ ਉਤਸ਼ਾਹ ਵਧਾਇਆ।



ਮੁੱਖ ਮੰਤਰੀ ਨੇ ਨੌਜਵਾਨ ਖਿਡਾਰੀਆਂ ਨੂੰ ਨਸ਼ਿਆਂ ਅਤੇ ਨਕਾਰਾਤਮਕਤਾ ਤੋਂ ਦੂਰ ਰਹਿ ਕੇ ਖੇਡਾਂ ਅਤੇ ਸਕਾਰਾਤਮਕ ਗਤੀਵਿਧੀਆਂ ਨਾਲ ਜੁੜਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਇੱਕ ਸਿਹਤਮੰਦ ਅਤੇ ਸ਼ਕਤੀਸ਼ਾਲੀ ਸਮਾਜ ਦੀ ਸਿਰਜਣਾ ਵਿੱਚ ਨੌਜਵਾਨਾਂ ਦੀ ਅਹਿਮ ਭੂਮਿਕਾ ਹੈ। ਮੁੱਖ ਮੰਤਰੀ ਨੂੰ ਆਪਣੇ ਵਿਚਕਾਰ ਇੱਕ ਆਮ ਨਾਗਰਿਕ ਵਾਂਗ ਦੇਖ ਕੇ ਨੌਜਵਾਨ ਖਿਡਾਰੀ ਕਾਫੀ ਉਤਸ਼ਾਹਿਤ ਨਜ਼ਰ ਆਏ ਅਤੇ ਉਨ੍ਹਾਂ ਨੇ ਮੁੱਖ ਮੰਤਰੀ ਨਾਲ ਪੂਰੇ ਉਤਸ਼ਾਹ ਨਾਲ ਗੱਲਬਾਤ ਕੀਤੀ।

ਐਚਐਸਆਰਡੀਸੀ ਵਿੱਚ ਸ੍ਰੀਮਤੀ ਗਾਰਗੀ ਕੱਕੜ ਸੁਤੰਤਰ ਡਾਇਰੈਕਟਰ ਨਿਯੁਕਤ

ਪੈ.ਗਾਮ-ਏ-ਜਗਤ
ਚੰਡੀਗੜ੍ਹ, 23 ਸਤੰਬਰ (ਹਰਮਿੰਦਰ ਸਿੰਘ ਨਾਗਪਾਲ)

ਹਰਿਆਣਾ ਸਰਕਾਰ ਨੇ ਹਰਿਆਣਾ ਰਾਜ ਸੜਕ ਵਿਕਾਸ ਨਿਗਮ ਵਿੱਚ ਸ੍ਰੀਮਤੀ ਗਾਰਗੀ ਕੱਕੜ ਨੂੰ ਵੀ ਸੁਤੰਤਰ ਡਾਇਰੈਕਟਰ ਨਿਯੁਕਤ ਕੀਤਾ ਹੈ। ਗੁਰੂਗ੍ਰਾਮ ਦੀ ਬੈਂਕ ਕਲੋਨੀ (ਨਿਊ ਕਲੋਨੀ) ਦੀ ਰਹਿਣ ਵਾਲੀ ਸ੍ਰੀਮਤੀ ਗਾਰਗੀ ਕੱਕੜ ਨੇ ਆਪਣੀ ਨਿਯੁਕਤੀ 'ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਅਤੇ ਲੋਕ ਨਿਰਮਾਣ ਅਤੇ ਭਵਨ ਮੰਤਰੀ ਸ੍ਰੀ ਰਣਬੀਰ ਗੰਗਵਾ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਐਚਐਸਆਰਡੀਸੀ ਵਿੱਚ ਸੁਤੰਤਰ ਡਾਇਰੈਕਟਰ ਵਜੋਂ ਮਿਲੀ ਇਸ ਜ਼ਿੰਮੇਵਾਰੀ ਨੂੰ ਉਹ ਪੂਰੀ ਗੰਭੀਰਤਾ ਨਾਲ ਨਿਭਾਉਣਗੇ ਅਤੇ ਨਿਗਮ ਨਾਲ ਜੁੜੇ ਕੰਮਾਂ ਵਿੱਚ ਆਪਣਾ ਸਾਰਥਕ ਯੋਗਦਾਨ ਪਾਉਣਗੇ।

ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸੜਕਾਂ ਅਤੇ ਪੁਲਾਂ ਦਾ ਮਜ਼ਬੂਤ ਨੈੱਟਵਰਕ ਆਮ ਲੋਕਾਂ ਦੀ ਸੁਖਾਲੀ ਆਵਾਜਾਈ ਦੇ ਨਾਲ-ਨਾਲ ਵਿਕਾਸ ਦੀ ਰਫ਼ਤਾਰ ਲਈ ਵੀ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਉਨ੍ਹਾਂ ਨੂੰ ਇਸ ਜ਼ਿੰਮੇਵਾਰੀ ਰਾਹੀਂ ਜਨਹਿਤ ਨਾਲ ਜੁੜੇ ਕਾਰਜਾਂ ਵਿੱਚ ਨਿਰਧਾਰਤ ਪ੍ਰਕਿਰਿਆ ਅਨੁਸਾਰ ਪ੍ਰਭਾਵਸ਼ਾਲੀ ਸਹਿਯੋਗ ਦੇਣ ਦਾ ਮੌਕਾ ਮਿਲੇਗਾ।

ਪਟਿਆਲਾ ਫੋਟੋ ਪ੍ਰਦਰਸ਼ਨੀ 2026 ਦਾ ਆਯੋਜਨ ਕੀਤਾ

ਪਟਿਆਲਾ, 23 ਸਤੰਬਰ (ਪੈ.ਗਾਮ-ਏ-ਜਗਤ)

ਫੋਟੋਗ੍ਰਾਫਰਸ ਵੈਲਫੇਅਰ ਕਲੱਬ, ਪਟਿਆਲਾ ਵੱਲੋਂ ਫੋਟੋਗ੍ਰਾਫਰਸ ਵੈਲਫੇਅਰ ਐਸੋਸੀਏਸ਼ਨ ਆਫ਼ ਪੰਜਾਬ ਦੇ ਸਹਿਯੋਗ ਨਾਲ ਫੋਰਟ ਪਟਿਆਲਾ ਵਿਖੇ ਪਟਿਆਲਾ ਫੋਟੋ ਪ੍ਰਦਰਸ਼ਨੀ 2026 ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਦੌਰਾਨ ਫੋਟੋਗ੍ਰਾਫਰਸ ਵੈਲਫੇਅਰ ਕਲੱਬ ਦੇ ਚੇਅਰਮੈਨ ਦਰਸ਼ਨ ਆਹੂਜਾ ਅਤੇ ਪ੍ਰਧਾਨ ਰਾਜ ਕੁਮਾਰ ਬੰਗਾ ਵੱਲੋਂ ਪੰਜਾਬ ਮੰਡੀ ਬੋਰਡ ਦੇ ਸੀਨੀਅਰ ਫੋਟੋਗ੍ਰਾਫਰ ਅਰਵਿੰਦਰ ਸਿੰਘ ਸਮੇਤ ਵੱਖ-ਵੱਖ ਖੇਤਰਾਂ ਵਿੱਚ ਸ਼ਲਾਘਾਯੋਗ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਪ੍ਰਦਰਸ਼ਨੀ ਵਿੱਚ ਪੰਜਾਬ ਸਮੇਤ ਵੱਖ-ਵੱਖ ਰਾਜਾਂ, ਸਰਕਾਰੀ ਵਿਭਾਗਾਂ ਅਤੇ ਹੋਰ ਮੁੱਖ ਸੰਸਥਾਵਾਂ ਦੇ ਫੋਟੋਗ੍ਰਾਫਰਾਂ ਨੇ ਹਿੱਸਾ ਲਿਆ। ਇਸ ਮੌਕੇ ਵੱਖ ਵੱਖ ਕੰਪਨੀਆਂ ਵੱਲੋਂ ਆਧੁਨਿਕ ਤਕਨਾਲੋਜੀ ਵਾਲੇ ਕੈਮਰਿਆਂ ਅਤੇ ਫੋਟੋਗ੍ਰਾਫੀ ਦੇ ਨਵੇਂ ਉਪਕਰਣਾਂ ਦੀ ਵਿਸ਼ੇਸ਼ ਪ੍ਰਦਰਸ਼ਨੀ ਵੀ ਲਗਾਈ ਗਈ।

ਹਰਿਆਣਾ ਵੀਰ ਅਤੇ ਸ਼ਹੀਦੀ ਦਿਵਸ 'ਤੇ ਮੁੱਖ ਮੰਤਰੀ ਨੇ ਸ਼ਹੀਦ ਰਾਓ ਤੁਲਾਰਾਮ ਨੂੰ ਭੇਂਟ ਕੀਤੀ ਸ਼ਰਧਾਂਜਲੀ

ਪੈ.ਗਾਮ-ਏ-ਜਗਤ/ਚੰਡੀਗੜ੍ਹ
23 ਸਤੰਬਰ (ਹਰਮਿੰਦਰ ਸਿੰਘ ਨਾਗਪਾਲ)

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਬੁੱਧਵਾਰ ਨੂੰ ਚੰਡੀਗੜ੍ਹ ਵਿੱਚ 1857 ਦੇ ਪਹਿਲੇ ਆਜ਼ਾਦੀ ਸੰਗ੍ਰਾਮ ਦੇ ਮਹਾਨਾਇਕ ਅਤੇ ਅਮਰ ਸ਼ਹੀਦ ਰਾਓ ਤੁਲਾਰਾਮ ਜੀ ਨੂੰ ਉਨ੍ਹਾਂ ਦੇ ਸ਼ਹੀਦੀ ਦਿਵਸ 'ਤੇ ਨਮਨ ਕਰਦਿਆਂ ਭਾਵਪੂਰਨ ਸ਼ਰਧਾਂਜਲੀ ਭੇਂਟ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਰਾਓ ਤੁਲਾਰਾਮ ਜੀ ਨੇ ਅੰਗਰੇਜ਼ੀ ਹਕੂਮਤ ਵਿਰੁੱਧ ਸੰਘਰਸ਼ ਵਿੱਚ ਅਦੁੱਤੀ ਸਾਹਸ, ਬਹਾਦਰੀ ਅਤੇ ਦੇਸ਼ ਭਗਤੀ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਦਾ ਜੀਵਨ ਅਤੇ ਬਲੀਦਾਨ ਆਉਣ ਵਾਲੀਆਂ ਪੀੜ੍ਹੀਆਂ ਲਈ ਸਦਾ ਪ੍ਰੇਰਨਾ ਸਰੋਤ ਰਹੇਗਾ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਰਾਓ ਤੁਲਾਰਾਮ ਜੀ ਦਾ ਹਰਿਆਣਾ ਦੇ ਦੱਖਣ-ਪੱਛਮੀ ਖੇਤਰ ਵਿੱਚ ਅੰਗਰੇਜ਼ੀ ਸ਼ਾਸਨ ਵਿਰੁੱਧ ਸੰਘਰਸ਼ ਵਿੱਚ ਅਤੁਲਨੀਯ ਯੋਗਦਾਨ ਰਿਹਾ ਹੈ। ਉਨ੍ਹਾਂ ਨੇ ਮਾਤ ਭੂਮੀ ਦੀ ਆਜ਼ਾਦੀ ਲਈ ਆਪਣਾ ਸਰਵਸ ਨਿਛਾਵਰ ਕਰ ਦਿੱਤਾ ਅਤੇ 1857 ਦੇ ਪਹਿਲੇ ਆਜ਼ਾਦੀ ਸੰਗ੍ਰਾਮ ਵਿੱਚ ਬਹਾਦਰੀ ਅਤੇ ਅਗਵਾਈ ਦਾ ਮੁਜ਼ਾਹਰਾ ਕੀਤਾ।

ਉਨ੍ਹਾਂ ਕਿਹਾ ਕਿ ਰਾਓ ਤੁਲਾਰਾਮ ਜੀ ਨੇ ਮੁਸ਼ਕਿਲ ਹਾਲਾਤ ਵਿੱਚ ਵੀ ਅੰਗਰੇਜ਼ੀ ਹਕੂਮਤ ਅੱਗੇ ਝੁਕਣ ਦੀ ਬਜਾਏ ਆਜ਼ਾਦੀ ਲਈ ਸੰਘਰਸ਼ ਦਾ ਰਸਤਾ ਚੁਣਿਆ। ਉਨ੍ਹਾਂ ਦਾ ਤਿਆਗ, ਸਾਹਸ ਅਤੇ ਰਾਸ਼ਟਰ ਪ੍ਰਤੀ ਸਮਰਪਣ ਸਾਡੇ ਸਾਰਿਆਂ ਨੂੰ ਦੇਸ਼ ਹਿੱਤ ਵਿੱਚ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ।

ਨਾਇਬ ਸਿੰਘ ਸੈਣੀ ਨੇ ਕਿਹਾ ਕਿ ਰਾਓ ਤੁਲਾਰਾਮ ਜੀ ਦੀ ਬਹਾਦਰੀ ਦੀ ਗਾਥਾ ਹਰਿਆਣਾ ਦੇ ਸ਼ਾਨਦਾਰ ਇਤਿਹਾਸ ਦਾ ਮਹੱਤਵਪੂਰਨ ਅਧਿਆਇ ਹੈ। ਉਨ੍ਹਾਂ ਦਾ ਬਲੀਦਾਨ ਰਾਸ਼ਟਰ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਅਣਗਿਣਤ ਵੀਰਾਂ ਦੀ ਯਾਦ ਨੂੰ ਜਿਉਂਦਾ ਰੱਖਦਾ ਹੈ। ਉਨ੍ਹਾਂ ਦੀ ਵੀਰਗਾਥਾ ਸਦਾ ਸਾਡੇ ਦਿਲਾਂ ਵਿੱਚ ਦੇਸ਼ ਭਗਤੀ ਦੀ ਲੋਅ ਜਗਾਉਂਦੀ ਰਹੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਰਾਓ ਤੁਲਾਰਾਮ ਜੀ ਵਰਗੇ ਮਹਾਨ ਸੁਤੰਤਰਤਾ ਸੈਨਾਨੀਆਂ ਦੇ ਜੀਵਨ, ਸੰਘਰਸ਼ ਅਤੇ ਆਦਰਸ਼ਾਂ ਤੋਂ ਪ੍ਰੇਰਨਾ ਲੈ ਕੇ ਰਾਸ਼ਟਰ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਦੇ ਆਦਰਸ਼ ਸਾਨੂੰ ਦੇਸ਼ ਦੀ ਏਕਤਾ, ਅਖੰਡਤਾ ਅਤੇ ਸਨਮਾਨ ਦੀ ਰੱਖਿਆ ਲਈ ਸਦਾ ਪ੍ਰੇਰਿਤ ਕਰਦੇ ਰਹਿਣਗੇ।

ਝੋਨੇ ਦੀ ਖ਼ਰੀਦ ਨੂੰ ਲੈ ਕੇ ਤਿਆਰੀਆਂ ਮੁਕੰਮਲ, ਕਿਸਾਨਾਂ ਨੂੰ ਸੰਜਮ ਵਰਤਣ ਦੀ ਅਪੀਲ : ਸ਼ਾਮ ਸਿੰਘ ਰਾਣਾ

ਪੈ.ਗਾਮ-ਏ-ਜਗਤ/ਚੰਡੀਗੜ੍ਹ
23 ਸਤੰਬਰ (ਹਰਮਿੰਦਰ ਸਿੰਘ ਨਾਗਪਾਲ)

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਾਮ ਸਿੰਘ ਰਾਣਾ ਨੇ ਕਿਹਾ ਕਿ ਸੂਬੇ ਵਿੱਚ 249 ਮੰਡੀਆਂ ਹਨ। ਮੌਜੂਦਾ ਸਮੇਂ ਵਿੱਚ ਕੁਝ ਮੰਡੀਆਂ ਵਿੱਚ ਝੋਨੇ ਦੀ ਆਮਦ ਸ਼ੁਰੂ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ 'ਮੇਰੀ ਫ਼ਸਲ-ਮੇਰਾ ਬਿਉਰਾ' ਪੋਰਟਲ 'ਤੇ ਕਿਸਾਨਾਂ ਵੱਲੋਂ ਦਰਜ ਕੀਤੀ ਗਈ ਫ਼ਸਲ ਦੀ ਤਸਦੀਕ ਕੀਤੀ ਜਾ ਰਹੀ ਹੈ। ਵੱਡੀ ਗਿਣਤੀ ਵਿੱਚ ਕਿਸਾਨਾਂ ਦੀ ਫ਼ਸਲ ਦੀ ਸੈਟੇਲਾਈਟ ਰਾਹੀਂ ਤਸਦੀਕ ਹੋ ਚੁੱਕੀ ਹੈ, ਜਦੋਂ ਕਿ ਬਾਕੀ ਰਹਿੰਦੇ ਮਾਮਲਿਆਂ ਦੀ ਮੈਨੂਅਲ ਤਸਦੀਕ ਕੀਤੀ ਜਾ ਰਹੀ ਹੈ।

ਇਸ ਲਈ ਡਿਪਟੀ ਕਮਿਸ਼ਨਰ, ਐਸਡੀਐਮ, ਤਹਿਸੀਲਦਾਰ ਅਤੇ ਪਟਵਾਰੀ ਪੱਧਰ 'ਤੇ ਅਧਿਕਾਰੀਆਂ-ਕਰਮਚਾਰੀਆਂ ਦੀ ਡਿਊਟੀ ਲਗਾਈ ਗਈ ਹੈ। ਉਨ੍ਹਾਂ ਕਿਹਾ ਕਿ ਤਸਦੀਕ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਔਸਤ ਉਤਪਾਦਨ ਦੇ ਆਧਾਰ 'ਤੇ ਝੋਨੇ ਦੀ ਖ਼ਰੀਦ ਪ੍ਰਕਿਰਿਆ ਨੂੰ ਅੱਗੇ ਵਧਾਇਆ ਜਾਵੇਗਾ। ਕਿਸਾਨਾਂ ਨੂੰ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਸੰਜਮ ਬਣਾਈ ਰੱਖਣ ਅਤੇ ਖ਼ਰੀਦ ਪ੍ਰਕਿਰਿਆ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਕਰਨ। ਮੰਤਰੀ ਸ਼ਾਮ ਸਿੰਘ ਰਾਣਾ ਬੁੱਧਵਾਰ ਨੂੰ ਕਰਨਾਲ ਵਿੱਚ ਨਮੋ ਕ੍ਰਿਕਟ ਲੀਗ ਦੇ ਸਮਾਪਤੀ ਪ੍ਰੋਗਰਾਮ ਤੋਂ ਬਾਅਦ ਪੱਤਰਕਾਰਾਂ ਨੂੰ ਸੰਬੋਧਨ ਕਰ ਰਹੇ ਸਨ।



ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਇਸ ਵਾਰ ਮੰਡੀਆਂ ਵਿੱਚ 'ਜਿਓ ਫੈਂਸਿੰਗ' ਦੀ ਵਿਵਸਥਾ ਕੀਤੀ ਗਈ ਹੈ।

ਮੰਡੀ ਵਿੱਚ ਦਾਖ਼ਲ ਹੋਣ ਤੋਂ ਬਾਅਦ ਹੀ ਗੇਟ ਪਾਸ ਜਾਰੀ ਹੋਵੇਗਾ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਖ਼ਰੀਦ ਪ੍ਰਕਿਰਿਆ ਨੂੰ ਪਾਰਦਰਸ਼ੀ ਬਣਾਉਣ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਕਿਸੇ ਵੀ ਕਿਸਮ ਦੀ ਬੇਨਿਯਮੀ ਸਾਹਮਣੇ ਆਉਣ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇੱਕ ਹੋਰ ਸਵਾਲ ਦੇ ਜਵਾਬ ਵਿੱਚ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪਰਾਲੀ ਪ੍ਰਬੰਧਨ ਨੂੰ ਲੈ ਕੇ ਵਿਆਪਕ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ। ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਮਸ਼ੀਨਰੀ ਮੁਹੱਈਆ ਕਰਵਾਈ ਗਈ ਹੈ ਅਤੇ ਪਰਾਲੀ ਦੀ ਵਰਤੋਂ ਵੱਖ-ਵੱਖ ਪੱਧਰਾਂ 'ਤੇ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਫ਼ਸਲ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਮਿਲਾਉਣ ਨਾਲ ਜ਼ਮੀਨ ਵਿੱਚ ਕਾਰਬਨ ਦੀ ਮਾਤਰਾ ਵਧਦੀ ਹੈ ਅਤੇ ਇਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਣਾਈ ਰੱਖਣ ਵਿੱਚ ਮਦਦ ਮਿਲਦੀ ਹੈ। ਸਰਕਾਰ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਉਤਸ਼ਾਹਿਤ ਕਰ ਰਹੀ ਹੈ।

ਸ਼ਿਮਲਾ ਪਹਾੜੀ ਦੇ ਮੂਲ ਢਾਂਚੇ ਨੂੰ ਨਸ਼ਟ ਕਰਨ ਨਾਲ ਹੁਸ਼ਿਆਰਪੁਰ ਨਿਵਾਸੀਆਂ ਵਿੱਚ ਭਾਰੀ ਰੋਸ : ਤੀਕਸ਼ਣ ਸੂਦ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਸ਼ਿਮਲਾ ਪਹਾੜੀ ਚੌਕ 'ਤੇ ਬਰਸਾਤ ਦੇ ਦਿਨਾਂ ਵਿੱਚ ਭਾਰੀ ਪਾਣੀ ਜਮ੍ਹਾਂ ਹੋਣ ਦੇ ਹੱਲ ਲਈ ਪਾਣੀ ਨੂੰ ਮੋਟਰ ਨਾਲ ਚੁੱਕ ਕੇ ਚੋਅ ਵਿੱਚ ਪਾਉਣ ਲਈ ਕਰੋੜਾਂ ਦੀ ਲਾਗਤ ਨਾਲ ਇੱਕ ਯੋਜਨਾ ਬਣਾਈ ਗਈ ਸੀ। ਉਹ ਬੁਰੀ ਤਰ੍ਹਾਂ ਅਸਫਲ ਹੋ ਚੁੱਕੀ ਹੈ। ਪਿਛਲੇ 2 ਮਹੀਨਿਆਂ ਵਿੱਚ ਹੋਈ ਥੋੜ੍ਹੀ ਜਿਹੀ ਬਰਸਾਤ ਵਿੱਚ ਵੀ ਜਮ੍ਹਾਂ ਹੋਏ ਪਾਣੀ ਦੀ ਨਿਕਾਸੀ ਨੇ ਇਸ ਯੋਜਨਾ 'ਤੇ ਬਹੁਤ ਸਾਰੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਸਾਬਕਾ ਕੈਬਨਿਟ ਮੰਤਰੀ ਅਤੇ ਸੀਨੀਅਰ ਭਾਜਪਾ ਆਗੂ ਤੀਕਸ਼ਣ ਸੂਦ ਨੇ ਕਿਹਾ ਹੈ ਕਿ ਇਸ ਯੋਜਨਾ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਨੇ ਪ੍ਰੈਸ ਰਾਹੀਂ ਇਸ ਦੀ ਸਫਲਤਾ 'ਤੇ ਸਵਾਲੀਆ ਨਿਸ਼ਾਨ ਲਾਇਆ ਸੀ ਜੋ ਕਿ ਹੁਣ ਸਹੀ ਸਾਬਤ ਹੋਇਆ ਹੈ। ਇਸ ਪ੍ਰੋਜੈਕਟ ਦੇ ਫੇਲ੍ਹ ਹੋਣ ਨਾਲ ਸਰਕਾਰ ਦੇ ਕਰੋੜਾਂ ਰੁਪਏ ਤਾਂ ਡੁੱਬੇ ਹੀ ਹਨ ਪਰੰਤੂ ਸਭ ਤੋਂ ਵੱਧ ਅਫਸੋਸ ਇਸ ਗੱਲ ਦਾ ਹੈ, ਸ਼ਹਿਰ ਦੇ ਵਿਚਕਾਰ ਸਥਿਤ ਸੌ ਸਾਲਾਂ ਤੋਂ ਵੱਧ ਪੁਰਾਣੇ ਸ਼ਿਮਲਾ ਪਹਾੜੀ ਪਾਰਕ ਦਾ ਮੂਲ ਢਾਂਚਾ ਤਬਾਹ ਕਰ ਦਿੱਤਾ ਗਿਆ ਹੈ। ਸ਼ਿਮਲਾ ਪਹਾੜੀ ਇੱਥੇ ਸਕੂਲਾਂ ਦੇ ਬੱਚਿਆਂ ਦੇ ਖੇਡਣ ਨਾਲ ਚਹਿਲ-ਪਹਿਲ ਰਹਿੰਦੀ ਸੀ ਹੁਣ ਇਸ ਦੀ ਭੰਨ-ਤੋੜ ਨਾਲ ਪਾਰਕ ਵਿੱਚ ਵਿਰਾਨੀ ਦਾ ਮਾਹੌਲ ਛਾਇਆ ਹੋਇਆ ਹੈ।



ਸ਼ਿਮਲਾ ਪਹਾੜੀ ਇੱਕ ਪੁਰਾਤੱਤਵ ਢਾਂਚਾ ਸੀ। ਜਿਸ ਨਾਲ ਕਾਨੂੰਨੀ ਤੌਰ 'ਤੇ ਛੇੜ-ਛਾੜ ਨਹੀਂ ਕੀਤੀ ਜਾ ਸਕਦੀ ਸੀ। ਇਸ ਪਾਰਕ ਦਾ ਬਹੁਤ ਵੱਡਾ ਹਿੱਸਾ ਸੀਵਰੇਜ ਯੋਜਨਾ ਦੇ ਅਧੀਨ ਆਉਣ ਨਾਲ ਟੈਂਕ ਆਦਿ ਇਮਾਰਤਾਂ ਵਿੱਚ ਬਦਲ ਦਿੱਤਾ ਗਿਆ ਹੈ। ਇਸ ਕੰਮ ਨਾਲ ਬਹੁਤ ਸਾਰੇ ਰੁੱਖ-ਬੂਟੇ ਪੁੱਟੇ ਜਾ ਚੁੱਕੇ ਹਨ ਮੁਹੱਲਾ ਨਿਵਾਸੀਆਂ ਦੇ ਰੋਸ ਕਾਰਨ ਹੁਣ ਜੋ ਮੁਰੰਮਤ ਕੀਤੀ ਜਾ ਰਹੀ ਹੈ ਉਸ ਨਾਲ ਸ਼ਿਮਲਾ ਪਹਾੜੀ ਦਾ ਮੂਲ ਢਾਂਚਾ ਤਬਾਹ ਹੋ ਗਿਆ ਹੈ। ਉਨ੍ਹਾਂ ਸ਼ਿਮਲਾ ਪਹਾੜੀ ਨੂੰ ਮੁੜ ਮੂਲ ਰੂਪ ਵਿੱਚ ਬਹਾਲ ਕਰਨ ਦੀ ਮੰਗ ਕਰਦਿਆਂ ਕਿਹਾ ਹੈ ਕਿ ਇਸ ਯੋਜਨਾ ਦੇ ਫੇਲ੍ਹ ਹੋਣ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ। ਉਨ੍ਹਾਂ ਇਹ ਵੀ ਕਿਹਾ ਹੈ ਕਿ ਪਾਰਕ ਨੂੰ ਨੁਕਸਾਨ ਪਹੁੰਚਾਉਣ ਵਿਰੁੱਧ ਰਾਸ਼ਟਰੀ ਹਰਿਤ ਅਥਾਰਟੀ ਕੋਲ ਵੀ ਸ਼ਿਕਾਇਤ ਕੀਤੀ ਜਾਵੇਗੀ।

ਮਸਲੇ ਨੂੰ ਅੰਦੋਲਨ ਤੋਂ ਪਹਿਲਾਂ ਹੀ ਹੱਲ ਕਰਨ ਦੀ ਕੋਸ਼ਿਸ਼ ਰਹੇਗੀ : ਗੁਰਕੀਰਤ ਕ੍ਰਿਪਾਲ ਸਿੰਘ

ਪੈ.ਗਾਮ-ਏ-ਜਗਤ
ਪਟਿਆਲਾ, 23 ਸਤੰਬਰ
(ਪਰਮਜੀਤ ਸਿੰਘ ਪਰਵਾਨਾ)

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਮੁੱਖ ਦਫ਼ਤਰ ਵਿਖੇ ਅੱਜ ਸੀਐਮਡੀ ਗੁਰਕੀਰਤ ਕਿਰਪਾਲ ਸਿੰਘ ਵੱਲੋਂ ਡਾਇਰੈਕਟਰਾਂ ਅਤੇ ਹੋਰ ਸੀਨੀਅਰ ਅਧਿਕਾਰੀਆਂ ਸਮੇਤ ਲਗਭਗ 37 ਜਥੇਬੰਦੀਆਂ ਦੇ ਆਗੂਆਂ ਨਾਲ ਵਿਸਥਾਰਪੂਰਵਕ ਮੀਟਿੰਗ ਕੀਤੀ ਗਈ। ਸੀਐਮਡੀ ਵੱਲੋਂ ਅਹੁਦਾ ਸੰਭਾਲਣ ਤੋਂ ਬਾਅਦ ਜਥੇਬੰਦੀਆਂ ਨਾਲ ਇਹ ਪਹਿਲੀ ਮੀਟਿੰਗ ਸੀ, ਜੋ ਸ਼ਾਂਤੀਪੂਰਨ ਅਤੇ ਸੁਹਿਰਦ ਮਾਹੌਲ ਵਿੱਚ ਹੋਈ। ਮੀਟਿੰਗ ਦੌਰਾਨ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਮੁਲਾਜ਼ਮਾਂ ਨਾਲ ਸਬੰਧਤ ਮੰਗਾਂ, ਸਮੱਸਿਆਵਾਂ ਅਤੇ ਲੰਬਿਤ ਮਾਮਲਿਆਂ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ।

- ਪੀ.ਐਸ.ਪੀ.ਸੀ.ਐਲ. ਦੇ ਸੀ.ਐਮ.ਡੀ.ਨੇ 37 ਜਥੇਬੰਦੀਆਂ ਦੇ ਆਗੂਆਂ ਨਾਲ ਕੀਤੀ ਪਲੇਠੀ ਮੀਟਿੰਗ



ਆਗੂਆਂ ਵੱਲੋਂ ਖ਼ਾਸ ਤੌਰ 'ਤੇ ਤਰੱਕੀਆਂ (ਪ੍ਰਮੋਸ਼ਨਾਂ) ਨਾਲ ਸਬੰਧਤ ਮੰਗਾਂ ਦੇ ਜਲਦ ਨਿਪਟਾਰੇ ਦੀ ਮੰਗ ਰੱਖੀ ਗਈ।

ਇਸ ਮੌਕੇ ਸੀਐਮਡੀ ਨੇ ਕਿਹਾ ਕਿ ਉਨ੍ਹਾਂ ਦੇ ਤਜਰਬੇ ਮੁਤਾਬਕ ਜਥੇਬੰਦੀਆਂ ਅਤੇ ਮੈਨੇਜਮੈਂਟ ਵਿਚਕਾਰ ਵੱਖ-ਵੱਖ ਮੁੱਦਿਆਂ 'ਤੇ ਵਿਚਾਰਾਂ ਦਾ ਅੰਤਰ ਰਹਿਣਾ ਸੁਭਾਵਿਕ ਹੈ, ਪਰ ਉਨ੍ਹਾਂ ਦੀ ਕੋਸ਼ਿਸ਼ ਹਮੇਸ਼ਾ ਇਹ ਰਹੇਗੀ ਕਿ ਕਿਸੇ ਵੀ ਮਸਲੇ ਨੂੰ ਸੰਘਰਸ਼ ਜਾਂ ਅੰਦੋਲਨ ਦੀ ਨੌਬਤ ਆਉਣ ਤੋਂ ਪਹਿਲਾਂ ਗੱਲਬਾਤ ਦੀ ਮੇਜ਼ 'ਤੇ ਵਿਚਾਰ-ਵਟਾਂਦਰੇ ਰਾਹੀਂ ਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਮਸਲੇ ਦਾ ਹੱਲ ਬਿਨਾਂ ਸੰਘਰਸ਼ ਦੇ ਮੁਲਾਜ਼ਮਾਂ ਦੇ ਹਿੱਤ ਵਿੱਚ ਕੀਤਾ ਜਾ ਸਕਦਾ ਹੈ ਤਾਂ ਉਸ ਦੀ ਖ਼ੁਸ਼ੀ ਹੀ ਵੱਖਰੀ ਹੁੰਦੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਕਾਰਪੋਰੇਸ਼ਨ ਪੱਧਰ 'ਤੇ ਹੱਲ ਹੋਣ ਵਾਲੀਆਂ ਮੰਗਾਂ ਦਾ ਜਲਦ ਤੋਂ ਜਲਦ ਨਿਪਟਾਰਾ ਕਰਨ ਲਈ ਯਤਨ ਕੀਤੇ ਜਾਣਗੇ, ਜਦਕਿ ਜਿਹੜੇ ਮਸਲੇ ਸਰਕਾਰ ਦੇ ਪੱਧਰ 'ਤੇ ਨਿਪਟਾਰੇ ਦੀ ਮੰਗ ਕਰਦੇ ਹਨ, ਉਨ੍ਹਾਂ ਨੂੰ ਉਹ ਖ਼ੁਦ ਸਰਕਾਰ ਦੇ ਧਿਆਨ ਵਿੱਚ ਲਿਆਉਣਗੇ। ਸੀਐਮਡੀ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਤਰੱਕੀਆਂ ਨਾਲ ਜੁੜੀਆਂ ਮੰਗਾਂ ਅਤੇ ਹੋਰ ਲੰਬਿਤ ਮਾਮਲਿਆਂ ਦੇ ਜਲਦ ਨਿਪਟਾਰੇ ਲਈ ਲੋੜੀਂਦੀ ਕਾਰਵਾਈ ਕਰਨ ਲਈ ਵੀ ਕਿਹਾ ਗਿਆ। ਮੀਟਿੰਗ ਦੌਰਾਨ ਜਥੇਬੰਦੀਆਂ ਦੇ ਆਗੂਆਂ ਨੇ ਵੀ ਕਾਰਪੋਰੇਸ਼ਨ ਦੀ ਮੈਨੇਜਮੈਂਟ ਨੂੰ ਆਪਣੇ ਵੱਲੋਂ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਆਗੂਆਂ ਨੇ ਕਿਹਾ ਕਿ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਗੱਲਬਾਤ ਦਾ ਰਾਹ ਖੁੱਲ੍ਹਾ ਰਹਿਣਾ ਅਤੇ ਮਸਲਿਆਂ ਨੂੰ ਆਪਸੀ ਵਿਚਾਰ-ਵਟਾਂਦਰੇ ਰਾਹੀਂ ਹੱਲ ਕਰਨਾ ਇੱਕ ਸਕਾਰਾਤਮਕ ਕਦਮ ਹੈ।

ਜ਼ਿਲ੍ਹਾ ਪੱਧਰੀ ਯੁਵਾ ਮਹੋਤਸਵ ਮੈਰਾਥਨ "ਰੈੱਡ ਰਨ-2026" ਵਿੱਚ ਬੀਟਨ ਕਾਲਜ ਦੇ ਸੱਤ ਵਿਦਿਆਰਥੀਆਂ ਨੇ ਲਿਆ ਭਾਗ



ਪੈ.ਗਾਮ-ਏ-ਜਗਤ/ਹਰੋਲੀ/ਊਨਾ 23 ਸਤੰਬਰ (ਰਾਜਵੀਰ ਚੋਪੜਾ)

ਐਸਡਬਲਿਊਡੀਜੀ ਸਰਕਾਰੀ ਕਾਲਜ, ਬੀਟਨ ਦੇ ਸੱਤ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਯੁਵਾ ਮਹੋਤਸਵ ਮੈਰਾਥਨ "ਰੈੱਡ ਰਨ-2026"ਵਿੱਚ ਭਾਗ ਲਿਆ। ਇਸ ਦਾ ਆਯੋਜਨ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਜ਼ਿਲ੍ਹਾ ਊਨਾ ਵੱਲੋਂ ਰੈੱਡ ਰਿਬਨ ਕਲੱਬ ਪ੍ਰੋਗਰਾਮ ਦੇ ਤਹਿਤ 22 ਸਤੰਬਰ, 2026 ਨੂੰ ਇੰਦਰਾ ਸਟੇਡੀਅਮ, ਊਨਾ ਵਿੱਚ ਕੀਤਾ ਗਿਆ। ਇਸ ਆਯੋਜਨ ਵਿੱਚ ਜ਼ਿਲ੍ਹਾ ਊਨਾ ਦੇ ਸਾਰੇ ਕਾਲਜਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਪ੍ਰੋਗਰਾਮ ਵਿੱਚ ਐਸਡੀਐਮ ਊਨਾ ਮੁੱਖ ਮਹਿਮਾਨ ਵਜੋਂ ਹਾਜ਼ਰ ਰਹੇ। ਇਸ ਦੇ ਨਾਲ ਹੀ ਡਾ. ਵਿਸ਼ਾਲ ਠਾਕੁਰ, ਜ਼ਿਲ੍ਹਾ ਏਡਜ਼ ਪ੍ਰੋਗਰਾਮ ਅਧਿਕਾਰੀ (ਡੀਏਪੀਓ), ਜ਼ਿਲ੍ਹਾ ਊਨਾ ਵੀ ਹਾਜ਼ਰ ਰਹੇ। ਮੈਰਾਥਨ ਦੀ ਸ਼ੁਰੂਆਤ ਸਵੇਰੇ 9:00 ਵਜੇ ਲੜਕਿਆਂ ਦੀ ਦੌੜ ਨਾਲ ਹੋਈ, ਜਿਸ ਤੋਂ ਬਾਅਦ ਲੜਕੀਆਂ ਦੀ ਦੌੜ ਕਰਵਾਈ ਗਈ। ਦੌੜ ਸਮਾਪਤ ਹੋਣ ਉਪਰੰਤ ਸਾਰੇ ਭਾਗੀਦਾਰਾਂ ਨੂੰ ਸਰਟੀਫਿਕੇਟ ਅਤੇ ਜਲਪਾਨ ਵੰਡੇ ਗਏ ਅਤੇ ਜੇਤੂ ਭਾਗੀਦਾਰਾਂ ਨੂੰ ਮੁੱਖ ਮਹਿਮਾਨ ਐਸਡੀਐਮ ਊਨਾ ਵੱਲੋਂ ਤਮਗੇ ਪ੍ਰਦਾਨ ਕੀਤੇ ਗਏ। ਡਾ. ਗੁਰਮੇਲ ਸਿੰਘ, ਸਹਾਇਕ ਪ੍ਰੋਫੈਸਰ ਅਰਥਸ਼ਾਸਤਰ ਅਤੇ ਨੋਡਲ ਅਧਿਕਾਰੀ, ਰੈੱਡ ਰਿਬਨ ਕਲੱਬ, ਕਾਲਜ ਦੇ ਵਿਦਿਆਰਥੀਆਂ ਦੇ ਨਾਲ ਰਹੇ ਅਤੇ ਪੂਰੇ ਪ੍ਰੋਗਰਾਮ ਦੌਰਾਨ ਉਨ੍ਹਾਂ ਦੀ ਸ਼ਮੂਲੀਅਤ ਦੀ ਨਿਗਰਾਨੀ ਕੀਤੀ। ਐਸਡਬਲਿਊਡੀਜੀ ਸਰਕਾਰੀ ਕਾਲਜ, ਬੀਟਨ ਦੇ ਪ੍ਰਿੰਸੀਪਲ ਨੇ ਜ਼ਿਲ੍ਹਾ ਪੱਧਰੀ ਆਯੋਜਨ ਵਿੱਚ ਕਾਲਜ ਦੀ ਸਫਲ ਅਤੇ ਅਨੁਸ਼ਾਸਿਤ ਨੁਮਾਇੰਦਗੀ ਲਈ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਨੋਡਲ ਅਧਿਕਾਰੀ ਨੂੰ ਵਧਾਈ ਦਿੱਤੀ।

ਮਾਸੂਮ ਹਰਵੀਰ ਨੂੰ ਇਨਸਾਫ ਦਿਵਾਉਣ ਵਾਲੇ ਐਡਵੋਕੇਟ ਅਸ਼ਵਨੀ ਕੁਮਾਰ ਵਰਮਾ ਦਾ ਸਨਮਾਨ



ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਮਾਸੂਮ ਹਰਵੀਰ ਨੂੰ ਇਨਸਾਫ ਅਤੇ ਕਾਤਲ ਨੂੰ ਫਾਂਸੀ ਦੀ ਸਜ਼ਾ ਦਿਵਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਐਡਵੋਕੇਟ ਅਸ਼ਵਨੀ ਕੁਮਾਰ ਵਰਮਾ ਨੂੰ ਕਸ਼ਤਰੀ ਕਰਨੀ ਸੈਨਾ ਪੰਜਾਬ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਲੱਕੀ ਠਾਕੁਰ ਨੇ ਕਿਹਾ ਕਿ ਮਾਸੂਮ ਹਰਵੀਰ ਅਤੇ ਉਸ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਵਿੱਚ ਐਡਵੋਕੇਟ ਵਰਮਾ ਦਾ ਯੋਗਦਾਨ ਸ਼ਲਾਘਾਯੋਗ ਰਿਹਾ ਹੈ। ਉਨ੍ਹਾਂ ਨੇ ਆਪਣੀ ਕਾਨੂੰਨੀ ਕਾਬਲੀਅਤ ਅਤੇ ਮਜ਼ਬੂਤ ਪੈਰਵੀ ਰਾਹੀਂ ਅਦਾਲਤ ਵਿੱਚ ਪੱਖ ਰੱਖਿਆ, ਜਿਸ ਨਾਲ ਪੀੜਤ ਪਰਿਵਾਰ ਨੂੰ ਇਨਸਾਫ ਮਿਲ ਸਕਿਆ। ਲੱਕੀ ਠਾਕੁਰ ਨੇ ਅਪੀਲ ਕਰਦਿਆਂ ਕਿਹਾ ਕਿ ਅਜਿਹੇ ਗੰਭੀਰ ਅਤੇ ਜਘੰਨ ਅਪਰਾਧਾਂ ਦੇ ਮਾਮਲਿਆਂ ਵਿੱਚ ਵਕੀਲਾਂ ਨੂੰ ਦੋਸ਼ੀਆਂ ਦਾ ਕੇਸ ਨਹੀਂ ਲੜਨਾ ਚਾਹੀਦਾ, ਸਗੋਂ ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਉਣ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ। ਇਸ ਸਨਮਾਨ ਸਮਾਰੋਹ ਦੌਰਾਨ ਅਮਰ ਐਰੀ, ਰਾਕੇਸ਼ ਕੁਮਾਰ ਚਾਵਲਾ, ਜੱਗਾ, ਆਸ਼ੀਸ਼ ਠਾਕੁਰ, ਅਸ਼ਵਨੀ ਠਾਕੁਰ, ਰਮਨਜੀਤ ਰੰਮੀ, ਸੁਜੇਸ਼ ਸ਼ਰਮਾ, ਕੁਲਬੀਰ ਬਾਵਾ, ਰਣਜੀਤ ਰਾਣਾ, ਵਿਨੋਦ ਚੱਢਾ, ਰਾਕੇਸ਼ ਭੱਟੀ, ਪ੍ਰਸ਼ਾਂਤ ਠਾਕੁਰ ਸਣੇ ਕਈ ਹੋਰ ਲੋਕ ਮੌਜੂਦ ਰਹੇ।

ਕਮਾਲ ਦੀ ਰਹੀ ਰਾਣਾ ਰਣਬੀਰ ਦੇ ਚਰਚਿਤ ਨਾਟਕ 'ਬੰਦੇ ਬਣੋ ਬੰਦੇ' ਦੀ ਪੇਸ਼ਕਾਰੀ

ਪੈ.ਗਾਮ-ਏ-ਜਗਤ/ਮੰਡੀ ਗੋਬਿੰਦਗੜ੍ਹ
23 ਸਤੰਬਰ (ਪਰਮਜੀਤ ਸਿੰਘ ਪਰਵਾਨਾ)

ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਸ਼ਾਨਦਾਰ ਸੱਭਿਆਚਾਰਕ ਸ਼ਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਸ਼ਿਰਕਤ ਕੀਤੀ। ਪ੍ਰੋ-ਚਾਂਸਲਰ ਪ੍ਰੋ. (ਡਾ.) ਤਜਿੰਦਰ ਕੌਰ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਰਹੇ। ਸਮਾਗਮ ਵਿੱਚ ਪ੍ਰੈਜ਼ੀਡੈਂਟ ਪ੍ਰੋ.

- ਵਿਅੰਗ ਤੇ ਹਾਸ-ਰਸ ਦੇ ਨਾਲ ਨਾਲ ਸਮਾਜੀ ਮੁੱਦਿਆਂ ਨੇ ਦਰਸ਼ਕਾਂ ਨੂੰ ਕੀਤਾ ਮੁਤਾਸਰ

(ਇੰਜ.) ਸੰਦੀਪ ਸਿੰਘ, ਉਪ-ਕੁਲਪਤੀ ਪ੍ਰੋ. (ਡਾ.) ਹਰਸ਼ ਸਦਾਵਰਤੀ ਅਤੇ ਉਪ-ਪ੍ਰਧਾਨ ਪ੍ਰੋ. (ਡਾ.) ਪਰਵਿੰਦਰ ਸਿੰਘ ਦੀ ਵੀ ਮੌਜੂਦਗੀ ਰਹੀ। ਵਿਸ਼ੇਸ਼ ਮਹਿਮਾਨਾਂ ਵਿੱਚ ਸੁਰਿੰਦਰ ਸਿੰਘ ਢਿੱਲੋਂ, ਏ.ਡੀ.ਸੀ. (ਡੀ) ਫਤਹਿਗੜ੍ਹ ਸਾਹਿਬ ਅਤੇ ਬੀਡੀਪੀਓ ਅਮਲੋਹ ਚੰਦ ਸਿੰਘ ਸ਼ਾਮਲ ਸਨ। ਸ਼ਾਮ ਦਾ ਮੁੱਖ ਆਕਰਸ਼ਣ "ਬੰਦੇ ਬਣੋ ਬੰਦੇ"ਦੀ ਪੇਸ਼ਕਾਰੀ ਰਹੀ, ਜਿਸ ਨੂੰ ਪ੍ਰਸਿੱਧ ਪੰਜਾਬੀ ਫਿਲਮ ਤੇ ਰੰਗਮੰਚ ਅਦਾਕਾਰ ਰਾਣਾ ਰਣਬੀਰ ਤੇ ਰਾਜਬੀਰ ਬੋਪਾਰਾਏ ਵੱਲੋਂ ਪੇਸ਼ ਕੀਤਾ ਗਿਆ। ਆਪਣੀ ਪ੍ਰਭਾਵਸ਼ਾਲੀ ਅਦਾਕਾਰੀ, ਦਮਦਾਰ ਕਥਾ-ਵਾਚਨ ਅਤੇ ਮੰਚ ਉੱਤੇ ਪ੍ਰਭਾਵਸ਼ਾਲੀ ਹਾਜ਼ਰੀ ਰਾਹੀਂ ਰਾਣਾ ਰਣਬੀਰ ਨੇ ਦਰਸ਼ਕਾਂ ਨਾਲ ਡੂੰਘਾ ਸੰਵਾਦ ਸਥਾਪਤ ਕੀਤਾ ਅਤੇ ਸਮਾਜ ਤੇ ਮਨੁੱਖੀ ਕਦਰਾਂ-ਕੀਮਤਾਂ ਨਾਲ ਸਬੰਧਤ ਦ੍ਰਿਸ਼ਟੀਕੋਣ ਪੇਸ਼ ਕੀਤੇ। ਇਸ ਪੇਸ਼ਕਾਰੀ ਵਿੱਚ ਵਿਅੰਗ, ਹਾਸ-ਰਸ, ਸਮਾਜਕ ਟਿੱਪਣੀ ਅਤੇ ਸਾਰਥਕ ਚਿੰਤਨ ਦਾ ਸੁਮੇਲ ਵੇਖਣ ਨੂੰ ਮਿਲਿਆ। ਦਰਸ਼ਕਾਂ ਨੇ ਇਸ ਨਾਟਕੀ ਪੇਸ਼ਕਾਰੀ ਦਾ ਬੜੇ ਉਤਸ਼ਾਹ ਨਾਲ ਸਵਾਗਤ ਕੀਤਾ ਅਤੇ ਰਾਣਾ ਰਣਬੀਰ ਦੀ ਵਿਲੱਖਣ ਕਲਾਤਮਕ ਅਭਿਵਿਅਕਤੀ ਅਤੇ ਪੰਜਾਬੀ ਰੰਗਮੰਚ ਰਾਹੀਂ ਸਾਰਥਕ ਵਿਚਾਰਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਦੀ ਉਨ੍ਹਾਂ ਦੀ ਸਮਰੱਥਾ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਡਾ ਤਜਿੰਦਰ ਕੌਰ ਵੱਲੋਂ ਰਾਣਾ ਰਣਬੀਰ ਅਤੇ ਉਸ ਦੀ ਟੀਮ ਰਾਜਬੀਰ ਬੋਪਾਰਾਏ, ਸੰਗੀਤਾ ਸ਼ਰਮਾ ਅਤੇ ਲਵਲੀਨ ਨੂੰ ਸਨਮਾਨਤ ਕੀਤਾ ਗਿਆ। "ਬੰਦੇ ਬਣੋ ਬੰਦੇ"ਦੇ ਪ੍ਰਭਾਵਸ਼ਾਲੀ ਸੰਦੇਸ਼ ਅਤੇ ਕਲਾਤਮਕ ਪੇਸ਼ਕਾਰੀ ਨੇ ਦਰਸ਼ਕਾਂ ਉੱਤੇ ਡੂੰਘੀ ਛਾਪ ਛੱਡੀ।



ਵਿਦਿਆਰਥੀਆਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹੇਗੀ ਸੀ.ਜੀ.ਸੀ. ਯੂਨੀਵਰਸਿਟੀ ਮੁਹਾਲੀ

ਐਸ ਏ ਐਸ ਨਗਰ, 23 ਸਤੰਬਰ (ਪੈ.ਗਾਮ-ਏ-ਜਗਤ)

ਸੀ ਜੀ ਸੀ ਯੂਨੀਵਰਸਿਟੀ ਮੁਹਾਲੀ ਵੱਲੋਂ ਇੰਡਸਟਰੀ-ਇੰਟੀਗ੍ਰੇਟਿਡ ਬੋਰਡ (ਆਈ ਬੀ ਐਮ) ਐਗਜ਼ੈਕਟਿਵ ਲੀਡਰਸ਼ਿਪ ਡਾਇਲਾਗ 2026 ਦਾ ਆਯੋਜਨ ਕੀਤਾ ਗਿਆ ਹੈ। ਇਸ ਸਮਾਗਮ ਵਿੱਚ 50 ਤੋਂ ਵੱਧ ਪ੍ਰਮੁੱਖ ਸੰਸਥਾਵਾਂ ਦੇ ਉਦਯੋਗਿਕ ਨੁਮਾਇੰਦਿਆਂ ਅਤੇ ਯੂਨੀਵਰਸਿਟੀ ਲੀਡਰਸ਼ਿਪ ਨੇ ਸ਼ਮੂਲੀਅਤ ਕਰਦਿਆਂ ਬਦਲਦੇ ਟੈਲੈਂਟ ਲੈਂਡਸਕੇਪ, ਭਵਿੱਖ ਦੇ ਰੁਜ਼ਗਾਰ ਖੇਤਰ ਅਤੇ ਇੰਡਸਟਰੀ-ਅਕੈਡਮੀਆ ਵਿਚਕਾਰ ਹੋਰ ਮਜ਼ਬੂਤ ਸਹਿਯੋਗ ਦੀ ਲੋੜ ਤੇ ਵਿਚਾਰ-ਵਟਾਂਦਰਾ ਕੀਤਾ। ਸਮਾਗਮ ਵਿੱਚ ਸੀ ਜੀ ਸੀ ਯੂਨੀਵਰਸਿਟੀ ਮੁਹਾਲੀ ਦੇ ਫਾਊਂਡਰ ਅਤੇ ਚਾਂਸਲਰ ਰਸ਼ਪਾਲ ਸਿੰਘ ਧਾਲੀਵਾਲ, ਮੈਨੇਜਿੰਗ ਡਾਇਰੈਕਟਰ ਅਰਸ਼ ਧਾਲੀਵਾਲ ਅਤੇ ਐਗਜ਼ੈਕਟਿਵ ਵਾਈਸ ਪ੍ਰੈਜ਼ੀਡੈਂਟ ਡਾ. ਸੁਸ਼ੀਲ ਪ੍ਰਸ਼ਾਰਦੀ ਵਿਸ਼ੇਸ਼ ਮੌਜੂਦਗੀ ਰਹੀ।



ਇਸ ਸਮਾਗਮ ਵਿੱਚ ਕੈਪਜੈਮਿਨੀ, ਐਮਫੇਸਿਸ, ਡਬਲਯੂ ਐਨ ਐਸ, ਗੋਡੈਡੀ, ਗੂਗਲ, ਨਿਊਜਨ ਸਾਫਟਵੇਅਰ, ਟੀ ਸੀ ਐਸ, ਐਕਸੈਂਚਰ, ਏਯੂ ਸਮਾਲ ਫਾਇਨੈਂਸ ਬੈਂਕ, ਮਾਰੂਤੀ ਸੁਜ਼ੂਕੀ ਇੰਡੀਆ ਲਿਮਟਿਡ, ਐਸ ਏ ਪੀ, ਐਚ ਸੀ ਐਲ ਟੈਕ, ਏਟਫੋਲਡ.ਏਆਈ, ਕੋਫੋਰਜ, ਕੇ ਪੀ ਐਮ ਜੀ, ਹਿਟਾਚੀ, ਫਿਨਾਸਟਰਾ, ਆਈ ਬੀ ਐਮ, ਬਿਰਲਾ ਸਾਫਟ, ਈਵਾਈ ਇੰਡੀਆ, ਸੇਲਜ਼ਫੋਰਸ, ਐਰਿਕਸਨ, ਕਲੀਅਰਵਾਟਰ ਐਨਾਲਿਟਿਕਸ, ਡਿਮਾਂਡਬੇਸ, ਐਕਸਟੀਰਿਆ, ਇੰਜੀਨੀਅਸ ਇਨਸਾਈਟਸ, ਸੋਪਰਾ ਸਟੇਰੀਆ, ਅਸ਼ੋਕ ਲੇਲੈਂਡ, ਦਾਸੋ ਸਿਸਟਮਜ਼, ਯੂਕੇਜੀ, ਈਬੇ, ਓਡੂ ਅਤੇ ਰਿਲਾਇੰਸ ਬ੍ਰਾਂਡਜ਼ ਲਿਮਟਿਡ ਸਮੇਤ ਕਈ ਪ੍ਰਮੁੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਭਾਗ ਲਿਆ।


ਇਸ ਮੌਕੇ ਤਕਨਾਲੋਜੀ, ਕੰਸਲਟਿੰਗ, ਭਵਸ਼ੀ, ਆਟੋਮੋਟਿਵ, ਮੈਨੂਫੈਕਚਰਿੰਗ, ਐਨਾਲਿਟਿਕਸ, ਐਂਟਰਪ੍ਰਾਈਜ਼ ਸਲਿਊਸ਼ਨਜ਼, ਰਿਟੇਲ ਅਤੇ ਉੱਭਰਦੇ ਖੇਤਰਾਂ ਨਾਲ ਸਬੰਧਤ ਮਾਹਿਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਭਵਿੱਖ ਦੇ ਪੇਸ਼ੇਵਰਾਂ ਲਈ ਲੋੜੀਂਦੇ ਹੁਨਰਾਂ ਅਤੇ ਰੁਜ਼ਗਾਰਯੋਗਤਾ ਦੇ ਬਦਲਦੇ ਰੂਪ ਤੇ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ।

ਇਸ ਮੌਕੇ ਮਾਹਿਰਾਂ ਨੇ ਯੂਨੀਵਰਸਿਟੀ ਦੇ ਕੋਰਸ ਨੂੰ ਮੌਜੂਦਾ ਉਦਯੋਗਿਕ ਲੋੜਾਂ ਨਾਲ ਜੋੜ ਕੇ ਰੱਖਣ, ਉੱਭਰ ਰਹੀਆਂ ਹੁਨਰ ਲੋੜਾਂ, ਮੌਜੂਦਾ ਅਤੇ ਭਵਿੱਖੀ ਸਮਰੱਥਾ ਦੀਆਂ ਕਮੀਆਂ, ਪ੍ਰੈਕਟੀਕਲ ਅਤੇ ਐਕਸਪੀਰੀਐਂਸ਼ਲ ਲਰਨਿੰਗ, ਨਵੀਆਂ ਤਕਨਾਲੋਜੀਆਂ ਅਤੇ ਨਿਯੋਗਦਾਤਾਵਾਂ ਦੀਆਂ ਬਦਲਦੀਆਂ ਉਮੀਦਾਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਤੋਂ ਇਲਾਵਾ, ਇੰਟਰਨਸ਼ਿਪ, ਲਾਈਵ ਪ੍ਰੋਜੈਕਟ, ਇੰਡਸਟਰੀ-ਇੰਟੀਗ੍ਰੇਟਿਡ ਲਰਨਿੰਗ, ਪ੍ਰੋਫੈਸ਼ਨਲ ਸਰਟੀਫਿਕੇਸ਼ਨ, ਮੈਂਟਰਸ਼ਿਪ, ਸੈਂਟਰਜ਼ ਆਫ਼ ਐਕਸੀਲੈਂਸ, ਰਿਸਰਚ, ਇਨੋਵੇਸ਼ਨ ਅਤੇ ਪਲੇਸਮੈਂਟਸ ਦੇ ਖੇਤਰਾਂ ਵਿੱਚ ਸੰਰਚਿਤ ਸਹਿਯੋਗ ਦੀਆਂ ਸੰਭਾਵਨਾਵਾਂ ਤੇ ਵੀ ਵਿਚਾਰ ਕੀਤਾ ਗਿਆ। ਇੰਡਸਟਰੀ ਡੈਲੀਗੇਟਾਂ ਨੇ ਭਵਿੱਖ ਦੇ ਵਰਕਫੋਰਸ ਰੁਝਾਨ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਮੌਜੂਦਾ ਅਤੇ ਆਉਣ ਵਾਲੀਆਂ ਸਮਰੱਥਾ ਦੀਆਂ ਲੋੜਾਂ ਦੀ ਪਛਾਣ ਕੀਤੀ ਅਤੇ ਇੰਡਸਟਰੀ-ਇੰਟੀਗ੍ਰੇਟਿਡ ਬੋਰਡ ਲਈ ਤਰਜੀਹੀ ਖੇਤਰਾਂ ਅਤੇ ਕਾਰਜਯੋਗ ਕਦਮਾਂ ਦੀ ਸਿਫ਼ਾਰਸ਼ ਕੀਤੀ। ਸੀ ਜੀ ਸੀ ਯੂਨੀਵਰਸਿਟੀ ਮੁਹਾਲੀ ਦੇ ਮੈਨੇਜਿੰਗ ਡਾਇਰੈਕਟਰ ਅਰਸ਼ ਧਾਲੀਵਾਲ ਨੇ ਇਸ ਮੌਕੇ ਕਿਹਾ ਕਿ ਅੱਜ ਦੇ ਤੇਜ਼ੀ ਨਾਲ ਬਦਲਦੇ ਤਕਨੀਕੀ ਦੌਰ ਵਿੱਚ ਸਿੱਖਿਆ ਅਤੇ ਉਦਯੋਗ ਵਿਚਕਾਰ ਪਾੜੇ ਨੂੰ ਖਤਮ ਕਰਨਾ ਬਹੁਤ ਜ਼ਰੂਰੀ ਹੈ। ਇੰਡਸਟਰੀ ਇੰਟੀਗ੍ਰੇਟਿਡ ਬੋਰਡ ਦਾ ਇਹ ਡਾਇਲਾਗ ਇਸ ਗੱਲ ਦਾ ਪ੍ਰਤੀਕ ਹੈ ਕਿ ਅਸੀਂ ਵਿਦਿਆਰਥੀਆਂ ਨੂੰ ਸਿਰਫ਼ ਕਿਤਾਬੀ ਗਿਆਨ ਨਹੀਂ, ਸਗੋਂ ਅਸਲ ਦੁਨੀਆ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਵਿਹਾਰਕ ਹੁਨਰ ਦੇਣ ਲਈ ਵਚਨਬੱਧ ਹਾਂ।

ਯੂਨੀਵਰਸਿਟੀ ਦੇ ਸੰਸਥਾਪਕ ਚਾਂਸਲਰ ਰਸ਼ਪਾਲ ਸਿੰਘ ਧਾਲੀਵਾਲ ਨੇ ਕਿਹਾ ਕਿ ਇੰਡਸਟਰੀ- ਇੰਟੀਗ੍ਰੇਟਿਡ ਬੋਰਡ ਐਗਜ਼ੈਕਟਿਵ ਲੀਡਰਸ਼ਿਪ ਡਾਇਲਾਗ 2026 ਇੱਕ ਲਗਾਤਾਰ ਚੱਲਣ ਵਾਲੀ ਗੱਲਬਾਤ ਦੀ ਸ਼ੁਰੂਆਤ ਹੈ, ਜਿਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਅਕਾਦਮਿਕ ਤਰਜੀਹਾਂ ਭਵਿੱਖ ਦੀ ਦੁਨੀਆ-ਏ-ਰੁਜ਼ਗਾਰ ਨੂੰ ਪਰਿਭਾਸ਼ਿਤ ਕਰਨ ਵਾਲੀਆਂ ਸੰਭਾਵਨਾਵਾਂ, ਲੋੜਾਂ ਅਤੇ ਤਬਦੀਲੀਆਂ ਨਾਲ ਲਗਾਤਾਰ ਜੁੜੀਆਂ ਰਹਿਣ।

ਬੱਚਿਆਂ ਦਾ ਕੋਨਾ

ਰੰਗ ਭਰੋ



ਸੁਡੋਕੂ

Sudoku


	2		8	3	5		7	
	5		7		9		8	2
	9	8		4	6			5
8	6	2					9	
3			9				5	
5	1		3	8				
9		6	4			5	1	
2					3	6		9
		5		9	8	7		

https://paigamejagat.com/games/sudoku.aspx

ਪਿਛਲੇ ਸੁਡੋਕੂ ਦਾ ਹੱਲ

7	1	6	2	3	4	9	5	8
4	8	9	1	6	5	2	7	3
5	2	3	7	9	8	1	4	6
1	3	5	9	8	7	4	6	2
6	7	8	4	1	2	3	9	5
2	9	4	6	5	3	7	8	1
3	5	1	8	4	9	6	2	7
9	6	2	5	7	1	8	3	4
8	4	7	3	2	6	5	1	9

ਅੰਤਰ ਲੱਭੋ



ਪੰਜਾਬ ਸਰਕਾਰ ਦੇ ਲੋਕਾਂ ਨੂੰ ਮੁਫ਼ਤ ਬਿਜਲੀ ਦੇਣ ਦੇ ਦਾਅਵੇ ਝੂਠੇ : ਅਮਰਜੀਤ ਸਿੰਘ ਜੀਤੀ ਸਿੱਧੂ

ਐਸ ਏ ਐਸ ਨਗਰ, 23 ਸਤੰਬਰ (ਪੈ.ਗਾਮ-ਏ-ਜਗਤ)

ਸਾਬਕਾ ਮੇਅਰ ਅਮਰਜੀਤ ਸਿੰਘ ਉਰਫ਼ ਜੀਤੀ ਸਿੱਧੂ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਦੇ ਲੋਕਾਂ ਨੂੰ ਮੁਫਤ ਬਿਜਲੀ ਦੇਣ ਦੇ ਦਾਅਵੇ ਝੂਠੇ ਅਤੇ ਹਵਾ ਹਵਾਈ ਹਨ ਅਤੇ

- **ਪਿੰਡ ਕੁੰਬੜਾ ਦੇ ਗਰੀਬ ਪਰਿਵਾਰਾਂ ਨੂੰ ਭੇਜੇ 12,000 ਰੁਪਏ ਤੋਂ 50,000 ਰੁਪਏ ਤੱਕ ਦੇ ਬਿਜਲੀ ਬਿੱਲ**

ਅਸਲੀਅਤ ਇਹ ਹੈ ਕਿ ਇਹ ਸਰਕਾਰ ਗਰੀਬ ਲੋਕਾਂ ਨੂੰ ਹਜਾਰਾਂ ਰੁਪਏ ਦੇ ਬਿਲ ਭੇਜ ਕੇ ਉਹਨਾਂ ਦੀ ਲੁੱਟ ਕਰ ਰਹੀ ਹੈ।

ਇੱਥੇ ਇੱਕ ਪੱਤਰਕਾਰ ਸੰਮੇਲਨ ਦੌਰਾਨ ਉਹਨਾਂ ਕਿਹਾ ਕਿ ਪਿੰਡ ਕੁੰਬੜਾ ਦੇ ਗਰੀਬ ਪਰਿਵਾਰਾਂ ਨੂੰ



12,000 ਰੁਪਏ ਤੋਂ ਲੈ ਕੇ 50,000 ਰੁਪਏ ਤੱਕ ਦੇ ਬਿਲ ਭੇਜੇ ਗਏ ਹਨ। ਉਨ੍ਹਾਂ ਕਿਹਾ ਕਿ ਪ੍ਰਭਾਵਿਤ ਪਰਿਵਾਰਾਂ ਵਿੱਚ ਕਈ ਵਿਧਵਾ ਔਰਤਾਂ ਵੀ ਸ਼ਾਮਲ ਹਨ, ਜਿਨ੍ਹਾਂ ਲਈ ਇੰਨੀ ਵੱਡੀ ਰਕਮ ਦੇ ਬਿਜਲੀ ਬਿੱਲਾਂ ਦੀ ਅਦਾਇਗੀ ਕਰਨਾ ਮੁਸ਼ਕਲ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇੱਕ ਔਰਤ ਨੇ 50,000 ਰੁਪਏ ਦਾ ਬੈਂਕ ਕਰਜ਼ਾ ਲੈ ਕੇ ਪੀਐਸਪੀਸੀਐਲ ਦੇ ਬਕਾਇਆ ਬਿੱਲ ਦੀਆਂ 18,000-18,000 ਰੁਪਏ ਦੀਆਂ ਦੋ ਕਿਸ਼ਤਾਂ ਜਮ੍ਹਾਂ ਕਰਵਾਈਆਂ ਹਨ, ਪਰ ਇਸ ਦੇ ਬਾਵਜੂਦ ਉਸ ਵੱਲ ਅਜੇ ਵੀ ਲਗਭਗ 16,000 ਰੁਪਏ ਬਕਾਇਆ ਹੈ।

ਉਹਨਾਂ ਕਿਹਾ ਕਿ ਸਰਕਾਰ ਵੱਲੋਂ ਲੋਕਾਂ ਦੇ ਬਿਜਲੀ ਬਿੱਲ ਮੁਆਫ਼ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ, ਪਰ ਕੁੰਬੜਾ ਵਿੱਚ ਸਾਹਮਣੇ ਆ ਰਹੇ ਮਾਮਲੇ ਵੱਖਰੀ ਤਸਵੀਰ ਪੇਸ਼ ਕਰਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਇਨ੍ਹਾਂ ਗਰੀਬ ਪਰਿਵਾਰਾਂ ਨੂੰ ਰਾਹਤ ਕਦੋਂ ਮਿਲੇਗੀ। ਉਨ੍ਹਾਂ ਕਿਹਾ ਕਿ ਕਈ ਪਰਿਵਾਰ ਬਹੁਤ ਛੋਟੇ ਕਮਰਿਆਂ ਵਿੱਚ ਰਹਿੰਦੇ ਹਨ ਅਤੇ ਉਨ੍ਹਾਂ ਦੀ ਬਿਜਲੀ ਦੀ ਖਪਤ ਵੀ ਸੀਮਤ ਹੈ। ਕੁੱਝ ਘਰਾਂ ਵਿੱਚ ਇੱਕ ਕਮਰੇ ਵਿੱਚ ਸਿਰਫ਼ ਇੱਕ ਪੱਖਾ, ਇੱਕ ਲਾਈਟ ਅਤੇ ਇੱਕ ਫਰਾਟਾ ਪੱਖਾ ਹੋਣ ਦੇ ਬਾਵਜੂਦ ਹਜ਼ਾਰਾਂ ਰੁਪਏ ਦੇ ਬਿੱਲ ਆ ਰਹੇ ਹਨ ਜਿਸ ਨਾਲ ਸਰਕਾਰ ਦੀ ਕਾਰਗੁਜਾਰੀ ਤੇ ਸਵਾਲ ਉਠਦੇ ਹਨ। ਉਹਨਾਂ ਕਿਹਾ ਕਿ ਕਾਂਗਰਸ ਦੀ ਸਰਕਾਰ ਬਣਨ ਤੇ ਇਨ੍ਹਾਂ ਪਰਿਵਾਰਾਂ ਦੇ ਬਿਜਲੀ ਬਿੱਲਾਂ ਦੀ ਜਾਂਚ ਕਰਵਾ ਕੇ "ਲੀਕ ਮਾਰੀ" ਜਾਵੇਗੀ ਅਤੇ ਜਿਨ੍ਹਾਂ ਦੇ ਮੀਟਰ ਕੱਟੇ ਗਏ ਹਨ, ਉਨ੍ਹਾਂ ਦੇ ਮੁੜ ਮੀਟਰ ਲਗਵਾਏ ਜਾਣਗੇ। ਇਸ ਮੌਕੇ ਪਿੰਡ ਕੁੰਬੜਾ ਦੇ ਆਗੂ ਬਲਵਿੰਦਰ ਸਿੰਘ ਕੁੰਬੜਾ ਤੋਂ ਇਲਾਵਾ ਕਰੀਬ 8 ਤੋਂ 10 ਪਰਿਵਾਰਾਂ ਦੀਆਂ ਔਰਤਾਂ ਵੀ ਮੌਜੂਦ ਸਨ।

ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜਨ ਲਈ ਡਾਕੂਮੈਂਟਰੀ ਫਿਲਮ ਸਿੱਖ ਵਿਰਾਸਤ ਦੇ ਸੁਨਹਿਰੇ ਪੰਨੇ ਵਿਖਾਈ

ਨਵੀਂ ਦਿੱਲੀ, 23 ਸਤੰਬਰ (ਪੈ.ਗਾਮ-ਏ-ਜਗਤ)

ਸ਼ੁਭ ਕਰਮ ਸੇਵਾ ਸੋਸਾਇਟੀ (ਦਿੱਲੀ) ਵੱਲੋਂ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜਨ ਦੇ ਉਦੇਸ਼ ਨਾਲ ਗੁਰਦੁਆਰਾ ਸਿੰਘ ਸਭਾ, ਮੁਕਰਜੀ ਪਾਰਕ ਵਿਖੇ ਡਾਕੂਮੈਂਟਰੀ ਫ਼ਿਲਮ 'ਸਿੱਖ ਵਿਰਾਸਤ ਦੇ ਸੁਨਹਿਰੇ ਪੰਨੇ' ਦਿਖਾਉਣ ਦਾ ਉਪਰਾਲਾ ਕੀਤਾ ਗਿਆ। ਇਸ ਮੌਕੇ ਸੋਸਾਇਟੀ ਵੱਲੋਂ ਵਿਚਾਰ ਸਾਂਝੇ ਕਰਦਿਆ ਪਰਮਜੀਤ ਸਿੰਘ (ਬਸੀਨ) ਅਤੇ ਜਤਿੰਦਰ ਸਿੰਘ ਨੇ ਕਿਹਾ ਕਿ ਸੋਸਾਇਟੀ ਦਾ ਮਕਸਦ ਬੱਚਿਆਂ ਨੂੰ ਗੁਰਬਾਣੀ ਅਤੇ ਗੁਰਮਤਿ ਸੰਗੀਤ ਨਾਲ-ਨਾਲ ਇਤਿਹਾਸਕ ਫ਼ਿਲਮਾਂ ਰਾਹੀਂ ਉਨ੍ਹਾਂ ਨੂੰ ਸਿੱਖ ਇਤਿਹਾਸ ਦੀ ਜਾਣਕਾਰੀ ਦੇਣਾ ਵੀ ਹੈ, ਤਾਂ ਜੋ ਨੌਜਵਾਨ ਪੀੜ੍ਹੀ ਆਪਣੇ ਮਹਾਨ ਵਿਰਸੇ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਜਾਣੂ ਹੋ ਸਕੇ। ਇਸ ਮੌਕੇ ਸੋਸਾਇਟੀ ਦੇ ਸੁਰਜੀਤ ਸਿੰਘ (ਲਵਲੀ) ਨੇ ਸ. ਰਜਿੰਦਰ ਸਿੰਘ ਵਿਰਾਸਤ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਸਿੱਖ ਇਤਿਹਾਸ ਤੇ ਕੀਤੀ ਗਈ ਲੰਬੇ ਸਮੇਂ ਦੀ ਖੋਜ ਦੇ ਆਧਾਰ ਤੇ ਇਸ ਡਾਕੂਮੈਂਟਰੀ ਨੂੰ ਤਿਆਰ ਕਰਕੇ ਬੱਚਿਆਂ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਗਿਆ ਹੈ।

ਸਿੱਖ ਇਤਿਹਾਸ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ-ਸਾਡੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਇਸ ਵਿਰਾਸਤੀ ਡਾਕੂਮੈਂਟਰੀ ਰਾਹੀਂ ਅਸੀਂ ਆਪਣੇ 18ਵੀਂ ਸਦੀ ਦੇ ਮਹਾਨ ਜਰਨੈਲਾਂ ਨੂੰ ਸੱਚੀ ਸ਼ਰਧਾਂਜਲੀ ਦੇਣ ਦਾ ਯਤਨ ਕੀਤਾ ਹੈ। ਇਸ ਮੌਕੇ ਫ਼ਿਲਮ ਦੇ ਨਿਰਮਾਣ ਅਤੇ ਪੇਸ਼ਕਾਰੀ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਣ ਵਾਲੇ ਸ.ਅਜੇਪਾਲ ਸਿੰਘ ਮੀਰਾਕੋਟ ਅਤੇ ਸ.ਕਰਨ ਸਿੰਘ ਭੁੱਲਰ, ਸ. ਹਰਵਿੰਦਰ ਪਾਲ ਸਿੰਘ (ਪੰਜਾਬੀ ਬਾਗ), ਸ.ਗੁਰਪਾਲ ਸਿੰਘ (ਮੋਤੀ ਨਗਰ) ਅਤੇ ਗੁਰਦੁਆਰਾ ਸਿੰਘ ਸਭਾ, ਮੁਕਰਜੀ ਪਾਰਕ ਦੇ ਪ੍ਰਬੰਧਕ, ਸੁਰਜੀਤ ਸਿੰਘ (ਸੋਨੂੰ ਵੀਰਜੀ) ਅਤੇ ਮਨਪ੍ਰੀਤ ਸਿੰਘ ਵੀ ਹਾਜਿਰ ਰਹੇ।

ਗੋਲੂ ਅਤੇ ਨਵਾਂ ਦੋਸਤ



ਪੈ.ਗਾਮ-ਏ-ਜਗਤ

ਗੋਲੂ ਆਪਣੇ ਸਕੂਲ ਦੀ ਤੀਜੀ ਜਮਾਤ ਵਿੱਚ ਪੜ੍ਹਦਾ ਸੀ। ਉਹ ਬਹੁਤ ਹੱਸਮੁੱਖ ਅਤੇ ਮਿਲਣਸਾਰ ਮੁੰਡਾ ਸੀ। ਉਸ ਦੇ ਕਈ ਦੋਸਤ ਸਨ ਅਤੇ ਉਹ ਹਰ ਰੋਜ਼ ਕ੍ਰਿਕਟ ਖੇਡਦਾ ਸੀ।

ਸੋਮਵਾਰ ਦੀ ਸਵੇਰ ਜਦੋਂ ਕਲਾਸ ਸ਼ੁਰੂ ਹੋਣ ਵਾਲੀ ਸੀ, ਅਧਿਆਪਕਾ ਇੱਕ ਨਵੇਂ ਮੁੰਡੇ ਨੂੰ ਕਲਾਸ ਵਿੱਚ ਲੈ ਕੇ ਆਈ ਅਤੇ ਸਭ ਬੱਚਿਆਂ ਨਾਲ ਉਸਦੀ ਜਾਣ-ਪਛਾਣ ਕਰਵਾਈ।

ਬੱਚਿਓ, ਇਹ ਮੀਤ ਹੈ। ਇਹ ਅੱਜ ਤੋਂ ਸਾਡੇ ਨਾਲ ਪੜ੍ਹੇਗਾ। ਤੁਸੀਂ ਸਾਰੇ ਇਸ ਦਾ ਸਵਾਗਤ ਕਰੋ, ਅਧਿਆਪਕਾ ਨੇ ਕਿਹਾ।

ਮੀਤ ਹੌਲੀ ਜਿਹੀ ਮੁਸਕਰਾਹਟ ਨਾਲ ਆਪਣੀ ਸੀਟ 'ਤੇ ਬੈਠ ਗਿਆ। ਉਹ ਥੋੜ੍ਹਾ ਚੁੱਪ ਸੀ ਅਤੇ ਕਿਸੇ ਨਾਲ ਗੱਲ ਨਹੀਂ ਕਰ ਰਿਹਾ ਸੀ।

ਛੁੱਟੀ ਵੇਲੇ ਗੋਲੂ ਆਪਣੇ ਦੋਸਤਾਂ ਨਾਲ ਮੈਦਾਨ ਵਿੱਚ ਕ੍ਰਿਕਟ ਖੇਡਣ ਚਲਾ ਗਿਆ। ਮੀਤ ਦੂਰ ਖੜ੍ਹਾ ਉਨ੍ਹਾਂ ਨੂੰ ਖੇਡਦੇ ਦੇਖ ਰਿਹਾ ਸੀ।

ਗੋਲੂ ਨੇ ਉਸ ਨੂੰ ਦੇਖਿਆ ਅਤੇ ਕਿਹਾ, ਆਓ, ਸਾਡੇ ਨਾਲ ਖੇਡੋ!

ਮੀਤ ਨੇ ਹੌਲੀ ਜਿਹੀ ਆਵਾਜ਼ ਵਿੱਚ ਕਿਹਾ, ਮੈਨੂੰ ਕ੍ਰਿਕਟ ਖੇਡਣਾ ਨਹੀਂ ਆਉਂਦਾ।

ਗੋਲੂ ਦੇ ਇੱਕ ਦੋਸਤ ਨੇ ਕਿਹਾ, ਫਿਰ ਤੂੰ ਸਾਡੇ ਨਾਲ ਕੀ ਕਰੇਗਾ?

ਮੀਤ ਨੇ ਸਿਰ ਝੁਕਾ ਲਿਆ। ਗੋਲੂ ਨੂੰ ਇਹ ਗੱਲ ਚੰਗੀ ਨਹੀਂ ਲੱਗੀ।

ਉਸ ਨੇ ਕਿਹਾ, ਜੇ ਉਸ ਨੂੰ ਕ੍ਰਿਕਟ ਨਹੀਂ ਆਉਂਦਾ ਤਾਂ ਅਸੀਂ ਉਸ ਨੂੰ ਸਿਖਾ ਸਕਦੇ ਹਾਂ। ਹਰ ਕਿਸੇ ਨੂੰ ਹਰ ਖੇਡ ਪਹਿਲੇ ਦਿਨ ਤੋਂ ਨਹੀਂ ਆਉਂਦਾ।

ਗੋਲੂ ਨੇ ਮੀਤ ਨੂੰ ਬੱਲਾ ਫੜਾਇਆ ਅਤੇ ਉਸ ਨੂੰ ਹੌਲੀ ਗੇਂਦ ਮਾਰਨ ਲਈ ਕਿਹਾ। ਪਹਿਲੀ ਵਾਰ ਮੀਤ ਗੇਂਦ ਨਾ ਮਾਰ ਸਕਿਆ। ਦੂਜੀ ਵਾਰ ਵੀ ਗੇਂਦ ਬੱਲੇ ਤੋਂ ਖੁੰਝ ਗਈ।

ਗੋਲੂ ਨੇ ਹੱਸਣ ਦੀ ਬਜਾਏ ਕਿਹਾ, ਕੋਈ ਗੱਲ ਨਹੀਂ, ਦੁਬਾਰਾ ਕੋਸ਼ਿਸ਼ ਕਰੋ।

ਤੀਜੀ ਵਾਰ ਮੀਤ ਨੇ ਗੇਂਦ ਨੂੰ ਜ਼ੋਰ ਨਾਲ ਮਾਰਿਆ। ਗੇਂਦ ਸਿੱਧੀ ਬਾਊਂਡਰੀ ਵੱਲ ਚਲੀ ਗਈ।

ਗੋਲੂ ਖੁਸ਼ੀ ਨਾਲ ਕਹਿਆ। ਵਾਹ! ਤੁਸੀਂ ਤਾਂ ਬਹੁਤ ਵਧੀਆ ਖੇਡਦੇ ਹੋ!

ਮੀਤ ਪਹਿਲੀ ਵਾਰ ਖੁੱਲ੍ਹ ਕੇ ਹੱਸਿਆ।

ਅਗਲੇ ਦਿਨ ਗੋਲੂ ਨੂੰ ਪਤਾ ਲੱਗਿਆ ਕਿ ਮੀਤ ਨੂੰ ਕ੍ਰਿਕਟ ਨਾਲੋਂ ਚਿੱਤਰ ਬਣਾਉਣਾ ਬਹੁਤ ਪਸੰਦ ਸੀ। ਉਸ ਨੇ ਗੋਲੂ ਲਈ ਇੱਕ ਸੁੰਦਰ ਚਿੱਤਰ ਬਣਾਇਆ। ਗੋਲੂ ਨੇ ਵੀ ਉਸ ਨੂੰ ਆਪਣੀ ਮਨਪਸੰਦ ਕਿਤਾਬ ਪੜ੍ਹਨ ਲਈ ਦਿੱਤੀ।

ਕੁਝ ਹੀ ਦਿਨਾਂ ਵਿੱਚ ਮੀਤ ਸਿਰਫ਼ ਕਲਾਸ ਦਾ ਨਵਾਂ ਵਿਦਿਆਰਥੀ ਨਹੀਂ ਰਿਹਾ, ਸਗੋਂ ਗੋਲੂ ਦਾ ਚੰਗਾ ਦੋਸਤ ਬਣ ਗਿਆ।

ਗੋਲੂ ਨੇ ਸਮਝ ਲਿਆ ਕਿ ਨਵਾਂ ਦੋਸਤ ਸਾਡੇ ਵਰਗਾ ਹੋਣਾ ਜ਼ਰੂਰੀ ਨਹੀਂ। ਉਸ ਦੀਆਂ ਵੱਖਰੀਆਂ ਪਸੰਦਾਂ, ਆਦਤਾਂ ਅਤੇ ਖੂਬੀਆਂ ਹੀ ਦੋਸਤੀ ਨੂੰ ਹੋਰ ਸੁੰਦਰ ਬਣਾਉਂਦੀਆਂ ਹਨ।

ਸਿੱਖਿਆ: ਹਰ ਨਵਾਂ ਵਿਅਕਤੀ ਇੱਕ ਨਵੀਂ ਦੋਸਤੀ ਅਤੇ ਇੱਕ ਨਵੀਂ ਸਿੱਖਿਆ ਲੈ ਕੇ ਆ ਸਕਦਾ ਹੈ। ਦੂਜਿਆਂ ਦੇ ਵੱਖਰੇਪਣ ਨੂੰ ਸਵੀਕਾਰ ਕਰਨਾ ਅਤੇ ਉਨ੍ਹਾਂ ਨੂੰ ਮੌਕਾ ਦੇਣਾ ਹੀ ਸੱਚੀ ਦੋਸਤੀ ਹੈ।

ਮਾਮਲਾ: ਬ੍ਰਿਟੇਨ ਵਿੱਚ ਸਿੱਖ ਬੱਸ ਡਰਾਈਵਰ 'ਤੇ ਜਾਨਲੇਵਾ ਹਮਲੇ ਦਾ

ਅਵਿਨਾਸ਼ ਰਾਏ ਖੰਨਾ ਨੇ ਦੋਸ਼ੀ ਨੂੰ ਸਜ਼ਾ ਦਿਵਾਉਣ ਲਈ ਵਿਦੇਸ਼ ਮੰਤਰਾਲੇ ਕੋਲ ਉਠਾਇਆ ਮਾਮਲਾ

ਪੈ.ਗਾਮ-ਏ-ਜਗਤ/ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਸਾਬਕਾ ਸੰਸਦ ਮੈਂਬਰ ਅਤੇ ਸੀਨੀਅਰ ਭਾਜਪਾ ਆਗੂ ਅਵਿਨਾਸ਼ ਰਾਏ ਖੰਨਾ ਨੇ ਬ੍ਰਿਟੇਨ ਵਿੱਚ ਇੱਕ ਸਿੱਖ ਬੱਸ ਡਰਾਈਵਰ 'ਤੇ ਹੋਏ ਹਮਲੇ ਦੀ ਸਖਤ ਨਿੰਦਾ ਕਰਦਿਆਂ ਮਾਮਲੇ ਦਾ ਸਖਤ ਨੋਟਿਸ ਲਿਆ ਹੈ। ਖੰਨਾ ਨੇ ਭਾਰਤ ਸਰਕਾਰ ਦੇ ਕੇਂਦਰੀ ਵਿਦੇਸ਼ ਮੰਤਰਾਲੇ ਤੋਂ ਇਸ ਮਾਮਲੇ ਨੂੰ ਬ੍ਰਿਟੇਨ ਸਰਕਾਰ ਕੋਲ ਉਠਾਉਣ ਅਤੇ ਦੋਸ਼ੀ ਖਿਲਾਫ ਕਾਨੂੰਨ ਅਨੁਸਾਰ ਸਖਤ ਕਾਰਵਾਈ ਯਕੀਨੀ ਕਰਵਾਉਣ ਦੀ ਮੰਗ ਕੀਤੀ ਹੈ।



ਖੰਨਾ ਦੇ ਦਫਤਰ ਤੋਂ ਸਕੱਤਰ ਜੋਤੀ ਕੁਮਾਰ ਜੌਲੀ ਨੇ ਦੱਸਿਆ ਕਿ ਮੀਡੀਆ ਰਿਪੋਰਟਾਂ ਅਨੁਸਾਰ ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਖੇਤਰ ਦੇ ਟੈਲਫੋਰਡ ਵਿੱਚ ਇੱਕ ਸਿੱਖ ਬੱਸ ਡਰਾਈਵਰ 'ਤੇ ਇੱਕ ਵਿਦੇਸ਼ੀ ਵਿਅਕਤੀ ਵੱਲੋਂ ਹਮਲਾ ਕਰਕੇ ਸਿੱਖ ਡਰਾਈਵਰ ਨਾਲ ਕੁੱਟਮਾਰ ਕੀਤੀ ਗਈ ਅਤੇ ਉਸ ਨੂੰ ਵਾਹਨ ਤੋਂ ਬਾਹਰ ਕੱਢ ਦਿੱਤਾ ਗਿਆ। ਸ੍ਰੀ ਖੰਨਾ ਨੇ ਉਕਤ ਮਾਮਲਾ ਧਿਆਨ ਵਿੱਚ ਆਉਂਦਿਆਂ ਹੀ ਤੁਰੰਤ ਇਸ ਮਾਮਲੇ ਨੂੰ ਕੇਂਦਰੀ ਵਿਦੇਸ਼ ਮੰਤਰੀ ਡਾ. ਸੁਬਰਾਮਣੀਅਮ ਜੈਸ਼ੰਕਰ ਦੇ ਧਿਆਨ ਵਿੱਚ ਲਿਆਉਂਦਿਆਂ ਇਸ ਮਾਮਲੇ ਵਿੱਚ ਸਿੱਖ ਡਰਾਈਵਰ ਨਾਲ ਕੁੱਟਮਾਰ ਕਰਨ ਵਾਲੇ ਦੋਸ਼ੀ ਖਿਲਾਫ ਸਖਤ ਕਾਨੂੰਨੀ ਕਾਰਵਾਈ ਨੂੰ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ।

ਵਿਦਿਆਰਥੀਆਂ ਲਈ ਵਿਸ਼ੇਸ਼ ਸਭਿਆਚਾਰਕ ਪ੍ਰੋਗਰਾਮ ਦਾ ਆਯੋਜਨ



ਐਸ ਏ ਐਸ ਨਗਰ, 23 ਸਤੰਬਰ (ਪੈ.ਗਾਮ-ਏ-ਜਗਤ)

ਗਿਆਨ ਜੋਤੀ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ, ਫੇਜ਼ 2, ਮੁਹਾਲੀ ਵਿੱਚ ਵਿਦਿਆਰਥੀਆਂ ਲਈ ਇੱਕ ਸਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਗੀਤ ਸੰਗੀਤ, ਨਾਚ-ਗਾਣੇ ਅਤੇ ਹੋਰਨਾਂ ਪੇਸ਼ਕਾਰੀਆਂ ਦਾ ਆਨੰਦ ਮਾਣਿਆ।

ਅਦਾਰੇ ਦੇ ਡਾਇਰੈਕਟਰ ਡਾ. ਅਨੀਤ ਬੇਦੀ ਨੇ ਇਸ ਮੌਕੇ ਕਿਹਾ ਕਿ ਕੈਂਪਸ ਵਿੱਚ ਅਜਿਹੇ ਊਰਜਾਵਾਨ ਅਤੇ ਜੀਵੰਤ ਪ੍ਰੋਗਰਾਮ ਹੋਣਾ ਸਾਡੇ ਵਿਦਿਆਰਥੀਆਂ ਦੇ ਜੀਵਨ ਵਿੱਚ ਨਵਾਂ ਜੋਸ਼ ਭਰਦੇ ਹਨ। ਉਹਨਾਂ ਕਿਹਾ ਕਿ ਅਦਾਰੇ ਵਲੋਂ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਦੀ ਮਾਨਸਿਕ ਤੰਦਰੁਸਤੀ ਅਤੇ ਖੁਸ਼ੀ ਨੂੰ ਵੀ ਪੂਰੀ ਤਰ੍ਹਾਂ ਤਰਜੀਹ ਦਿੱਤੀ ਜਾਂਦੀ ਹੈ। ਅਜਿਹੇ ਆਯੋਜਨ ਨਾ ਸਿਰਫ਼ ਵਿਦਿਆਰਥੀਆਂ ਨੂੰ ਤਣਾਅ ਤੋਂ ਮੁਕਤ ਕਰਦੇ ਹਨ, ਸਗੋਂ ਉਨ੍ਹਾਂ ਵਿੱਚ ਆਪਸੀ ਪਿਆਰ, ਟੀਮ ਵਰਕ ਅਤੇ ਅਗਵਾਈ ਦੇ ਗੁਣਾਂ ਨੂੰ ਵੀ ਪੈਦਾ ਕਰਦੇ ਹਨ।

ਬਹਿਰੀਨ ਦੀ ਮਹਿਲਾ ਨਾਲ ਸੰਬੰਧਾਂ ਬਾਰੇ ਉਹਨਾਂ ਤੇ ਝੂਠੇ ਅਤੇ ਬੇਬੁਨਿਆਦ ਦੋਸ਼ ਲਗਾ ਰਹੀ ਹੈ ਆਮ ਆਦਮੀ ਪਾਰਟੀ : ਸਰਬਜੀਤ ਸਿੰਘ ਝਿੰਜਰ

ਘਨੌਰ, 23 ਸਤੰਬਰ (ਪੈ.ਗਾਮ-ਏ-ਜਗਤ)

ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਅਤੇ ਘਨੌਰ ਹਲਕਾ ਇੰਚਾਰਜ ਸਰਬਜੀਤ ਸਿੰਘ ਝਿੰਜਰ ਨੇ ਆਮ ਆਦਮੀ ਪਾਰਟੀ ਤੇ ਆਪਣੇ ਖਿਲਾਫ ਝੂਠੇ ਅਤੇ ਬੇਬੁਨਿਆਦ ਦੋਸ਼ ਲਗਾਉਣ ਦਾ ਇਲਜ਼ਾਮ ਲਗਾਇਆ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕਾਂ ਤੇ ਸਰਕਾਰ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਖਿਲਾਫ ਉਹਨਾਂ ਦੀ ਆਵਾਜ਼ ਬੰਦ ਕਰਨ ਵਿੱਚ ਨਾਕਾਮ ਰਹਿਣ ਤੋਂ ਬਾਅਦ ਹੁਣ ਸੱਤਾਧਾਰੀ ਪਾਰਟੀ ਘਟੀਆ ਚਰਿੱਤਰ ਹਨਨ ਤੇ ਉਤਰ ਆਈ ਹੈ।

ਉਹਨਾਂ ਕਿਹਾ ਕਿ 'ਆਪ' ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਵਲੋਂ ਉਹਨਾਂ ਤੇ ਬਹਿਰੀਨ ਤੋਂ ਇੱਕ ਔਰਤ ਨੂੰ ਭਾਰਤ ਲਿਆਉਣ ਸੰਬੰਧੀ ਜਿਹੜਾ ਇਲਾਜਾਮ ਲਗਾਇਆ ਗਿਆ ਹੈ ਉਹ ਪੂਰੀ ਤਰ੍ਹਾਂ ਬੇਬੁਨਿਆਦ ਹੈ ਅਤੇ ਉਹ ਤਾਂ ਕਦੇ ਉਸ ਔਰਤ ਨੂੰ ਕਦੇ ਮਿਲੇ ਤਕ ਨਹੀਂ ਹਨ। ਉਹਨਾਂ ਕਿਹਾ ਕਿ ਪੰਨੂ ਹਵਾ ਵਿੱਚੋਂ ਕਹਾਣੀਆਂ ਘੜ ਰਹੇ ਹਨ ਅਤੇ ਇਹ ਸਾਰਾ ਕੁੱਝ 'ਆਪ' ਲੀਡਰਸ਼ਿਪ ਵੱਲੋਂ ਉਹਨਾਂ ਨੂੰ ਬਦਨਾਮ ਕਰਨ ਦੀ ਨੀਤੀ ਦੇ ਤਹਿਤ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਹ ਸਾਰਾ ਕੁੱਝ ਅਸਲ ਵਿੱਚ ਉਹਨਾਂ ਵਲੋਂ ਮੁੱਖ ਮੰਤਰੀ ਦੀ ਪਤਨੀ ਡਾ. ਗੁਰਪ੍ਰੀਤ ਕੌਰ ਦੀ ਜਨਤਕ ਆਲੋਚਨਾ ਨਾਲ ਜੁੜਿਆ ਹੋਇਆ ਹੈ ਅਤੇ ਇਸ ਕਾਰਨ 'ਆਪ' ਨੇ ਉਹਨਾਂ ਵਿਰੁੱਧ ਮਨੀਸ਼ ਸਿਸੋਦੀਆ ਦੀ ਕਥਿਤ 'ਸਾਮ, ਦਾਮ, ਦੰਡ, ਭੇਦ' ਦੀ ਨੀਤੀ ਅਪਣਾਈ ਹੈ। ਪਹਿਲਾਂ ਉਹਨਾਂ ਨੂੰ ਵਿਧਾਨ ਸਭਾ ਸੀਟ ਦਾ ਲਾਲਚ ਦੇਣ ਦੀ ਕੋਸ਼ਿਸ਼ ਕੀਤੀ ਗਈ, ਉਹਨਾਂ ਦੇ ਚੋਣ ਖਰਚੇ ਚੁੱਕਣ ਅਤੇ 5 ਕਰੋੜ ਰੁਪਏ ਦੇਣ ਦੀ ਵੀ ਪੇਸ਼ਕਸ਼ ਕੀਤੀ ਗਈ। ਫਿਰ ਜਦੋਂ ਇਹ ਕੋਸ਼ਿਸ਼ਾਂ ਨਾਕਾਮ ਰਹੀਆਂ ਤਾਂ ਉਹ ਧਮਕੀਆਂ ਤੇ ਉਤਰ ਆਏ ਪਰੰਤੂ ਜਦੋਂ ਕੁਝ ਵੀ ਕੰਮ ਨਾ ਆਇਆ, ਤਾਂ ਉਹਨਾਂ ਦੇ ਚਰਿੱਤਰ ਤੇ ਦਾਗ ਲਗਾਉਣ ਦੇ ਮਕਸਦ ਨਾਲ ਉਹਨਾਂ ਨੂੰ ਇੱਕ ਅਜਿਹੀ ਔਰਤ ਨਾਲ ਜੋੜਨ ਦੀ ਸਕ੍ਰਿਪਟ ਤਿਆਰ ਕੀਤੀ ਗਈ ਹੈ ਜਿਸਨੂੰ ਉਦ ਕਦੇ ਮਿਲੇ ਤਕ ਨਹੀਂ ਹਨ। ਉਹਨਾਂ ਕਿਹਾ ਕਿ ਉਹ 'ਆਪ' ਜਾਂ ਇਸ ਦੇ ਗੁੰਡਿਆਂ ਤੋਂ ਡਰਨ ਵਾਲੇ ਨਹੀਂ ਹਨ ਅਤੇ ਸਿਰਫ਼ ਸੰਗਤ ਨੂੰ ਜਵਾਬਦੇਹ ਹਨ। ਝਿੰਜਰ ਨੇ ਇਸ ਮਾਮਲੇ ਦੀ ਜਾਂਚ ਸੀ. ਬੀ. ਆਈ. ਜਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਕਰਵਾਉਣ ਦੀ ਮੰਗ ਕੀਤੀ।

ਵਿਦਿਆਰਥੀਆਂ ਨਾਲ ਟ੍ਰੈਫਿਕ ਨਿਯਮਾਂ, ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ



ਐਸ ਏ ਐਸ ਨਗਰ, 23 ਸਤੰਬਰ (ਪੈ.ਗਾਮ-ਏ-ਜਗਤ)

ਟ੍ਰੈਫਿਕ ਐਜੂਕੇਸ਼ਨ ਸੈਲ ਅਤੇ ਸਾਂਝ ਕੇਂਦਰ ਸਿਟੀ 1 ਦੇ ਇੰਚਾਰਜ ਏ.ਐਸ.ਆਈ. ਜਨਕ ਰਾਜ ਵੱਲੋਂ ਸਰਕਾਰੀ ਹਾਈ ਸਕੂਲ, ਕੁੰਭੜਾ ਵਿਖੇ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਟ੍ਰੈਫਿਕ ਨਿਯਮਾਂ, ਨਸ਼ਿਆਂ ਦੇ ਮਾੜੇ ਪ੍ਰਭਾਵਾਂ, ਯੁਵਾ ਸਾਂਝ ਅਤੇ ਸਾਂਝ ਕੇਂਦਰਾਂ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਵੱਖ-ਵੱਖ ਸਹੂਲਤਾਂ ਸਬੰਧੀ ਜਾਗਰੂਕਤਾ ਸੈਮੀਨਾਰ ਕੀਤਾ ਗਿਆ। ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਨਾਬਾਲਗ ਉਮਰ ਵਿੱਚ ਬਿਨਾਂ ਡਰਾਈਵਿੰਗ ਲਾਇਸੈਂਸ ਵਾਹਨ ਨਾ ਚਲਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਤੋਂ ਇਲਾਵਾ, ਦੋਪਹੀਆ ਵਾਹਨ ਚਲਾਉਂਦੇ ਸਮੇਂ ਲੜਕਿਆਂ ਅਤੇ ਲੜਕੀਆਂ ਦੋਵਾਂ ਵੱਲੋਂ ਲਾਜ਼ਮੀ ਤੌਰ ਤੇ ਹੈਲਮੈਟ ਪਹਿਨਣ ਅਤੇ ਵਾਹਨ ਚਲਾਉਂਦੇ ਸਮੇਂ ਮੋਬਾਈਲ ਫੋਨ ਦੀ ਵਰਤੋਂ ਨਾ ਕਰਨ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਵਿਦਿਆਰਥੀਆਂ ਨੂੰ ਪੁਲੀਸ ਸਹਾਇਤਾ ਲਈ ਹੈਲਪਲਾਈਨ ਨੰਬਰ 112 ਅਤੇ ਸਾਈਬਰ ਕ੍ਰਾਈਮ ਨਾਲ ਸਬੰਧਤ ਮਾਮਲਿਆਂ ਲਈ 1930 ਤੇ ਸੰਪਰਕ ਕਰਨ ਸਬੰਧੀ ਵੀ ਜਾਗਰੂਕ ਕੀਤਾ ਗਿਆ। ਇਸਦੇ ਇਲਾਵਾ, ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਦਿਆਂ ਇੱਕ ਜ਼ਿੰਮੇਵਾਰ ਅਤੇ ਜਾਗਰੂਕ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ ਗਿਆ।

ਪੰਜਾਬ ਵਿੱਚ ਸੰਗਠਨ ਨੂੰ ਜ਼ਮੀਨੀ ਪੱਧਰ ਤੇ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ ਕਾਂਗਰਸ ਪਾਰਟੀ : ਬਲਜੀਤ ਕੌਰ

ਐਸ ਏ ਐਸ ਨਗਰ, 23 ਸਤੰਬਰ (ਪੈ.ਗਾਮ-ਏ-ਜਗਤ)

ਪੰਜਾਬ ਮਹਿਲਾ ਕਾਂਗਰਸ ਦੀ ਕਾਰਜਕਾਰੀ ਪ੍ਰਧਾਨ ਬਲਜੀਤ ਕੌਰ ਨੇ ਕਿਹਾ ਹੈ ਕਿ ਕਾਂਗਰਸ ਪਾਰਟੀ ਪੰਜਾਬ ਵਿੱਚ ਆਪਣੇ ਸੰਗਠਨ ਨੂੰ ਜ਼ਮੀਨੀ ਪੱਧਰ ਤੇ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਇੱਥੇ ਜਾਰੀ ਬਿਆਨ ਵਿੱਚ ਉਨ੍ਹਾਂ ਕਿਹਾ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਪਾਰਟੀ ਵੱਲੋਂ ਬੂਥ ਪੱਧਰ ਤੱਕ ਸੰਗਠਨ ਨੂੰ ਸਰਗਰਮ ਕਰਨ ਅਤੇ ਵਰਕਰਾਂ ਨਾਲ ਸਿੱਧਾ ਤਾਲਮੇਲ ਵਧਾਉਣ ਤੇ ਜ਼ੋਰ ਦਿੱਤਾ ਜਾ ਰਿਹਾ ਹੈ ਅਤੇ ਕਾਂਗਰਸ ਵੱਲੋਂ ਪਹਿਲਾਂ ਚਲਾਈ ਗਈ 'ਹਰ ਬੂਥ, ਕਾਂਗਰਸ ਮਜ਼ਬੂਤ' ਮੁਹਿੰਮ ਵੀ ਇਸੇ ਸੰਗਠਨਾਤਮਕ ਤਿਆਰੀ ਦਾ ਹਿੱਸਾ ਰਹੀ ਹੈ।



ਉਹਨਾਂ ਕਿਹਾ ਕਿ ਪੰਜਾਬ ਮਾਮਲਿਆਂ ਦੇ ਨਵੇਂ ਇੰਚਾਰਜ ਸਚਿਨ ਪਾਇਲਟ ਵੱਲੋਂ ਜ਼ਿਲ੍ਹਾ ਪ੍ਰਧਾਨਾਂ, ਯੂਥ ਕਾਂਗਰਸ ਅਤੇ ਹੋਰ ਸੰਗਠਨਾਤਮਕ ਅਹੁਦੇਦਾਰਾਂ ਨਾਲ ਸੰਪਰਕ ਕਰਕੇ ਪਾਰਟੀ ਦੀ ਦੂਜੀ ਕਤਾਰ ਦੀ ਲੀਡਰਸ਼ਿਪ ਨੂੰ ਮਜ਼ਬੂਤ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਅਸਲ ਤਾਕਤ ਉਸ ਦਾ ਵਰਕਰ ਹੈ। ਪਿੰਡ, ਵਾਰਡ ਅਤੇ ਬੂਥ ਪੱਧਰ ਤੇ ਜਦੋਂ ਵਰਕਰ ਇਕਜੁੱਟ ਹੋ ਕੇ ਲੋਕਾਂ ਦੇ ਮੁੱਦੇ ਉਠਾਉਂਦੇ ਹਨ ਤਾਂ ਸੰਗਠਨ ਆਪਣੇ ਆਪ ਮਜ਼ਬੂਤ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਮਹਿਲਾ ਕਾਂਗਰਸ ਵੀ ਮਹਿਲਾਵਾਂ ਨੂੰ ਪਾਰਟੀ ਨਾਲ ਜੋੜਨ ਅਤੇ ਉਨ੍ਹਾਂ ਦੀ ਰਾਜਨੀਤਿਕ ਤੇ ਸਮਾਜਿਕ ਭਾਗੀਦਾਰੀ ਵਧਾਉਣ ਲਈ ਆਪਣੀ ਭੂਮਿਕਾ ਨਿਭਾਏਗੀ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕਾਂ ਨਾਲ ਜੁੜੇ ਨਸ਼ਿਆਂ, ਬੇਰੁਜ਼ਗਾਰੀ, ਮਹਿੰਗਾਈ, ਕਾਨੂੰਨ-ਵਿਵਸਥਾ, ਮਹਿਲਾ ਸੁਰੱਖਿਆ, ਸਿੱਖਿਆ, ਸਿਹਤ ਅਤੇ ਕਿਸਾਨਾਂ-ਮਜ਼ਦੂਰਾਂ ਦੇ ਮੁੱਦਿਆਂ ਨੂੰ ਲੋਕਤੰਤਰਿਕ ਢੰਗ ਨਾਲ ਉਠਾਉਣਾ ਵਿਰੋਧੀ ਧਿਰ ਦੀ ਮਹੱਤਵਪੂਰਨ ਜ਼ਿੰਮੇਵਾਰੀ ਹੈ। ਪੰਜਾਬ ਮਹਿਲਾ ਕਾਂਗਰਸ ਦਾ ਯਤਨ ਰਹੇਗਾ ਕਿ ਮਹਿਲਾਵਾਂ ਨਾਲ ਸਬੰਧਤ ਮੁੱਦਿਆਂ ਨੂੰ ਪਿੰਡ ਤੋਂ ਲੈ ਕੇ ਸੂਬਾ ਪੱਧਰ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਉਠਾਇਆ ਜਾਵੇ।

ਉਹਨਾਂ ਕਿਹਾ ਕਿ ਸਾਡਾ ਟੀਚਾ ਸਿਰਫ਼ ਵੱਡੀਆਂ ਰੈਲੀਆਂ ਕਰਨਾ ਨਹੀਂ, ਸਗੋਂ ਹਰ ਬੂਥ ਤੇ ਮਜ਼ਬੂਤ ਸੰਗਠਨ ਖੜ੍ਹਾ ਕਰਨਾ ਅਤੇ ਲੋਕਾਂ ਨਾਲ ਸਿੱਧਾ ਸੰਪਰਕ ਬਣਾਉਣਾ ਹੈ ਅਤੇ ਮਹਿਲਾ ਕਾਂਗਰਸ ਇਸ ਮੁਹਿੰਮ ਵਿੱਚ ਆਪਣੀ ਪੂਰੀ ਜ਼ਿੰਮੇਵਾਰੀ ਨਿਭਾਏਗੀ।

ਅਦਾਰਾ
"ਪੈ.ਗਾਮ-ਏ-ਜਗਤ" ਅਖਬਾਰ ਲਈ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ
ਪੱਤਰਕਾਰਾਂ ਦੀ ਲੋੜ।
Mobile : 9878862733, 9872340701